On our English language New Website
WWW.PREETNEWS.COM
preetnews2020@gmail.com

PREETNAMA
# ਪ੍ਰੀਤਨਾਮਾ
ਖਰਾ ਸੱਚ
ਨਿਊਯਾਰਕ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ
www.preetnama.com

ਸਾਲ 2, ਅੰਕ 71, ਮਿਤੀ : 30 ਸਤੰਬਰ, 2020 ਤੋਂ 06 ਅਕਤੂਬਰ 2020 ਵੈਬਸਾਈਟ : www.preetnama.com ਈਮੇਲ preetnamausa@gmail.com

# ਬਾਬਰੀ ਮਸਜਿਦ ਮਾਮਲੇ 'ਚ ਅਡਵਾਨੀ ਸਮੇਤ ਸਾਰੇ ਮੁਲਜ਼ਮ ਬਰੀ



## ਮੁਸਲਿਮ ਜਥੇਬੰਦੀਆਂ ਸਾਂਝੇ ਤੌਰ 'ਤੇ ਅਗਲੀ ਰਣਨੀਤੀ ਬਾਰੇ ਫ਼ੈਸਲਾ ਕਰਨਗੀਆਂ: ਫਿਰੰਗੀ

ਲਖਨਊ : ਆਲ-ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਸੀਨੀਅਰ ਮੈਂਬਰ ਮੌਲਾਨਾ ਖਾਲਿਦ ਰਸ਼ੀਦ ਫਿਰੰਗੀ ਨੇ ਬੁੱਧਵਾਰ ਨੂੰ ਕਿਹਾ ਹੈ ਕਿ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੀਆਂ ਸੰਸਥਾਵਾਂ ਮਿਲ ਕੇ ਇਹ ਫੈਸਲਾ ਲੈਣਗੀਆਂ ਕਿ ਉਨ੍ਹਾਂ ਨੂੰ ਬਾਬਰੀ ਮਸਜਿਦ ਢਾਹੁਣ ਦੇ ਮਾਮਲੇ ਵਿੱਚ ਸੀਬੀਆਈ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦੇਣੀ ਹੈ ਜਾਂ ਨਹੀਂ। ਉਨ੍ਹਾਂ ਦੇ ਭਾਜਪਾ ਨੇਤਾਵਾਂ ਸਣੇ ਸਾਰੇ 32 ਮੁਲਜ਼ਮਾਂ ਦੇ ਬਰੀ ਹੋਣ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ, "ਮੇਰੇ ਕੋਲ ਇਸ ਫੈਸਲੇ 'ਤੇ ਕੁਝ ਕਹਿਣ ਦੀ ਜ਼ਰੂਰਤ ਨਹੀਂ ਹੈ। ਹਰ ਕੋਈ ਜਾਣਦਾ ਹੈ ਕਿ 6 ਦਸੰਬਰ 1992 ਨੂੰ ਅਯੁੱਧਿਆ ਵਿੱਚ ਬਾਬਰੀ ਮਸਜਿਦ ਕਿਵੇਂ ਢਾਹੀ ਗਈ।"

ਨਵੀਂ ਦਿੱਲੀ :ਬਾਬਰੀ ਮਸਜਿਦ ਕੇਸ 'ਚ ਸਾਰੇ ਮੁਲਜ਼ਮ ਬਰੀ ਹੋ ਗਏ ਹਨ। ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਇਹ ਫੈਸਲਾ ਸੁਣਾਇਆ ਹੈ। ਅਯੁੱਧਿਆ 'ਚ 6 ਦਸੰਬਰ 1992 ਨੂੰ ਬਾਬਰੀ ਮਸਜਿਦ ਦਾ ਵਿਵਾਦਿਤ ਢਾਂਚਾ ਢਾਹੇ ਜਾਣ ਦੇ ਮਾਮਲੇ 'ਤੇ ਅੱਜ ਫੈਸਲਾ ਆਇਆ ਹੈ। ਉੱਧਰ ਇਸ ਫੈਸਲੇ ਤੋਂ ਪਹਿਲਾਂ ਅਯੁੱਧਿਆ ਸਮੇਤ ਸਮੁੱਚੇ ਉੱਤਰ ਪ੍ਰਦੇਸ਼ 'ਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਸੀ। ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੇ ਜੱਜ ਐੱਸ ਕੇ ਯਾਦਵ ਨੇ 32 ਦੋਸ਼ੀਆਂ ਦੇ ਸਾਹਮਣੇ ਫੈਸਲਾ ਸੁਣਾਇਆ। ਹਾਲਾਂਕਿ ਕਈ ਦੋਸ਼ੀ ਵੀਡੀਓ ਕਾਨਫ੍ਰੰਸਿੰਗ ਦੇ ਰਾਹੀਂ ਅਦਾਲਤ 'ਚ ਆਪਣੀ ਹਾਜ਼ਰੀ ਦਰਜ ਕਰਵਾਉਣ ਗਏ ਪਰ ਇਸ 'ਚੋਂ ਕੁਝ ਨਿੱਜੀ ਤੌਰ 'ਤੇ ਅਦਾਲਤ 'ਚ ਮੌਜੂਦ ਹੋਏ। ਭਾਜਪਾ ਦੇ ਸੀਨੀਅਰ ਨੇਤਾ ਲਾਲਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਕਲਿਆਣ ਸਿੰਘ, ਉਮਾ ਭਾਰਤੀ ਸਮੇਤ ਕੁੱਲ 32 ਲੋਕ ਇਸ 'ਚ ਮੁਲਜ਼ਮ ਸਨ। ਬਾਬਰੀ ਮਾਮਲੇ 'ਚ ਕੁੱਲ 49 ਲੋਕਾਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਹੋਈ ਸੀ, ਇਸ 'ਚੋਂ 17 ਦਾ ਦਿਹਾਂਤ ਹੋ ਚੁੱਕਾ ਸੀ।

**28 ਸਾਲ ਬਾਅਦ ਆਇਆ ਫੈਸਲਾ**

ਕਰੀਬ 28 ਸਾਲ ਦੇ ਲੰਬੇ ਸਮੇਂ ਤੋਂ ਬਾਅਦ ਆਉਣ ਵਾਲੇ ਇਤਿਹਾਸਕ ਫੈਸਲੇ ਦੀ ਸੰਵੇਦਨਸ਼ੀਲਤਾ ਦੇ ਮੱਦੇਨਜ਼ਰ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਸਨ। ਨੇਪਾਲ ਸੀਮਾ ਸਮੇਤ ਸਾਰੇ ਜ਼ਿਲਿਆਂ 'ਚ ਸੁਰੱਖਿਆ ਫੋਰਸ ਨੂੰ ਹਾਈ ਅਲਰਟ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਗਏ ਸਨ। ਇਸ ਮੌਕੇ 'ਤੇ ਰਾਮ ਦੀ ਨਗਰੀ ਅਯੁੱਧਿਆ 'ਚ ਸੁਰੱਖਿਆ ਫੋਰਸ ਦੀ ਤਿੱਖੀ ਨਜ਼ਰ ਸੀ। ਜਿਥੇ ਫੈਸਲੇ ਦੇ ਸਮੇਂ ਕੁਝ ਮੁਲਜ਼ਮ ਮੌਜੂਦ ਸਨ।

ਦੋਸ਼ੀਆਂ ਦੇ ਵਕੀਲਾਂ ਸਮੇਤ ਸਾਬਕਾ ਉੱਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਅਤੇ ਸਾਬਕਾ ਕੇਂਦਰੀ ਮੰਤਰੀ ਡਾ. ਮੁਰਲੀ ਮਨੋਹਰ ਜੋਸ਼ੀ ਦੀ ਉਮਰ ਦਾ ਲਿਹਾਜ਼ ਕਰਦੇ ਹੋਏ ਅਦਾਲਤ 'ਚ ਨਿੱਜੀ ਤੌਰ 'ਤੇ ਹਾਜ਼ਿਰ ਰਹਿਣ ਦੀ ਛੋਟ ਦਿੱਤੀ ਗਈ ਸੀ। ਉਨ੍ਹਾਂ ਨੇ ਵੀਡੀਓ ਕਾਨਫ੍ਰੰਸਿੰਗ ਰਾਹੀਂ ਆਪਣੀ ਮੌਜੂਦਗੀ ਅਦਾਲਤ 'ਚ ਦਰਜ ਕਰਵਾਈ। ਇਸ ਦੌਰਾਨ ਉਨ੍ਹਾਂ ਦੀ ਰਿਹਾਇਸ਼ ਦੇ ਬਾਹਰ ਪੁਲਿਸ ਤਾਇਨਾਤ ਸੀ। ਇਸ ਤਰ੍ਹਾਂ ਕੋਰੋਨਾ ਇਨਫੈਕਸ਼ਨ ਤੋਂ ਪ੍ਰਭਾਵਿਤ ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ, ਯੂਪੀ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਦੇ ਇਲਾਵਾ ਕੋਰੋਨਾ ਤੋਂ ਉਭਰਨ ਦੇ ਬਾਵਜੂਦ ਲਗਾਤਾਰ ਆਕਸੀਜਨ 'ਤੇ ਚੱਲ ਰਹੇ ਸਨ। ਮਹੰਤ ਗੋਪਾਲ ਦਾਸ ਅਦਾਲਤ 'ਚ ਹਾਜ਼ਿਰ ਨਹੀਂ ਹੋਏ। ਮਾਮਲੇ ਦੇ ਮੁਲਜ਼ਮ ਪ੍ਰਧਾਨ ਸਮੇਤ ਕੁਝ ਦੋਸ਼ੀਆਂ ਨੂੰ ਵੀ ਬਿਮਾਰੀ ਦੇ ਕਾਰਨ ਅਦਾਲਤ 'ਚ ਮੌਜੂਦ ਰਹਿਣ ਤੋਂ ਛੋਟ ਪ੍ਰਦਾਨ ਕੀਤੀ ਗਈ ਸੀ।


**ਬਰੀ ਹੋਣ 'ਤੇ ਅਡਵਾਨੀ ਨੇ ਲਾਏ 'ਜੈ ਸ਼੍ਰੀ ਰਾਮ' ਦੇ ਨਾਅਰੇ**

ਫੈਸਲੇ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਪ੍ਰਤੀਕਰਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਅਦਾਲਤ ਦਾ ਅੱਜ ਦਾ ਫ਼ੈਸਲਾ ਬਹੁਤ ਮਹੱਤਵਪੂਰਨ ਹੈ, ਜਦੋਂ ਉਨ੍ਹਾਂ ਨੇ ਇਹ ਖ਼ਬਰ ਸੁਣੀ ਤਾਂ ਉਨ੍ਹਾਂ ਜੈ ਸ੍ਰੀ ਰਾਮ ਕਹਿ ਕੇ ਇਸ ਦਾ ਸਵਾਗਤ ਕੀਤਾ। ਅਡਵਾਨੀ ਨੇ ਕਿਹਾ ਕਿ ਮੈਂ ਬਾਬਰੀ ਮਸਜਿਦ ਢਾਹੁਣ ਮਾਮਲੇ ਵਿੱਚ ਵਿਸ਼ੇਸ਼ ਅਦਾਲਤ ਦੇ ਫੈਸਲੇ ਦਾ ਪੂਰੇ ਦਿਲ ਨਾਲ ਸਵਾਗਤ ਕਰਦਾ ਹਾਂ। ਇਹ ਫੈਸਲਾ ਮੇਰੀ ਨਿੱਜੀ ਅਤੇ ਭਾਜਪਾ ਦੀ ਰਾਮ ਜਨਮ ਭੂਮੀ ਲਹਿਰ ਪ੍ਰਤੀ ਵਿਸ਼ਵਾਸ ਅਤੇ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਦੇ ਬਾਬਰੀ ਢਾਹੇ ਜਾਣ ਦੇ ਮਾਮਲੇ ਵਿਚ ਬਰੀ ਹੋਣ ਤੋਂ ਬਾਅਦ ਉਸ ਦੇ ਘਰ ਵਿਚ ਖੁਸ਼ੀ ਦਾ ਮਾਹੌਲ ਹੈ। ਮਠਿਆਈਆਂ ਵੰਡੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਮੁਰਲੀ ?ਮਨੋਹਰ ਜੋਸ਼ੀ ਨੇ ਕਿਹਾ ਕਿ ਅੱਜ ਸਾਰਾ ਦੇਸ਼ ਖੁਸ਼ ਹੈ। ਅਦਾਲਤ ਦੇ ਫੈਸਲੇ ਤੋਂ ਬਾਅਦ ਬਿਆਨ ਜਾਰੀ ਕਰਨ ਤੋਂ ਬਾਅਦ ਅਡਵਾਨੀ ਨੇ ਕਿਹਾ ਕਿ ਦੇਸ਼ ਦੇ ਬਾਕੀ ਲੋਕਾਂ ਦੇ ਨਾਲ, ਮੈਂ ਵੀ ਸੁੰਦਰ ਰਾਮ ਮੰਦਰ ਦੇ ਪੂਰੀ ਤਰ੍ਹਾਂ ਨਿਰਮਾਣ ਦੇ ਇੰਤਜ਼ਾਰ ਵਿਚ ਹਾਂ।

# ਅਯੁੱਧਿਆ: ਬਾਬਰੀ ਮਸਜਿਦ ਢਹਿ-ਢੇਰੀ ਮਾਮਲੇ ਵਿੱਚ ਕਦੋਂ ਕੀ ਹੋਇਆ

ਅਯੁਧਿਆ : 6 ਦਸੰਬਰ, 1992 ਨੂੰ 16ਵੀਂ ਸਦੀ ਦੀ ਬਣੀ ਬਾਬਰੀ ਮਸਜਿਦ ਨੂੰ ਕਾਰਸੇਵਕਾਂ ਦੀ ਭੀੜ ਨੇ ਢਹਿ-ਢੇਰੀ ਕਰ ਦਿੱਤਾ, ਜਿਸ ਨੂੰ ਲੈ ਕੇ ਦੇਸ ਭਰ ਵਿੱਚ ਫਿਰਕੂ ਤਣਾਅ ਵਧਿਆ, ਹਿੰਸਾ ਹੋਈ ਅਤੇ ਹਜ਼ਾਰਾਂ ਲੋਕ ਇਸ ਹਿੰਸਾ ਦੀ ਬਲੀ ਚੜ੍ਹ ਗਏ। ਬਾਬਰੀ ਮਸਜਿਦ ਢਾਹੁਣ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਪੀਵੀ ਨਰਸਿਮਹਾ ਰਾਓ ਨੇ ਮਸਜਿਦ ਨੂੰ ਦੁਬਾਰਾ ਤਾਮੀਲ ਕਰਨ ਦਾ ਐਲਾਨ ਕੀਤਾ। ਦਸ ਦਿਨਾਂ ਬਾਅਦ ਮਸਜਿਦ ਢਾਹੁਣ ਦੀ ਘਟਨਾ ਅਤੇ ਉਸ ਦੇ ਪਿੱਛੇ ਕਥਿਤ ਸਾਜਿਸ਼ ਦੀ ਜਾਂਚ ਲਈ ਜਸਟਿਸ ਐੱਮਐੱਸ ਲਿਬ੍ਰਾਹਨ ਦੀ ਅਗਵਾਈ ਵਿੱਚ ਇੱਕ ਜਾਂਚ ਕਮਿਸ਼ਨ ਦਾ ਗਠਨ ਕੀਤਾ। ਜਾਂਚ ਕਮਿਸ਼ਨ ਨੇ 17 ਸਾਲਾਂ ਬਾਅਦ ਆਪਣੀ ਰਿਪੋਰਟ ਪੇਸ਼ ਕੀਤੀ ਪਰ ਅਦਾਲਤ ਵਿੱਚ ਇਸ ਮਾਮਲੇ ਵਿੱਚ ਫੈਸਲਾ ਆਉਣ ਵਿੱਚ ਇੰਨਾ ਲੰਬਾ ਸਮਾਂ ਲੱਗ ਗਿਆ ਕਿ ਉਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਉਸ ਜਗ੍ਹਾ 'ਤੇ ਹੀ ਮੰਦਰ ਬਣਾਉਣ ਦਾ ਫ਼ੈਸਲਾ ਵੀ ਦੇ ਦਿੱਤਾ ਅਤੇ ਮੰਦਰ ਉਸਾਰੀ ਦੀਆਂ ਕੋਸ਼ਿਸ਼ਾਂ ਵੀ ਸ਼ੁਰੂ ਹੋ ਗਈਆਂ।

6 ਦਸੰਬਰ, 1992 ਨੂੰ ਅਯੁੱਧਿਆ ਵਿੱਚ ਕਈ ਦਿਨਾਂ ਤੋਂ ਕਾਰਸੇਵਾ ਲਈ ਡਟੇ ਕਾਰਸੇਵਕਾਂ ਨੇ ਵਿਵਾਦਿਤ ਢਾਂਚੇ ਨੂੰ ਢਾਹ ਦਿੱਤਾ ਅਤੇ ਉੱਥੇ ਇੱਕ ਅਸਥਾਈ ਮੰਦਰ ਬਣਾ ਦਿੱਤਾ। ਉਸੇ ਦਿਨ ਇਸ ਮਾਮਲੇ ਵਿੱਚ ਦੋ ਐੱਫ਼ਆਈਆਰ ਦਰਜ ਕੀਤੀਆਂ ਗਈਆਂ।




ਪਹਿਲੀ ਐੱਫ਼ਆਈਆਰ ਨੰਬਰ 197/1992 ਉਨ੍ਹਾਂ ਸਾਰੇ ਕਾਰਸੇਵਕਾਂ ਖਿਲਾਫ਼ ਦਰਜ ਕੀਤੀ ਗਈ ਸੀ ਜਿਨ੍ਹਾਂ 'ਤੇ ਲੁੱਟਮਾਰ, ਡਾਕਾ, ਜ਼ਖਮੀ ਕਰਨ, ਜਨਤਕ ਪੂਜਾ ਦੀ ਜਗ੍ਹਾ ਨੂੰ ਨੁਕਸਾਨ ਪਹੁੰਚਾਉਣ ਅਤੇ ਧਰਮ ਦੇ ਅਧਾਰ 'ਤੇ ਦੋਹਾਂ ਸਮੂਹਾਂ ਵਿੱਚ ਦੁਸ਼ਮਣੀ ਵਧਾਉਣ ਦੇ ਇਲਜ਼ਾਮ ਲਗਾਏ ਗਏ ਸਨ। ਦੂਜੀ ਐੱਫ਼ਆਈਆਰ 198/1992 ਵਿੱਚ ਭਾਜਪਾ, ਵਿਸ਼ਵ ਹਿੰਦੂ ਪਰਿਸ਼ਦ, ਬਜਰੰਗ ਦਲ ਅਤੇ ਆਰਐੱਸਐੱਸ ਨਾਲ ਸਬੰਧਤ 8 ਵਿਅਕਤੀਆਂ ਵਿਰੁੱਧ ਸੀ, ਜਿਨ੍ਹਾਂ ਨੇ ਕਥਿਤ ਤੌਰ 'ਤੇ ਰਾਮਕਥਾ ਪਾਰਕ ਵਿੱਚ ਸਟੇਜ ਤੋਂ ਕਥਿਤ ਤੌਰ 'ਤੇ ਭੜਕਾਊ ਭਾਸ਼ਨ ਦਿੱਤਾ ਸੀ। ਐੱਫ਼ਆਈਆਰ ਵਿੱਚ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ, ਵੀਐੱਚਪੀ ਦੇ ਜਨਰਲ ਸੱਕਤਰ ਅਸ਼ੋਕ ਸਿੰਘਲ, ਬਜਰੰਗ ਦਲ ਦੇ ਆਗੂ ਵਿਨੇ ਕਟਿਆਰ, ਊਮਾ ਭਾਰਤੀ, ਸਾਧਵੀ ਰਿਤੰਮਭਰਾ, ਮੁਰਲੀ ਮਨੋਹਰ ਜੋਸ਼ੀ, ਗਿਰੀਰਾਜ ਕਿਸ਼ੋਰ ਅਤੇ ਵਿਸ਼ਨੂੰ ਹਰੀ ਡਾਲਮੀਆ ਨਾਮਜ਼ਦ ਕੀਤੇ ਗਏ ਸਨ।

(ਬਾਕੀ ਸਫਾ 22 'ਤੇ ਦੇਖੋ)

# ਅਕਾਲੀ-ਭਾਜਪਾ ਗਠਜੋੜ ਟੁੱਟਣ ’ਤੇ ਕੀ ਬੋਲੇ ਪੰਜਾਬ ਦੇ ਭਾਜਪਾ ਆਗੂ









ਚੰਡੀਗੜ੍ਹ : ਅਕਾਲੀ ਦਲ ਵੱਲੋਂ ਭਾਜਪਾ ਨਾਲ ਗਠਜੋੜ ਤੋੜਨ ’ਤੇ ਭਾਜਪਾ ਦੇ ਨਵੇਂ ਜਨਰਲ ਸਕੱਤਰ ਬਣੇ ਤਰੁਣ ਚੁੱਘ ਨੇ ਕਿਹਾ ਹੈ ਕਿ ਜੋ ਜਾਣਾ ਚਾਹੁੰਦਾ ਉਹ ਉਸਦਾ ਕੰਮ ਹੈ ਪਰ ਉਨ੍ਹਾਂ ਦੀ ਪਾਰਟੀ ਕਿਸਾਨਾਂ ਬਾਰੇ ਕੋਈ ਸਮਝੌਤਾ ਨਹੀਂ ਕਰਨਗੇ ਤੇ ਅਸੀਂ ਕਿਸਾਨਾਂ ਨਾਲ ਖੜ੍ਹੇ ਹਨ। ਸ਼ਨੀਵਾਰ ਰਾਤ ਨੂੰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਖੇਤੀ ਬਿਲਾਂ ’ਤੇ ਅਕਾਲੀ ਦਲ ਭਾਜਪਾ ਦਾ ਸਾਥ ਛੱਡ ਕੇ ਐੱਨਡੀਏ ਤੋਂ ਬਾਹਰ ਆ ਗਿਆ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੀ ਕੋਰ ਕਮੇਟੀ ਨੇ ਸਰਬ ਸਹਿਮਤੀ ਨਾਲ ਐੱਨਡੀਏ ਤੋਂ ਵੱਖ ਹੋਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪਹਿਲਾਂ ਅਕਾਲੀ ਦਲ ਨੇ ਇਸ ਬਿੱਲ ਦੀ ਹਮਾਇਤ ਕੀਤੀ ਸੀ ਪਰ ਬਾਅਦ ਵਿੱਚ ਕਿਸਾਨਾਂ ਦੇ ਵਧਦੇ ਰੋਸ ਕਾਰਨ ਅਕਾਲੀ ਦਲ ਨੇ ਇਸ ਬਿੱਲ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ।

### ਜੋ ਛੱਡਣਾ ਚਾਹੁੰਦਾ ਹੈ, ਉਹ ਉਸ ਦਾ ਕੰਮ ਹੈ - ਤਰੁਣ ਚੁੱਘ

ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਨਾਲ ਬੀਬੀਸੀ ਪੱਤਰਕਾਰ ਪ੍ਰਿਅੰਕਾ ਧੀਮਾਨ ਨੇ ਗੱਲਬਾਤ ਕੀਤੀ।

ਜਦੋਂ ਤਰੁਣ ਚੁੱਘ ਨੂੰ ਪੁੱਛਿਆ ਕਿ, ਕੀ ਕਿਸਾਨ ਦਾ ਮੁੱਦਾ ਹੀ ਹੈ ਜਿਸ ਕਰਕੇ ਗਠਜੋੜ ਟੁੱਟਿਆ, ਤਾਂ ਉਨ੍ਹਾਂ ਕਿਹਾ, “ਕਿਸਾਨਾਂ ਸਾਡੇ ਲਈ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ ਇਸ ਲਈ ਅਸੀਂ ਕੋਈ ਸਮਝੌਤਾ ਨਹੀਂ ਕਰ ਸਕਦੇ ਹਾਂ। ਜੇ ਕੋਈ ਛੱਡਣਾ ਚਾਹੇ ਤਾਂ ਉਹ ਉਨ੍ਹਾਂ ਦਾ ਕੰਮ ਹੈ ਪਰ ਅਸੀਂ ਕਿਸਾਨਾਂ ਨਾਲ ਖੜ੍ਹੇ ਹਾਂ।”

ਬੀਤੇ ਕੁਝ ਦਿਨਾਂ ਤੋਂ ਸੁਖਬੀਰ ਬਾਦਲ ਲਗਾਤਾਰ ਕੇਂਦਰ ਸਰਕਾਰ ’ਤੇ ਬਿੱਲਾਂ ਬਾਰੇ ਚਰਚਾ ਨਾ ਕਰਨ ਦਾ ਇਲਜ਼ਾਮ ਲਗਾ ਰਹੇ ਹਨ। ਇਸ ਬਾਰੇ ਤਰੁਣ ਚੁੱਘ ਕਹਿੰਦੇ, “ ਉਨ੍ਹਾਂ ਦੇ ਮਨ ਵਿੱਚ ਸ਼ੰਕਾ ਸੀ ਕਿ ਐੱਮਐੱਸਪੀ ਰਹੇਗਾ ਜਾਂ ਨਹੀਂ ਉਹ ਅਸੀਂ ਦੂਰ ਕੀਤਾ। ਉਨ੍ਹਾਂ ਦੇ ਮਨ ਵਿੱਚ ਸ਼ੰਸ਼ਾ ਸੀ ਕਿ ਲਿਖ ਦੇ ਦਿਓ, ਅਸੀਂ ਲਿਖ ਕੇ ਦਿੱਤਾ।”

“ਉਨ੍ਹਾਂ ਨੇ ਕਿਹਾ ਕਿ ਲੋਕ ਸਭਾ ਵਿੱਚ ਖੜ੍ਹੇ ਹੋ ਕੇ ਕਹੋ ਅਸੀਂ ਲੋਕ ਸਭਾ ਵਿੱਚ ਕਹਿ ਦਿੱਤਾ ਕਿ ਐੱਮਐੱਸਪੀ ਖਤਮ ਨਹੀਂ ਹੋਵੇਗੀ ਤੇ ਮੰਡੀਆਂ ਖ਼ਤਮ ਨਹੀਂ ਹੋਣਗੀਆਂ। ਅਸੀਂ ਉਸ ਸਟੈਂਡ ’ਤੇ ਕਾਇਮ ਹਾਂ।” ਪਰ ਜਦੋਂ ਕੇਂਦਰੀ ਵਜ਼ਾਰਤ ਵਿੱਚ ਮੰਤਰੀ ਰਹੇ ਹਰਸਿਮਰਤ ਬਾਦਲ ਦੇ ਸ਼ੰਕਿਆਂ ਬਾਰੇ ਪੁੱਛਿਆ ਤਾਂ ਉਹ ਕਹਿੰਦੇ, “ਮੇਰੀ ਵੱਡੀ ਭੈਣ ਹਰਸਿਮਰਤ ਕੌਰ ਬਾਦਲ ਉਸ ਕੈਬਨਿਟ ਦਾ ਹਿੱਸਾ ਸਨ ਜਿਸ ਵਿੱਚ ਇਹ ਬਿੱਲ ਪੇਸ਼ ਹੋਏ ਸਨ ਤੇ ਉਸ ਗਠਜੋੜ ਦਾ ਵੀ ਹਿੱਸਾ ਸਨ ਜਿੰਨੇ ਸ਼ੰਸ਼ੇ ਪੁੱਛੇ ਸੀ ਤੇ ਅਸੀਂ ਦੂਰ ਕੀਤਾ ਸੀ।” ਕੀ ਪਹਿਲਾਂ ਬਿਲਾਂ ਨੂੰ ਬਿਨਾਂ ਪੜ੍ਹੇ ਸਿਫ਼ਤਾਂ ਕੀਤੀਆਂ-ਮਨੋਰੰਜਨ ਕਾਲੀਆ

ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਨੇ ਬੀਬੀਸੀ ਪੱਤਰਕਾਰ ਅਰਵਿੰਦ ਛਾਬੜਾ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਹਿਲਾਂ ਤਾਂ ਅਕਾਲੀ ਦਲ ਖੇਤੀਬਾੜੀ ਬਿਲਾਂ ਦੀ ਸਿਫਤ ਕਰਦਾ ਸੀ ਤੇ ਹੁਣ ਯੂ-ਟਰਨ ਲੈ ਲਿਆ ਹੈ। ਅਸਲ ਵਿੱਚ ਮਨੋਰੰਜਨ ਕਾਲੀਆ ਨੂੰ ਪੁੱਛਿਆ ਗਿਆ ਸੀ ਕਿ ਅਕਾਲੀ ਦਲ ਕਹਿੰਦਾ ਹੈ ਕਿ ਉਨ੍ਹਾਂ ਨੂੰ ਆਰਡੀਨੈਂਸ ਬਾਰੇ ਪੁੱਛਿਆ ਨਹੀਂ ਗਿਆ ਸੀ।

ਇਸ ਬਾਰੇ ਮਨੋਰੰਜਨ ਕਾਲੀਆ ਨੇ ਕਿਹਾ, “ਪਹਿਲਾਂ ਤਾਂ ਸੁਖਬੀਰ ਬਾਦਲ ਨੇ ਖੇਤੀ ਆਰਡੀਨੈਂਸਾਂ ਦੀ ਬਹੁਤ ਤਾਰੀਫ ਕੀਤੀ ਸੀ। ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਸੀਨੀਅਰ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਵੀ ਖੇਤੀ ਬਿਲਾਂ ਦੀ ਸ਼ਲਾਘਾ ਕੀਤੀ ਸੀ।”

“ਦੋਹਾਂ ਪਾਰਟੀਆਂ ਦੀਆਂ ਕੋਰ ਕਮੇਟੀਆਂ ਦੀ ਮੀਟਿੰਗ ਹੋਈ ਸੀ। ਅਕਾਲੀ ਦਲ ਨੂੰ ਕੇਵਲ ਐੱਮਐੱਸਪੀ ਦਾ ਸ਼ੰਕਾ ਸੀ ਜਿਸ ਬਾਰੇ ਨਰਿੰਦਰ ਸਿੰਘ ਤੋਮਰ ਵੱਲੋਂ ਲਿਖਤੀ ਭਰੋਸਾ ਦਿੱਤਾ ਗਿਆ ਸੀ।” “ਜੇ ਅਕਾਲੀ ਦਲ ਦੀ ਗੱਲ ਮੰਨ ਵੀ ਲਈਏ ਤਾਂ ਇਸ ਦਾ ਮਤਲਬ ਹੈ ਕਿ ਉਨ੍ਹਾਂ ਨੇ ਪਹਿਲਾਂ ਬਿਨਾਂ ਪੜ੍ਹੇ ਹੀ ਸਿਫ਼ਤਾਂ ਕੀਤੀਆਂ ਹਨ, ਇਹ ਕਿਵੇਂ ਹੋ ਸਕਦਾ ਹੈ।”

ਮਨੋਰੰਜਨ ਕਾਲੀਆ ਨੂੰ ਜਦੋਂ ਸੂਬੇ ਵਿੱਚ ਇਕੱਲੇ ਚੋਣ ਲੜਨ ਵਾਸਤੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਭਾਜਪਾ 117 ਸੀਟਾਂ ’ਤੇ ਚੋਣ ਲੜਨ ਦੇ ਕਾਬਿਲ ਹੈ। ਹਰਿਆਣਾ ਵਿੱਚ ਵੀ ਪਹਿਲਾਂ ਕਮਜ਼ੋਰ ਯੂਨੀਟ ਸੀ ਪਰ ਹੁਣ ਉੱਥੇ ਭਾਜਪਾ ਦੀ ਸਰਕਾਰ ਹੈ ਇਸ ਲਈ ਪੰਜਾਬ ਵਿੱਚ ਵੀ ਕਮਲ ਜ਼ਰੂਰ ਖਿੜੇਗਾ।

### ਸ਼੍ਰੋਮਣੀ ਅਕਾਲੀ ਦਲ ਆਪਣੀ ਜ਼ਮੀਨ ਤਲਾਸ਼ ਰਿਹਾ ਹੈ-ਇਕਬਾਲ ਸਿੰਘ ਲਾਲਪੁਰਾ

ਲਾਲਪੁਰਾ ਅਕਾਲੀ ਦਲ ਵੱਲੋਂ ਖੇਤੀ ਬਿੱਲਾਂ ਦੇ ਕਿਸਾਨ ਵਿਰੋਧੀ ਹੋਣ ਦੀ ਦਲੀਲ ਦੇ ਕੇ ਗਠਜੋੜ ਤੋੜਨ ਦੇ ਸਵਾਲ ’ਤੇ ਬੋਲੇ।

ਲਾਲਪੁਰਾ ਨੇ ਕਿਹਾ, “ਖੇਤੀ ਬਿੱਲਾਂ ਦੀ ਇਹ ਜੂਨ ਮਹੀਨੇ ਵਿੱਚ ਤਾਂ ਹਿਮਾਇਤ ਕਰ ਰਹੇ ਸਨ, ਹੁਣ ਕੀ ਹੋ ਗਿਆ। ਸਭ ਨੂੰ ਆਜ਼ਾਦੀ ਹੈ, ਕੋਈ ਵੀ ਸਿਆਸੀ ਗਠਜੋੜ ਤੋੜ ਜਾਂ ਜੋੜ ਸਕਦਾ ਹੈ।”

“ਅਸਲ ਵਿੱਚ ਇਨ੍ਹਾਂ ਦੀਆਂ ਆਪਣੀਆਂ ਸਿਆਸੀ ਮਜਬੂਰੀਆਂ ਹਨ। ਇਹ ਜ਼ਮੀਨ ਤਲਾਸ਼ਣ ਦੀ ਕੋਸ਼ਿਸ਼ ਕਰ ਰਹੇ ਹਨ। ਐਸਜੀਪੀਸੀ ਦੀ ਬਦਇੰਤਜ਼ਾਮੀ ਹੋਵੇ ਜਾਂ ਬੇਅਦਬੀਆਂ ਦਾ ਮੁੱਦਾ, ਇਹ ਆਪਣੀ ਜ਼ਮੀਨ ਤਲਾਸ਼ ਦੇ ਰਹੇ ਹਨ।”

ਕੇਂਦਰੀ ਵਜ਼ਾਰਤ ਤੋਂ ਅਸਤੀਫਾ ਦੇਣ ਮਗਰੋਂ ਹਰਸਿਮਰਤ ਕੌਰ ਬਾਦਲ ਇਹ ਕਹਿੰਦੇ ਨਜ਼ਰ ਆਏ ਕਿ ਭਾਜਪਾ-ਅਕਾਲੀ ਗਠਜੋੜ ਤਾਂ ਪੰਜਾਬ ਤੇ ਸਿੱਖਾਂ ਦੀ ਖੁਸ਼ਹਾਲੀ ਲਈ ਬਣਿਆ ਸੀ।

ਇਸ ਗੱਲ ਦੇ ਜਵਾਬ ਵਿੱਚ ਲਾਲਪੁਰਾ ਕਹਿੰਦੇ ਹਨ, “ਸਿੱਖ ਭਾਈਚਾਰਾ ਭਾਜਪਾ ਤੋਂ ਵੱਖਰਾ ਨਹੀਂ ਹੈ। ਇਦਾਂ ਤਾਂ ਹੈ ਨਹੀਂ ਕਿ ਇੱਕ ਸ਼ਖਸ ਜਾਂ ਪਾਰਟੀ ਹੀ ਸਿੱਖਾਂ ਦੀ ਨੁਮਾਇੰਦਗੀ। ਸਿੱਖ ਹਰ ਪਾਰਟੀ ਵਿੱਚ ਹਨ ਨਾ ਕਿ ਕਿਸੇ ਇੱਕ ਪਾਰਟੀ ਦਾ ਹਿੱਸਾ ਹਨ।” ਕੀ ਭਾਜਪਾ ਅਕਾਲੀ ਦਲ ਅਤੇ ਕਿਸਾਨਾਂ ਨੂੰ ਸਮਝਾ ਨਹੀਂ ਪਾਈ? ਇਸ ਦੇ ਜਵਾਬ ਵਿੱਚ ਲਾਲਪੁਰਾ ਕਹਿੰਦੇ ਕਿ ਇਹ ਸਾਡੇ ਲਈ ਨਹੀਂ ਅਕਾਲੀਆਂ ਲਈ ਸਵਾਲ ਹੈ, ਉਨ੍ਹਾਂ ਨੇ ਗਠਜੋੜ ਤੋੜਿਆ ਹੈ ਉਹੀ ਜਾਣਨ। ਉਹ ਅੱਗੇ ਕਹਿੰਦੇ ਹਨ, “ਮੋਦੀ ਨੇ ਕਾਲੀ ਸੂਚੀ ਖ਼ਤਮ ਕੀਤੀ, ਦਿੱਲੀ ਦੇ ਦੰਗਿਆਂ ਦੇ ਮਾਮਲੇ ਵਿੱਚ ਸਜ਼ਾਵਾਂ ਹੋਈਆਂ। ਇਹ ਸਭ ਕੁਝ ਮੋਦੀ ਦੇ ਸਮੇਂ ਵਿੱਚ ਹੋਇਆ। ਮੋਦੀ ਤਾਂ ਸਾਥ ਦੇਣਾ ਚਾਹੀਦਾ ਹੈ।” “ਖੇਤੀ ਬਿੱਲਾਂ ਦੀ ਗੱਲ ਹੈ ਤਾਂ ਇਹ ਇੱਕ ਨਵੀਂ ਸੜਕ ਬਣਾ ਰਹੇ ਹਾਂ ਅਤੇ ਪੁਰਾਣੀ ਵੀ ਕਾਇਮ ਹੈ। ਕਿਸਾਨ ਕੋਲ ਤਾਂ ਦੂਜਾ ਬਦਲ ਵੀ ਹੈ ਹੁਣ।” ਅਕਾਲੀ ਦਲ ਦੇ ਨੇਤਾ ਇਹ ਕਹਿੰਦੇ ਨਜ਼ਰ ਆਏ ਕਿ ਐੱਨਡੀਏ ਦਾ ਹਿੱਸਾ ਹੋਣ ਦੇ ਬਾਵਜੂਦ ਪੀਐੱਮ ਮੋਦੀ ਵੱਲੋਂ ਅਕਾਲੀਆਂ ਨੂੰ ਮਿਲਣ ਦਾ ਸਮਾਂ ਤੱਕ ਨਹੀਂ ਦਿੱਤਾ ਜਾਂਦਾ ਸੀ।

ਲਾਲਪੁਰਾ ਕਹਿੰਦੇ ਹਨ ਕਿ ਹਰਸਿਮਰਤ ਕੌਰ ਬਾਦਲ ਕੈਬਨਿਟ ਦੀ ਹਰ ਮੀਟਿੰਗ ਵਿੱਚ ਮੌਜੂਦ ਰਹਿੰਦੇ ਸਨ। ਉਹ ਅੱਗੇ ਕਹਿੰਦੇ ਹਨ, ਅਕਾਲੀ ਦਲ ਦੇ ਪ੍ਰਧਾਨ ਨੂੰ ਹਰ ਐੱਨਡੀਏ ਦੀ ਹਰ ਮੀਟਿੰਗ ਵਿੱਚ ਸ਼ਾਮਲ ਕੀਤਾ ਜਾਂਦਾ ਸੀ। ਮੋਦੀ ਜੀ ਹਰ ਸਾਥੀ ਨੂੰ ਸਤਕਾਰ ਤੇ ਪੂਰਾ ਸਮਾਂ ਦਿੰਦੇ ਹ। ਜੇ ਕੋਈ ਨਿੱਜ ਸਵਾਰਥ ਤੱਕ ਸੀਮਤ ਹੋ ਜਾਵੇ ਤਾਂ ਕੀ ਕਹਿ ਸਕਦੇ ਹਾਂ। ਇਨ੍ਹਾਂ ਨੂੰ ਪੁੱਛੋ ਕਿ ਇਨ੍ਹਾਂ ਨੇ ਪੰਜਾਬ ਅਤੇ ਸਿੱਖ ਸਮੱਸਿਆਵਾਂ ਲਈ ਕੀ ਕੀਤਾ। ਜਦੋ ਇਹ ਇੰਨੇ ਸਾਲ ਪਾਵਰ ’ਚ ਰਹੇ ਉਨ੍ਹਾਂ ਦੀਆਂ ਨੀਤੀਆਂ ਕੀ ਰਹੀਆਂ।”

ਜਦੋਂ ਕਿਸਾਨ ਸੜਕਾਂ ਉੱਤੇ ਉਤਰੇ ਤਾਂ ਖੇਤੀਬਾੜੀ ਮੰਤਰੀ ਸਣੇ ਪ੍ਰਧਾਨ ਮੰਤਰੀ ਨੂੰ ਵੀ ਸਾਹਮਣੇ ਆਉਣਾ ਪਿਆ। ਪੀਐੱਮ ਨੇ ਕਿਹਾ ਕਿ ਭਾਜਪਾ ਕਾਰਕੁਨ ਪਿੰਡ ਪਿੰਡ ਜਾ ਕੇ ਕਿਸਾਨਾਂ ਨਾਲ ਬੈਠਕਾਂ ਕਰਨ ਅਤੇ ਖੇਤੀਬਾੜੀ ਬਿੱਲਾਂ ਬਾਰੇ ਉਨ੍ਹਾਂ ਦੇ ਸ਼ੰਕੇ ਦੂਰ ਕਰਨ।

ਕਿਸਾਨਾਂ ਕੋਲ ਜਾਣ ਲਈ ਕੀ ਰਣਨੀਤੀ ਬਣਾਈ ਜਾ ਰਹੀ ਹੈ ਇਸ ਸਵਾਲ ਦੇ ਜਵਾਬ ਵਿੱਚ ਲਾਲਪੁਰਾ ਕਹਿੰਦੇ ਹਨ ਕਿ ਅਸੀਂ ਆਪ ਕਿਸਾਨ ਹਾਂ ਅਤੇ ਕਿਸਾਨਾਂ ਵਿੱਚ ਆਪਹੀ ਬੈਠੇ ਹਾਂ। ਅਸੀਂ ਪਿੰਡਾਂ ਵਿੱਚ ਹੀ ਹਾਂ। “ਸੜਕਾਂ ਰੋਕਣੀਆਂ ਠੀਕ ਨਹੀਂ। ਕੋਈ ਹੋਰ ਰੋਕੇ ਤਾਂ ਸਰਕਾਰ ਪਰਚਾ ਦੇ ਦਿੰਦੀ ਹੈ ਇਹ ਕਹਿ ਕੇ ਕਿ ਕੋਰੋਨਾ ਹੈ। ਹੁਣਸਰਕਾਰ ਆਪ ਹੀ ਧਰਨਾ ਦੇ ਰਹੀ। ਤੁਸੀਂ ਸਮਾਂ ਲਵੋ, ਪੀਐਮ ਨੂੰ ਮਿਲੋ, ਆਪਣੀਆਂ ਸੰਕਾਵਾਂ ਦੂਰ ਕਰੋ ਅਤੇ ਡਰ ਪੈਦਾ ਨਾ ਕਰੋ।”

# ਖੇਤੀ ਬਿੱਲਾਂ ’ਤੇ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋੜਿਆ, ਸੁਖਬੀਰ ਨੇ ਤੋੜ-ਵਿਛੋੜੇ ਦੇ ਇਹ ਕਾਰਨ ਦੱਸੇ

ਚੰਡੀਗੜ੍ਹ : ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਖੇਤੀ ਬਿਲਾਂ ’ਤੇ ਅਕਾਲੀ ਦਲ ਭਾਜਪਾ ਦਾ ਸਾਥ ਛੱਡ ਕੇ ਐੱਨਡੀਏ ਤੋਂ ਬਾਹਰ ਆ ਗਿਆ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੀ ਕੋਰ ਕਮੇਟੀ ਨੇ ਸਰਬ ਸਹਿਮਤੀ ਨਾਲ ਐੱਨਡੀਏ ਤੋਂ ਵੱਖ ਹੋਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪਹਿਲਾਂ ਅਕਾਲੀ ਦਲ ਨੇ ਇਸ ਬਿੱਲ ਦੀ ਹਮਾਇਤ ਕੀਤੀ ਸੀ ਪਰ ਬਾਅਦ ਵਿੱਚ ਕਿਸਾਨਾਂ ਦੇ ਵਧਦੇ ਰੋਸ ਕਾਰਨ ਅਕਾਲੀ ਦਲ ਨੇ ਇਸ ਬਿੱਲ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਸੁਖਬੀਰ ਬਾਦਲ ਨੇ ਕਿਹਾ, ਜਿਸ ਪਾਰਟੀ ਅਕਾਲੀ ਦਲ ਨੇ ਪੂਰੀ ਜ਼ਿੰਦਗੀ ਕਿਸਾਨੀ ਲਈ ਲਗਾ ਦਿੱਤੀ, ਉਸੇ ਨੂੰ ਖੇਤੀ ਆਰਡੀਨੈਂਸ ਲਿਆਉਣ ਵੇਲੇ ਨਹੀਂ ਪੁੱਛਿਆ ਗਿਆ। ਸਾਨੂੰ ਪੁੱਛਿਆ ਜਾਣਾ ਚਾਹੀਦਾ ਸੀ ਪਰ ਸਾਡੇ ਨਾਲ ਕੋਈ ਗੱਲ ਨਹੀਂ ਹੋਈ। ਫਿਰ ਜਦੋਂ ਕੈਬਨਿਟ ਵਿੱਚ ਇਹ ਆਰਡੀਨੈਂਸ ਲਿਆਂਦੇ ਗਏ ਤਾਂ ਵੀ ਹਰਸਿਮਰਤ ਕੌਰ ਬਾਦਲ ਨੇ ਕੇਂਦਰ ਮੰਤਰੀ ਵਜੋਂ ਕਈ ਵਾਰ ਬਿਲਾਂ ਨੂੰ ਕਿਸਾਨਾਂ ਦੀਆਂ ਭਾਵਨਾਵਾਂ ਅਨੁਸਾਰ ਬਦਲਣ ਲਿਆ ਕਿਹਾ ਪਰ ਸਾਡੀ ਗੱਲ ਨਹੀਂ ਮੰਨੀ ਗਈ। ਫਿਰ ਤੁਹਾਨੂੰ ਪਤਾ ਹੈ ਕਿ ਖੇਤੀ ਬਿਲਾਂ ਨੂੰ ਲੋਕ ਸਭਾ ਵਿੱਚ ਲਿਆਂਦਾ ਗਿਆ ਤੇ ਪਾਸ ਕਰਵਾਇਆ ਗਿਆ ਤੇ ਰਾਜ ਸਭਾ ਵਿੱਚ ਵਿੱਚ ਵੀ ਪਾਸ ਕਰਵਾ ਲਿਆ ਗਿਆ। ਸ਼੍ਰੋਮਣੀ ਅਕਾਲੀ ਦਲ ਭਾਵੇਂ ਉਸ ਵੇਲੇ ਸਰਕਾਰ ਦਾ ਹਿੱਸਾ ਸੀ ਪਰ ਉਸੇ ਵੇਲੇ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ। ਉਸੇ ਵੇਲੇ ਮੈਂ ਕਿਹਾ ਸੀ ਕਿ ਅਗਲਾ ਫੈਸਲਾ ਅਸੀਂ ਆਪਣੇ ਵਰਕਰਾਂ ਤੇ ਪੰਜਾਬ ਦੇ ਲੋਕਾਂ ਨੂੰ ਪੁੱਛ ਕੇ ਲਵਾਂਗੇ। ਬੀਤੇ ਦਿਨਾਂ ਵਿੱਚ ਮੈਂ ਆਪਣੇ ਵਰਕਰਾਂ ਤੇ ਪਾਰਟੀ ਦੀ ਲੀਡਰਸ਼ਿਪ ਨਾਲ ਗੱਲ ਕੀਤੀ। ਹੁਣ ਪਾਰਟੀ ਦੀ ਲੀਡਰਸ਼ਿਪ ਨੇ ਫੈਸਲਾ ਲਿਆ ਕਿ ਜਿਸ ਪਾਰਟੀ ਨੇ, ਜਿਸ ਐੱਨਡੀਏ ਨੇ ਇਹ ਕਿਸਾਨ ਵਿਰੋਧੀ ਤੇ ਪੰਜਾਬ ਵਿਰੋਧੀ ਬਿਲ ਲਿਆਏ ਹਨ ਅਸੀਂ ਉਨ੍ਹਾਂ ਦੇ ਨਾਲ ਨਹੀਂ ਰਹਿ ਸਕਦੇ ਹਾਂ। ਸੁਖਬੀਰ ਬਾਦਲ ਨੇ ਅੱਗੇ ਕਿਹਾ, ਅਸੀਂ ਬੇਨਤੀ ਕੀਤੀ ਕਿ ਜੰਮੂ-ਕਸ਼ਮੀਰ ਨਾਲ ਦਾ ਸੂਬਾ ਹੈ ਉੱਥੇ ਪੰਜਾਬੀ ਨੂੰ ਆਫੀਸ਼ੀਅਲ ਭਾਸ਼ਾ ਦਾ ਦਰਜਾ ਮਿਲਣਾ ਚਾਹੀਦਾ ਹੈ। ਪਰ ਉਹ ਸਾਡੀ ਗੱਲ ਨਹੀਂ ਮੰਨੀ ਗਈ। ‘ਭਾਜਪਾ ਛੱਡਣਾ ਅਕਾਲੀ ਦਲ ਦੀ ਸਿਆਸੀ ਮਜਬੂਰੀ ਸੀ’ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਵੱਲੋਂ ਭਾਜਪਾ ਦਾ ਸਾਥ ਛੱਡਣ ਨੂੰ ਕੋਈ ਨੈਤਿਕ ਤੌਰ ’ਤੇ ਲਿਆ ਫ਼ੈਸਲਾ ਨਹੀਂ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲਾ ਲੈਣਾ ਅਕਾਲੀ ਦਲ ਦੀ ਸਿਆਸੀ ਮਜਬੂਰੀ ਸੀ। ਕੈਪਟਨ ਅਮਰਿੰਦਰ ਨੇ ਕਿਹਾ, “ਜਦੋਂ ਭਾਜਪਾ ਨੇ ਅਕਾਲੀਆਂ ਨੂੰ ਕਿਸਾਨਾਂ ਨੂੰ ਸਮਝਾਉਣ ਵਿੱਚ ਨਾਕਾਮ ਰਹਿਣ ਦਾ ਜ਼ਿੰਮੇਵਾਰ ਕਰਾਰ ਦਿੱਤਾ ਤਾਂ ਅਕਾਲੀ ਦਲ ਕੋਲ ਹੋਰ ਕੋਈ ਰਾਹ ਨਹੀਂ ਬੱਚਿਆ ਸੀ।”


# ਸਿੱਖ ਪੁਲਿਸ ਅਫਸਰਾਂ ਨਾਲ ਵਿਤਕਰੇ ਦਾ ਫੈਸਲਾ ਗਲਤ ਕਰਾਰ ਦਿੱਤਾ ਪ੍ਰਧਾਨ ਮੰਤਰੀ ਟਰੂਡੋ ਨੇ

ਸਰੀ, : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਰਸੀਐਮਪੀ ਵੱਲੋਂ ਸਿੱਖ ਅਤੇ ਮੁਸਲਿਮ ਪੁਲਿਸ ਅਫਸਰਾਂ ਨੂੰ ਦਾੜ੍ਹੀ ਕਾਰਨ ਫਰੰਟ ਲਾਈਨ ਤੋਂ ਹਟਾਉਣ ਦੀ ਕਾਰਵਾਈ ਤੇ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ ਹੈ ਕਿ ਆਰ.ਸੀ.ਐੱਮ.ਪੀ. ਵੱਲੋਂ ਅਜਿਹਾ ਫੈਸਲਾ ਨਹੀਂ ਸੀ ਲਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਮੈਨੂੰ ਇਸ ਦਾ ਬੜਾ ਦੁੱਖ ਹੋਇਆ ਹੈ ਅਤੇ ਆਸ ਹੈ ਕਿ ਆਰ.ਸੀ.ਐੱਮ.ਪੀ. ਇਸ ਵਿਚ ਸੋਧ ਕਰੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿਹਤ ਅਤੇ ਸੁਰੱਖਿਆ ਸਬੰਧੀ ਰੈਗੂਲੇਸ਼ਨ ਬੇਹੱਦ ਜ਼ਰੂਰੀ ਹਨ ਅਤੇ ਦੇਸ਼ ਦੀਆਂ ਸਾਰੀਆਂ ਕੰਮ ਵਾਲੀਆਂ ਥਾਵਾਂ ’ਤੇ ਇਸ ਦੀ ਪਾਲਣਾ ਹੋਣੀ ਚਾਹੀਦੀ ਹੈ ਅਤੇ ਬਹੁਤ ਸਾਰੀਆਂ ਸੰਸਥਾਵਾਂ ਕਰਮਚਾਰੀ ਨਾਲ ਬਿਨਾਂ ਕੋਈ ਪੱਖਪਾਤ ਕੀਤੇ ਸਿਹਤ ਨਿਰਦੇਸ਼ਾਂ ਦੀ ਪਾਲਣਾ ਸਫਲਤਾ ਨਾਲ ਕਰ ਰਹੀਆਂ ਹਨ। ਪਰ ਆਰਸੀਐਮਪੀ ਦੇ ਇਸ ਫੈਸਲੇ ਬਾਰੇ ਸੁਣ ਕੇ ਉਨ੍ਹਾਂ ਨੂੰ ਬਹੁਤ ਨਿਰਾਸ਼ਾ ਹੋਈ ਹੈ ਕਿਉਂਕਿ ਕਈ ਹੋਰ ਪੁਲਿਸ ਫੋਰਸਿਜ਼ ਅਤੇ ਸੰਗਠਨਾਂ ਵਿਚ ਅਜਿਹਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜ਼ਰੂਰਤ ਇਹ ਹੈ ਕਿ ਸੁਰੱਖਿਆ ਦੇ ਮਿਆਰਾਂ ਨੂੰ ਬਰਕਰਾਰ ਰੱਖਣ ਸਮੇਂ ਕਿਸੇ ਵਿਅਕਤੀ ਵਿਸ਼ੇਸ਼ ਨਾਲ ਉਸ ਦੇ ਧਰਮ ਕਾਰਨ ਵਿਤਕਰਾ ਨਾ ਹੋਵੇ। ਪਬਲਿਕ ਸੇਫਟੀ ਮੰਤਰੀ ਬਿਲ ਬਲੇਅਰ ਨੇ ਵੀ ਇਸ ਨੀਤੀ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਸ ਨੂੰ ਬਦਲਣ ਦੀ ਜ਼ਰੂਰਤ ਹੈ। ਉਨ੍ਹਾਂ ਦੇ ਦਫਤਰ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸਾਰੇ ਅਧਿਕਾਰੀਆਂ ਨੂੰ ਆਪਣੀ ਨਿਹਚਾ ਦੀ ਪਾਲਣਾ ਕਰਦਿਆਂ ਭਾਈਚਾਰੇ ਦੀ ਸੇਵਾ ਕਰਨ ਲਈ ਬਰਾਬਰ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਧਰਮ ਦੇ ਆਧਾਰ ਤੇ ਵਿਤਕਰੇ ਦਾ ਅਨੁਭਵ ਨਹੀਂ ਹੋਣਾ ਚਾਹੀਦਾ। ਆਰਸੀਐਮਪੀ ਨੂੰ ਚਾਹੀਦਾ ਹੈ ਕਿ ਸਿੱਖ ਅਧਿਕਾਰੀਆਂ ਨੂੰ ਸਮੇਂ ਸਿਰ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ ਮੁਹੱਈਆ ਕਰਵਾਏ ਜਾਣ। ਉਨ੍ਹਾਂ ਇਹ ਮਾਮਲਾ ਆਰਸੀਐਮਪੀ ਕੋਲ ਉਠਾਇਆ ਹੈ ਅਤੇ ਉਮੀਦ ਕੀਤੀ ਹੈ ਕਿ ਇਸ ਨੂੰ ਜਲਦੀ ਤੋਂ ਜਲਦੀ ਠੀਕ ਕੀਤਾ ਜਾਵੇਗਾ। ਬੀ.ਸੀ. ਦੇ ਸੂਬਾਈ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਵੀ ਸਪੱਸ਼ਟ ਕੀਤਾ ਹੈ ਕਿ ਜ਼ਿਆਦਾਤਰ ਲਾਅ ਇਨਫੋਰਸਮੈਂਟ ਅਫਸਰਾਂ ਲਈ ਐਨ 95 ਕਿਸਮ ਦੇ ਮਾਸਕ ਪਹਿਨਣ ਦੀ ਲੋੜ ਨਹੀਂ। ਵੈਨਕੂਵਰ ਪੁਲਿਸ ਵਿਭਾਗ ਅਜਿਹਾ ਨਹੀਂ ਹੈ ਅਤੇ ਨਾ ਹੀ ਟੋਰਾਂਟੋ, ਕੈਲਗਰੀ ਅਤੇ ਮਾਂਟਰੀਅਲ ਵਿਚ ਪੁਲਿਸ ਫੋਰਸਿਜ਼ ਦੀ ਅਜਿਹੀਆਂ ਨੀਤੀਆਂ ਹਨ। ਪਰ ਆਰਸੀਐਮਪੀ ਦਾ ਕਹਿਣਾ ਹੈ ਕਿ ਇਹ ਹੋਰ ਪੁਲਿਸ ਬਲਾਂ ਨਾਲੋਂ ਵੱਖਰਾ ਹੈ ਕਿਉਂਕਿ ਇਹ ਕੈਨੇਡਾ ਲੇਬਰ ਕੋਡ ਅਤੇ ਕੈਨੇਡਾ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨਜ਼ ਦੀ ਪਾਲਣਾ ਕਰਨ ਲਈ ਪਾਬੰਦ ਹੈ, ਜਿਸ ਨੂੰ ਐਨ 95 ਦੇ ਮਾਸਕ ਦੀ ਸਹੀ ਵਰਤੋਂ ਲਈ ਸਾਫ਼ ਚਿਹਰੇ ਦੀ ਜ਼ਰੂਰਤ ਹੈ।

# ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਪਰਾਲੀ ਸਾੜਨ ਦੀ ਰੋਕਥਾਮ ਲਈ 8000 ਨੋਡਲ ਅਫਸਰ ਨਿਯੁਕਤ

ਚੰਡੀਗੜ੍ਹ : ਸਾਉਣੀ ਸੀਜਨ ਵਿਚ ਪਰਾਲੀ ਸਾੜੇ ਜਾਣ ਨੂੰ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਤਹਿਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਪੰਜਾਬ ਸਰਕਾਰ ਨੇ ਸੂਬਾ ਭਰ ਵਿਚ ਝੋਨੇ ਦਾ ਉਤਪਾਦਨ ਕਰਨ ਵਾਲੇ ਪਿੰਡਾਂ ਲਈ 8000 ਨੋਡਲ ਅਫਸਰ ਨਿਯੁਕਤ ਕੀਤੇ ਹਨ। ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਦੇ ਨਿਪਟਾਰੇ ਲਈ ਕਿਸਾਨਾਂ ਨੂੰ 23500 ਹੋਰ ਮਸ਼ੀਨਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ ਹੈ ਕਿਉਂ ਜੋ ਇਸ ਨਾਲ ਪ੍ਰਦੂਸ਼ਣ ਫੈਲਣ ਦੇ ਨਾਲ-ਨਾਲ ਕੋਵਿਡ ਦੀ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ। ਕੋਵਿਡ ਦੀ ਮਹਾਂਮਾਰੀ ਦੇ ਮੱਦੇਨਜ਼ਰ ਪਰਾਲੀ ਨਾ ਸਾੜੇ ਜਾਣ ਲਈ ਕਿਸਾਨਾਂ ਦੇ ਸਹਿਯੋਗ ਦੀ ਮੰਗ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮਾਹਿਰ ਪਹਿਲਾਂ ਹੀ ਸਾਵਧਾਨ ਕਰ ਚੁੱਕੇ ਹਨ ਕਿ ਇਸ ਨਾਲ ਫੇਫੜਿਆਂ ਅਤੇ ਹੋਰ ਬਿਮਾਰੀਆਂ ਨਾਲ ਪਹਿਲਾਂ ਹੀ ਜੂਝ ਰਹੇ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਕਈ ਵਾਰ ਇਹ ਮੰਗ ਉਠਾਈ ਹੈ ਕਿ ਪਰਾਲੀ ਦਾ ਨਿਪਟਾਰਾ ਕਰਨ ਉਪਰ ਆਉਂਦੇ ਖਰਚੇ ਦੀ ਭਰਪਾਈ ਕੀਤੀ ਜਾਵੇ। ਪੰਜਾਬ ਸਰਕਾਰ ਵਲੋਂ ਕਿਸਾਨਾਂ ਅਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਡੇ ਪੱਧਰ ਉਤੇ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸੇ ਤਰ੍ਹਾਂ ਸੂਬਾ ਸਰਕਾਰ ਨੇ ਭਾਰਤ ਸਰਕਾਰ ਪਾਸੋਂ ਮੰਗ ਕੀਤੀ ਕਿ ਕਿਸਾਨਾਂ ਨੂੰ 100 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਉਹ ਪਰਾਲੀ ਨੂੰ ਅੱਗ ਲਾਏ ਬਿਨਾਂ ਇਸ ਨੂੰ ਨਿਪਟਾ ਸਕਣ। ਇਹ ਨੋਡਲ ਅਫਸਰ 15 ਨਵੰਬਰ ਤੱਕ ਪਿੰਡਾਂ ਵਿਚ ਆਪਣੀ ਡਿਊਟੀ ਨਿਭਾਉਣਗੇ ਅਤੇ ਸਹਿਕਾਰਤਾ, ਮਾਲ, ਪੇਂਡੂ ਵਿਕਾਸ ਤੇ ਪੰਚਾਇਤ, ਖੇਤੀਬਾੜੀ, ਬਾਗ਼ਬਾਨੀ ਅਤੇ ਭੌਂ ਸੁਰੱਖਿਆ ਵਿਭਾਗਾਂ ਦੇ ਨਾਲ-ਨਾਲ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਗਾਰਡੀਅਨਜ਼ ਆਫ ਗਵਰਨੈਂਸ ਨਾਲ ਮਿਲ ਕੇ ਕੰਮ ਕਰਨਗੇ। ਮੋਬਾਈਲ ਐਪ ਨਾਲ ਲੈਸ ਇਹ ਅਫਸਰ ਜ਼ਮੀਨ ਠੇਕੇ ਉਤੇ ਦੇਣ ਵਾਲਿਆਂ ਦੀ ਸੂਚੀ ਤਿਆਰ ਕਰਨਗੇ ਅਤੇ ਹਰੇਕ ਜ਼ਮੀਨ ਮਾਲਕ ਨੂੰ ਫੋਨ ਉਤੇ ਸਾਵਧਾਨ ਕਰਨਗੇ ਕਿ ਜੇਕਰ ਉਸ ਨੇ ਪਰਾਲੀ ਨਾ ਸਾੜੇ ਜਾਣ ਨੂੰ ਯਕੀਨੀ ਬਣਾਉਣ ਲਈ ਕੋਈ ਕਦਮ ਨਾ ਚੁੱਕਿਆ ਤਾਂ ਉਸ ਦੇ ਮਾਲ ਰਿਕਾਰਡ ਵਿਚ ਲਾਲ ਅੱਖਰਾਂ (ਰੈੱਡ ਐਂਟਰੀ) ਨਾਲ ਇੰਦਰਾਜ ਕੀਤਾ ਜਾਵੇਗਾ। ਇਹ ਨੋਡਲ ਅਧਿਕਾਰੀ ਪਰਾਲੀ ਦੇ ਨਿਪਟਾਰੇ ਦੀਆਂ ਮਸ਼ੀਨਾਂ ਦੇ ਪ੍ਰਦਰਸ਼ਨ ਰਾਹੀਂ ਪਿੰਡਾਂ ਵਿਚ ਜਾਗਰੂਕਤਾ ਪੈਦਾ ਕਰਨਗੇ। ਇਸੇ ਤਰ੍ਹਾਂ ਇਹ ਅਧਿਕਾਰੀ ਪੈਂਫਲੈਂਟ ਵੰਡਣ, ਗੁਰਦੁਆਰਿਆਂ ਜਾਂ ਹੋਰ ਤਰੀਕਿਆਂ ਰਾਹੀਂ ਹੋਕੇ ਦਿਵਾਉਣ, ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਦੇ ਸਕੂਲਾਂ ਕੋਲ ਪਹੁੰਚ ਕਰਕੇ ਲੈਕਚਰ ਕਰਵਾਉਣਗੇ ਤਾਂ ਕਿ ਵਿਦਿਆਰਥੀ ਅੱਗੇ ਆਪਣੇ ਮਾਪਿਆਂ ਤੇ ਪਿੰਡ ਦੇ ਹੋਰ ਕਿਸਾਨਾਂ ਨੂੰ ਜਾਗਰੂਕ ਕਰ ਸਕਣ। ਖੇਤੀਬਾੜੀ ਵਿਭਾਗ ਨੇ ਕਿਸਾਨਾਂ ਲਈ ਬਣਾਏ ਗਏ ਕਾਲ ਸੈਂਟਰ ਉਤੇ ਸਮਰਪਿਤ ਟੀਮ ਤਾਇਨਾਤ ਕੀਤੀ ਹੈ ਜੋ ਟੋਲ ਫਰੀ ਨੰਬਰ 1800-180-1551 ਰਾਹੀਂ ਪਰਾਲੀ ਦੇ ਨਿਪਟਾਰੇ ਲਈ ਖੇਤੀ ਮਸ਼ੀਨਰੀ ਬਾਰੇ ਕਿਸਾਨਾਂ ਦੇ ਸਵਾਲਾਂ ਤੇ ਸ਼ੰਕਿਆਂ ਦਾ ਫੌਰੀ ਨਿਵਾਰਨ ਕਰੇਗੀ।

# ਜਦੋਂ ਮਨਮੋਹਨ ਸਿੰਘ ਨੂੰ ਪੀਐੱਮ ਦਾ ਫੋਨ ਆਇਆ ਕਿ ਮੈਂ ਤੁਹਾਨੂੰ ਵਿੱਤ ਮੰਤਰੀ ਬਣਾਉਣਾ ਚਾਹੁੰਦਾ ਹਾਂ





## ਮਨਮੋਹਨ ਸਿੰਘ ਬਾਰੇ ਹੋਰ ਜਾਣਕਾਰੀ

- ☛ ਅਰਥ ਸ਼ਾਸਤਰ ਦੀ ਦੁਨੀਆਂ ਵਿੱਚ ਉਨ੍ਹਾਂ ਦਾ ਦੁਨੀਆਂ ਭਰ ਵਿੱਚ ਨਾਮ ਰਿਹਾ ਹੈ।
- ☛ ਪਾਕਿਸਤਾਨ ਵਿੱਚ ਰਹਿ ਗਏ ਗਾਹ ਨਾਮ ਦੇ ਕਸਬੇ 'ਚ ਪੈਦਾ ਹੋਏ ਸਨ ਮਨਮੋਹਨ ਸਿੰਘ।
- ☛ ਉਹ ਔਕਸਫੋਰਡ ਯੂਨੀਵਰਸਿਟੀ ਤੋਂ ਡਾਕਟਰੇਟ ਲੈਣ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੜ੍ਹਾਉਣ ਲੱਗੇ।
- ☛ ਸੰਯੁਕਤ ਰਾਸ਼ਟਰ ਨਾਲ ਕੰਮ ਕੀਤਾ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਰਹੇ
- ☛ ਵਿਸ਼ਵ ਪੱਧਰ ਉੱਤੇ ਉਨ੍ਹਾਂ ਦੀ ਅਮਰੀਕਾ ਨਾਲ ਨਿਊਕਲੀਅਰ ਐਨਰਜੀ ਡੀਲ ਵੇਲੇ ਸਾਖ ਨਜ਼ਰ ਆਈ।
- ☛ ਉਨ੍ਹਾਂ ਪਿੱਛੇ ਪਰਿਵਾਰ ਵਿੱਚ ਉਨ੍ਹਾਂ ਦੇ ਪਤਨੀ ਗੁਰਸ਼ਰਨ ਕੌਰ ਹਨ ਅਤੇ ਤਿੰਨ ਧੀਆਂ।
- ☛ ਮਨਮੋਹਨ ਸਿੰਘ ਸਾਲ 2004 ਤੋਂ 2014 ਤੱਕ ਭਾਰਤ ਦੇ ਪ੍ਰਧਾਨ ਮੰਤਰੀ ਰਹੇ।

ਚੰਡੀਗੜ੍ਹ : ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਅੱਜ 89ਵਾਂ ਜਨਮਦਿਨ ਹੈ। ਉਹ ਜਵਾਹਰਲਾਲ ਨਹਿਰੂ ਤੇ ਇੰਦਰਾ ਗਾਂਧੀ ਤੋਂ ਬਾਅਦ ਸਭ ਤੋਂ ਵੱਧ ਸਮੇਂ ਲਈ ਭਾਰਤ ਦੇ ਪ੍ਰਦਾਨ ਮੰਤਰੀ ਰਹੇ।ਪਰ ਮਨਮੋਹਨ ਸਿੰਘ ਸਿਆਸਤਦਾਨ ਨਹੀਂ, ਇੱਕ ਅਰਥਸ਼ਾਸਤਰੀ ਸਨ।ਉਨ੍ਹਾਂ ਨੂੰ ਰਾਜਨੀਤੀ ਵਿੱਚ ਲਿਆਉਣ ਦਾ ਕ੍ਰੈਡਿਟ ਸਾਬਕਾ ਪ੍ਰਧਾਨ ਮੰਤਰੀ ਪੀ ਵੀ ਨਰਸਿਮਹਾ ਰਾਓ ਨੂੰ ਜਾਂਦਾ ਹੈ।

**ਮਨਮੋਹਨ ਸਿੰਘ ਦੀ ਨਰਸਿਮਹਾ ਰਾਓ ਵੱਲੋਂ ਖੋਜ**

ਵਿਨੈ ਸੀਤਾਪਤੀ ਆਪਣੀ ਕਿਤਾਬ "ਹਾਫ ਲਾਇਨ- ਹਾਊ ਪੀਵੀ ਨਰਸਿਮਹਾ ਰਾਓ ਟਰਾਂਸਫੋਰਮਡ ਇੰਡੀਆ" ਵਿੱਚ ਲਿਖਦੇ ਹਨ ਕਿ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੀ ਭਾਰਤ ਅਤੇ ਕਾਂਗਰਸ ਲਈ ਅਹਿਮ ਖੋਜ ਸੀ ਡਾ. ਮਨਮੋਹਨ ਸਿੰਘ ਦੀ।ਵਿਨੈ ਸੀਤਾਪਤੀ ਬੀਬੀਸੀ ਪੱਤਰਕਾਰ ਰੇਹਾਨ ਫਜ਼ਲ ਨੂੰ ਦੱਸਿਆ ਸੀ, "ਜਦੋਂ ਨਰਸਿਮਹਾ ਰਾਓ 1991 ਵਿੱਚ ਪ੍ਰਧਾਨ ਮੰਤਰੀ ਬਣੇ ਤਾਂ ਉਹ ਕਈ ਮਹਿਕਮਿਆਂ ਦੇ ਮਾਹਿਰ ਸਨ। ਉਨ੍ਹਾਂ ਸਿਹਤ, ਸਿੱਖਿਆ ਅਤੇ ਵਿਦੇਸ਼ ਮੰਤਰਾਲਾ ਵੀ ਦੇਖ ਲਿਆ ਸੀ। ਉਨ੍ਹਾਂ ਦਾ ਇੱਕ ਵਿਭਾਗ ਵਿੱਤ ਹੱਥ ਤੰਗ ਸੀ, ਉਹ ਸੀ ਵਿੱਤ ਮੰਤਰਾਲਾ। "ਸੀਤਾਪਤੀ ਅੱਗੇ ਕਹਿੰਦੇ ਹਨ ਕਿ ਨਰਸਿਮਹਾ ਰਾਓ ਨੂੰ ਇੱਕ ਚਿਹਰਾ ਚਾਹੀਦਾ ਸੀ ਜੋ ਆਈਐੱਮਐੱਫ ਅਤੇ ਘਰੇਲੂ ਵਿਰੋਧੀਆ ਨੂੰ ਇਹ ਯਕੀਨ ਦਿਵਾ ਸਕੇ ਕਿ ਭਾਰਤ ਹੁਣ ਪੁਰਾਣੇ ਤਰੀਕੇ ਨਾਲ ਨਹੀਂ ਚੱਲੇਗਾ।ਸੀਤਾਪਤੀ ਮੁਤਾਬਕ, "ਨਰਸਿਮਹਾ ਰਾਓ ਨੇ ਆਪਣੇ ਸਲਾਹਕਾਰ ਪੀਸੀ ਅਲੈਗਜ਼ੈਂਡਰ ਨੂੰ ਪੁੱਛਿਆ ਕਿ ਕੀ ਤੁਸੀਂ ਵਿੱਤ ਮੰਤਰੀ ਲਈ ਕਿਸੇ ਅਜਿਹੇ ਸ਼ਖਸ ਦਾ ਨਾਂ ਸੁਝਾ ਸਕਦੇ ਹੋ ਜਿਸ ਦੀ ਕੌਮਾਂਤਰੀ ਪੱਧਰ 'ਤੇ ਛਾਪ ਹੋਵੇ।""""ਅਲੈਗਜ਼ੈਂਡਰ ਨੇ ਉਨ੍ਹਾਂ ਨੂੰ ਰਿਜ਼ਰਵ ਬੈਂਕ ਦੇ ਗਵਨਰ ਰਹਿ ਚੁੱਕੇ ਅਤੇ ਲੰਡਨ ਸਕੂਲ ਆਫ ਇਕਨੌਮਿਕਸ ਦੇ ਡਾਇਰੈਕਟਰ ਆਈਜੀ ਪਟੇਲ ਦਾ ਨਾਂ ਸੁਝਾਇਆ। "ਸੀਤਾਪਤੀ ਅੱਗੇ ਕਹਿੰਦੇ ਕਿ ਪਟੇਲ ਦਿੱਲੀ ਨਹੀਂ ਆਉਣਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਦੀ ਮਾਂ ਬਿਮਾਰ ਸਨ ਅਤੇ ਉਹ ਵਡੋਦਰਾ ਵਿੱਚ ਰਹਿ ਰਹੇ ਸਨ। ਫਿਰ ਅਲੈਗਜੈਂਡਰ ਨੇ ਮਨਮੋਹਨ ਸਿੰਘ ਦਾ ਨਾਂ ਲਿਆ।ਸੀਤਾਪਤੀ ਮੁਤਾਬਕ, "ਅਲੈਗਜ਼ੈਂਡਰ ਨੇ ਸਹੁੰ ਚੁੱਕ ਸਮਾਗਮ ਦੇ ਇੱਕ ਦਿਨ ਪਹਿਲਾਂ ਮਨਮੋਹਨ ਸਿੰਘ ਨੂੰ ਫੋਨ ਕੀਤਾ। ਉਹ ਸਮੇਂ ਸੋ ਰਹੇ ਸਨ ਕਿਉਂਕਿ ਕੁਝ ਘੰਟੇ ਪਹਿਲਾਂ ਵਿਦੇਸ਼ ਤੋਂ ਪਰਤੇ ਸਨ। ਜਦੋਂ ਉਨ੍ਹਾਂ ਨੂੰ ਉਠਾ ਕੇ ਦੱਸਿਆ ਗਿਆ ਤਾਂ ਉਨ੍ਹਾਂ ਨੂੰ ਵਿਸ਼ਵਾਸ਼ ਨਹੀਂ ਹੋਇਆ।" "ਅਗਲੇ ਦਿਨ ਸਹੁੰ ਚੁੱਕ ਸਮਾਗਮ ਤੋਂ ਤਿੰਨ ਘੰਟੇ ਪਹਿਲਾਂ ਮਨਮੋਹਨ ਸਿੰਘ ਦੇ ਕੋਲ ਯੂਜੀਸੀ ਦੇ ਦਫਤਰ ਵਿਚ ਫੋਨ ਆਇਆ ਕਿ ਮੈਂ ਤੁਹਾਨੂੰ ਆਪਣਾ ਵਿੱਤ ਮੰਤਰੀ ਬਣਾਉਣਾ ਚਾਹੁੰਦਾ ਹਾਂ। "ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਨਰਸਿਮਹਾ ਰਾਓ ਨੇ ਮਨਮੋਹਨ ਸਿੰਘ ਨੂੰ ਕਿਹਾ ਸੀ ਕਿ ਜੇਕਰ ਅਸੀਂ ਕਾਮਯਾਬ ਹੁੰਦੇ ਹਾਂ ਤਾਂ ਇਸ ਸਿਹਰਾ ਦੋਹਾਂ ਦੇ ਸਿਰ ਜਾਵੇਗਾ ਅਤੇ ਨਾ-ਕਾਮਯਾਬ ਹੋਏ ਤਾਂ ਤੁਹਾਨੂੰ ਜਾਣਾ ਪਵੇਗਾ। "ਸੀਤਾਪਤੀ ਦੱਸਦੇ ਹਨ ਕਿ 1991 ਦੇ ਬਜਟ ਤੋਂ ਦੋ ਹਫਤੇ ਪਹਿਲਾਂ ਜਦੋਂ ਮਨਮੋਹਨ ਸਿੰਘ ਦਾ ਬਜਟ ਦਾ ਮਸੌਦਾ ਲੈ ਕੇ ਨਰਸਿਮਹਾ ਰਾਓ ਦੇ ਕੋਲ ਗਏ ਤਾਂ ਉਨ੍ਹਾਂ ਇਸ ਨੂੰ ਸਿਰੇ ਤੋਂ ਖਾਰਿਜ ਕਰ ਦਿੱਤਾ ਅਤੇ ਕਿਹਾ "ਜੇਕਰ ਮੈਨੂੰ ਇਹੀ ਚਾਹੀਦਾ ਸੀ ਤਾਂ ਤਹਾਨੂੰ ਕਿਉਂ ਚੁਣਿਆਆਪਣੇ ਪਹਿਲੇ ਬਜਟ ਵਿੱਚ ਮਨਮੋਹਨ ਸਿੰਘ ਵਿਕਟਰ ਹਿਊਗੋ ਦੀ ਮਸ਼ਹੂਰ ਲਾਈਨ ਦਾ ਜ਼ਿਕਰ ਕੀਤਾ ਸੀ ਕਿ "ਦੁਨੀਆਂ ਦੀ ਕੋਈ ਤਾਕਤ ਉਸ ਵਿਚਾਰ ਨੂੰ ਨਹੀਂ ਰੋਕ ਸਕਦੀ, ਜਿਸ ਦਾ ਸਮਾਂ ਆ ਚੁੱਕਿਆ ਹੋਵੇ। "ਉਨ੍ਹਾਂ ਨੇ ਆਪਣੇ ਬਜਟ ਭਾਸ਼ਣ ਵਿੱਚ ਰਾਜੀਵ ਗਾਂਧੀ, ਇੰਦਰਾ ਗਾਂਧੀ ਅਤੇ ਨਹਿਰੂ ਦਾ ਵਾਰ ਵਾਰ ਜ਼ਿਕਰ ਕੀਤਾ ਪਰ ਉਨ੍ਹਾਂ ਦੀਆਂ ਆਰਥਿਕ ਨੀਤੀਆਂ ਨੂੰ ਪਲਟਣ ਵਿੱਚ ਕਮੀ ਨਹੀਂ ਕੀਤੀ।

# ਬੁਰੇ ਦੌਰ 'ਚ ਅਨਿਲ ਅੰਬਾਨੀ ਨੂੰ ਵੇਚਣੇ ਪਏ ਗਹਿਣੇ, ਬੋਲੇ- ਮੇਰੇ ਕੋਲ ਹੁਣ ਕੁਝ ਨਹੀਂ



ਨਵੀਂ ਦਿੱਲੀ : ਦਿੱਗਜਾਂ 'ਚ ਸ਼ਾਮਲ ਰਹੇ ਅਨਿਲ ਅੰਬਾਨੀ ਇਸ ਸਮੇਂ ਬੁਰੇ ਦੌਰ 'ਚੋਂ ਲੰਘ ਰਹੇ ਹਨ।ਸ਼ੁੱਕਰਵਾਰ ਨੂੰ ਉਨ੍ਹਾਂ ਯੂ.ਕੇ.ਦੀ ਇਕ ਅਦਾਲਤ 'ਚ ਕਿਹਾ ਕਿ ਉਹ ਸਾਦਾ ਜੀਵਨ ਬਤੀਤ ਕਰ ਰਹੇ ਹਨ, ਸਿਰਫ ਇਕ ਕਾਰ ਚਲਾਉਂਦੇ ਹਨ ਅਤੇ ਵਕੀਲਾਂ ਦੀ ਫੀਸ ਚੁਕਾਉਣ ਲਈ ਗਹਿਣੇ ਵੇਚਣੇ ਪਏ ਹਨ। 61 ਸਾਲਾ ਅਨਿਲ ਅੰਬਾਨੀ ਨੇ ਕਿਹਾ ਕਿ ਜਨਵਰੀ ਤੋਂ ਜੂਨ 2020 ਦਰਮਿਆਨ ਉਨ੍ਹਾਂ ਨੇ ਆਪਣੇ ਸਾਰੇ ਗਹਿਣੇ ਵੇਚ ਕੇ 9.9 ਕਰੋੜ ਰੁਪਏ ਪ੍ਰਾਪਤ ਕੀਤੇ ਹਨ ਅਤੇ ਹੁਣ ਉਨ੍ਹਾਂ ਕੋਲ ਕੁਝ ਵੀ ਕੀਮਤੀ ਨਹੀਂ ਹੈ।ਸ਼ੁੱਕਰਵਾਰ ਨੂੰ ਉਹ ਵੀਡੀਓਲਿੰਕ ਜ਼ਰੀਓ ਮੁੰਬਈ ਤੋਂ ਲੰਡਨ ਹਾਈਕੋਰਟ ਸਾਹਮਣੇ ਪੇਸ਼ ਹੋਏ ਸਨ।ਚੀਨੀ ਬੈਂਕਾਂ ਵੱਲੋਂ ਉਨ੍ਹਾਂ ਖ਼ਿਲਾਫ ਦਾਇਰ ਮਾਮਲੇ ਦਾ ਉਹ ਸਮਾਹਮਣਾ ਕਰ ਰਹੇ ਹਨ। ਕਾਰਾਂ ਦੇ ਕਾਫ਼ਲੇ ਦੇ ਸਵਾਲ 'ਤੇ ਅਨਿਲ ਅੰਬਾਨੀ ਨੇ ਅਦਾਲਤ ਨੂੰ ਕਿਹਾ ਕਿ ਇਹ ਮੀਡੀਆ ਦੀਆਂ ਆਧਾਰਹੀਣ ਖ਼ਬਰਾਂ ਹਨ, ਉਨ੍ਹਾਂ ਕੋਲ ਕਦੇ ਵੀ ਰੌਲਸ ਰਾਇਸ ਕਾਰ ਨਹੀਂ ਰਹੀ ਹੈ। ਮੌਜੂਦਾ ਸਮੇਂ ਉਹ ਸਿਰਫ ਇਕ ਕਾਰ ਹੀ ਵਰਤ ਰਹੇ ਹਨ। ਲੰਡਨ ਦੀ ਆਦਾਲਤ ਨੂੰ ਉਨ੍ਹਾਂ ਕਿਹਾ, "ਮੇਰੀਆਂ ਜ਼ਰੂਰਤਾਂ ਬਹੁਤ ਵੱਡੀਆਂ ਨਹੀਂ ਹਨ ਅਤੇ ਮੈਂ ਬਹੁਤ ਸਾਦਾ ਰਹਿ ਰਿਹਾ ਹਾਂ।" ਅਨਿਲ ਅੰਬਾਨੀ ਨੇ ਕਿਹਾ ਕਿ ਉਹ ਕਦੇ ਭਾਰਤ ਦੇ ਸਭ ਤੋਂ ਧਨੀ ਲੋਕਾਂ 'ਚ ਸ਼ੁਮਾਰ ਹੁੰਦੇ ਸਨ ਪਰ ਹੁਣ ਉਨ੍ਹਾਂ ਕੋਲ 1,10,000 ਡਾਲਰ ਦੀ ਸਿਰਫ ਇਕ ਪੇਂਟਿੰਗ ਹੈ।ਰਿਪੋਰਟਾਂ ਮੁਤਾਬਕ, ਅਨਿਲ ਅੰਬਾਨੀ ਦੀ ਕੰਪਨੀ ਰਿਲਾਇੰਸ ਕਮਿਊਨੀਕੇਸ਼ਨ (ਆਰਕਾਮ) ਨੇ ਚੀਨ ਦੇ ਤਿੰਨ ਸਰਕਾਰੀ ਬੈਂਕਾਂ ਤੋਂ ਕਾਰਪੋਰੇਟ ਕਰਜ਼ ਲਿਆ ਸੀ ਪਰ ਆਰਕਾਮ ਇਸ ਦਾ ਭੁਗਤਾਨ ਕਰਨ 'ਚ ਅਸਫ਼ਲ ਹੋ ਗਈ ਸੀ। ਚੀਨੀ ਬੈਂਕਾਂ ਦਾ ਕਹਿਣਾ ਸੀ ਕਿ ਇਸ ਕਰਜ਼ ਲਈ ਅਨਿਲ ਅੰਬਾਨੀ ਨੇ ਨਿੱਜੀ ਗਰੰਟੀ ਦਿੱਤੀ ਸੀ।

# ਕੌਮਾਂਤਰੀ ਸੈਰ ਸਪਾਟਾ ਦਿਵਸ ਮੌਕੇ ਹਰਪ੍ਰੀਤ ਸਿੰਘ ਸੰਧੂ ਵੱਲੋ ਪੇਂਡੂ ਸਭਿਅਤਾ ਦੇ ਅਜਾਇਬ ਘਰ ਉਪਰ ਬਣਾਈ ਗਈ ਡਾਕੂਮੈਂਟਰੀ ਫਿਲਮ ਰਿਲੀਜ਼ ਹੋਈ

### ਪੰਜਾਬ ਦੇ ਅਮੀਰ ਵਿਰਸੇ ਤੇ ਸਭਿਆਚਾਰ ਦੀ ਸੁਚੱਜੀ ਝਾਕੀ ਪੇਸ਼ ਕਰਦੇ ਵਿਰਾਸਤੀ ਅਜਾਇਬ ਘਰ ਨੂੰ ਵਿਰਾਸਤੀ ਸਥਾਨ ਵੱਜੋਂ ਉਭਾਰਨ ਦੀ ਲੋੜ -ਡਾ.ਬੀ.ਐਸ ਢਿੱਲੋਂ






ਲੁਧਿਆਣਾ (ਆਰ.ਐਸ ਖਾਲਸਾ) ਪੰਜਾਬ ਦੇ ਮਾਨਚੈਸਟਰ ਸ਼ਹਿਰ ਲੁਧਿਆਣਾ ਵਿਖੇ ਸਥਿਤ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਦੇ ਕੈਂਪਸ ਵਿੱਚ ਬਣਿਆ ਪੰਜਾਬ ਦੀ ਪੇਂਡੂ ਸਭਿਅਤਾ ਦਾ ਅਜਾਇਬ ਘਰ ਕੇਵਲ ਇੱਕ ਅਜਾਇਬ ਘਰ ਹੀ ਨਹੀਂ ਬਲਕਿ ਪੰਜਾਬ ਦੇ ਅਮੀਰ ਰਵਾਇਤੀ ਵਿਰਸੇ ਅਤੇ ਸੱਭਿਆਚਾਰ ਦੀ ਸੁੱਝਜੀ ਝਾਕੀ ਪੇਸ਼ ਕਰਦਾ ਇੱਕ ਵਿਰਾਸਤੀ ਅਸਥਾਨ ਹੈ।ਜਿਸ ਦੇ ਮੱਦੇਨਜ਼ਰ ਪੰਜਾਬ ਦੇ ਸੈਰ ਸਪਾਟਾ ਵਿਭਾਗ ਨੂੰ ਆਪਣੇ ਸੈਰ ਸਪਾਟੇ ਦੇ ਨਕਸ਼ੇ (ਟੂਰਿਜ਼ਮ ਮੈਪ ਸਰਕਟ ) ਵਿੱਚ ਉਭਾਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉਪ ਕੁਲਪਤੀ ਸ. ਬੀ.ਐਸ ਢਿੱਲੋਂ ਨੇ ਕੌਮਾਂਤਰੀ ਸੈਰ ਸਪਾਟਾ ਦਿਵਸ ਮੌਕੇ ਉੱਘੇ ਫੋਟੋ ਕਲਾਕਾਰ ਤੇ ਆਪਣੇ ਤੌਰ ਤੇ ਪੰਜਾਬ ਦੇ ਅਮੀਰ ਵਿਰਸੇ ਅਤੇ ਸਭਿਆਚਾਰ ਦੀ ਸੰਭਾਲ ਕਰਨ ਦਾ ਯਤਨ ਕਰ ਰਹੀ ਸ਼ਖਸੀਅਤ ਐਡਵੋਕੇਟ ਹਰਪ੍ਰੀਤ ਸਿੰਘ ਸੰਧੂ ਵੱਲੋ ਪੇਂਡੂ ਸਭਿਆਤਾ ਦੇ ਅਜਾਇਬ ਘਰ ਉਪਰ ਵਿਸ਼ੇਸ਼ ਤੌਰ ਤੇ ਬਣਾਈ ਗਈ ਡਾਕੂਮੈਂਟਰੀ ਫਿਲਮ ਨੂੰ ਰਿਲੀਜ਼ ਕਰਨ ਸਬੰਧੀ ਆਯੋਜਿਤ ਕੀਤੇ ਗਏ ਸਮਾਗਮ ਦੌਰਾਨ ਇੱਕਤਰ ਹੋਈਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਕਿਹਾ ਕਿ ਉਕਤ ਵਿਰਾਸਤੀ ਅਜਾਇਬ ਘਰ ਡਾ.ਮਹਿੰਦਰ ਸਿੰਘ ਰੰਧਾਵਾ (ਸਾਬਕਾ ਉਪ ਕੁਲਪਤੀ ਪੀ.ਏ.ਯੂ) ਦੀ ਸਮੂਹ ਪੰਜਾਬੀਆਂ ਲਈ ਇੱਕ ਵੱਡਮੁਲੀ ਦੇਣ ਹੈ।ਜੋ ਕਿ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੁੜਨ ,ਦੇਖਣ ਅਤੇ ਸਮਝਣ ਦਾ ਅਹਿਮ ਦਰਸ਼ਨੀ ਸਥਾਨ ਹੈ।ਪਰ ਅਫਸੋਸ ਦੀ ਗੱਲ ਹੈ ਕਿ ਪ੍ਰਚਾਰ ਸਾਧਨਾਂ ਦੇ ਹੋਣ ਦੇ ਬਾਵਜੂਦ ਅਸੀਂ ਵਿਰਾਸਤੀ ਅਜਾਇਬ ਘਰ ਨੂੰ ਵਿਦੇਸ਼ਾਂ ਤੋ ਆਉਣ ਵਾਲੇ ਸੈਲਾਨੀਆਂ ਵਿੱਚ ਉਭਾਰਨ ਵਿੱਚ ਬਹੁਤੀ ਸਫਲਤਾ ਪ੍ਰਾਪਤ ਨਹੀਂ ਕਰ ਸਕੇ ।ਪਰ ਅੱਜ ਹਰਪ੍ਰੀਤ ਸਿੰਘ ਸੰਧੂ ਵੱਲੈ ਪੀ.ਏ.ਯੂ ਲੁਧਿਆਣਾ ਦੇ ਸਹਿਯੋਗ ਨਾਲ ਵਿਰਾਸਤੀ ਅਜਾਇਬ ਘਰ ਉਪਰ ਡਾਕੂਮੈਂਟਰੀ ਫਿਲਮ ਬਣਾ ਕੇ ਇਸ ਨੂੰ ਪੰਜਾਬ ਸਰਕਾਰ ਦੇ ਸੈਰ ਸਪਾਟਾ ਵਿਭਾਗ ਦੀ ਵੈਬਸਾਈਟਸਾਇਟ ਉਪਰ ਦਿਖਾਉਣ ਦਾ ਨਿੱਘਾ ਉਪਰਾਲਾ ਕਰਦਿਆਂ ਦੇਸ਼-ਵਿਦੇਸ਼ ਤੋ ਆਉਣ ਵਾਲੇ ਸੈਲਾਨੀਆਂ ਨੂੰ ਅਜਾਇਬ ਘਰ ਪ੍ਰਤੀ ਜਾਗਰੂਕ ਕਰਨ ਦਾ ਜੋ ਸੁਹਿਰਦ ਯਤਨ ਕੀਤਾ ਹੈ।ਉਹ ਆਪਣੇ ਆਪ ਵਿੱਚ ਇੱਕ ਮਿਸਾਲੀ ਕਾਰਜ ਹੈ। ਜਿਸ ਦੇ ਲਈ ਮੈ ਉਨ੍ਹਾਂ ਨੂੰ ਦਿਲੀ ਮੁਬਾਰਕਬਾਦ ਦਿੰਦਾ ਹਾਂ।ਇਸ ਮੌਕੇ ਡਾ.ਢਿੱਲੋਂ ਨੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਉਹ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਪਣੀ ਵਿਰਾਸਤ ਨੂੰ ਸਮਝਣ ਤੇ ਦੇਖਣ ਦੀ ਸਿੱਖਿਆ ਨੀਤੀ ਅਧੀਨ ਉਨ੍ਹਾਂ ਨੂੰ ਗਰੁੱਪਾ ਰਾਹੀਂ ਵਿਰਾਸਤੀ ਅਜਾਇਬ ਘਰ ਦਿਖਾਉਣ ਦਾ ਵੱਧ ਤੋ ਵੱਧ ਯਤਨ ਕਰੇ।ਇਸ ਤੋ ਪਹਿਲਾਂ ਖੇਤੀ ਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਡ.ਬੀ.ਐਸ ਢਿੱਲੋਂ ਨੇ ਫੋਟੋ ਕਲਾਕਾਰ ਤੇ ਵਿਰਾਸਤ ਦੀ ਸੰਭਾਲ ਦੇ ਮੁਦੱਈ ਹਰਪ੍ਰੀਤ ਸਿੰਘ ਸੰਧੂ ਵੱਲੋ ਕੌਮਾਂਤਰੀ ਸੈਰ ਸਪਾਟਾ ਦਿਵਸ ਨੂੰ ਸਮਰਪਿਤ ਵਿਰਾਸਤੀ ਅਜਾਇਬ ਘਰ ਉਪਰ ਬਣਾਈ ਡਾਕੂਮੈਂਟਰੀ ਫਿਲਮ ਮਹਿਮਾਨ ਸ਼ਖਸੀਅਤਾਂ ਦੀ ਹਾਜਰੀ ਵਿੱਚ ਰਿਲੀਜ਼ ਕੀਤੀ ਗਈ।ਸਮਾਗਮ ਦੌਰਾਨ ਹਰਪ੍ਰੀਤ ਸਿੰਘ ਸੰਧੂ ਨੇ ਡ.ਬੀ.ਐਸ ਢਿੱਲੋਂ ਸਮੇਤ ਸਮੂਹ ਮਹਿਮਾਨ ਸ਼ਖਸੀਅਤਾਂ ਅਤੇ ਯੂਨੀਵਰਸਿਟੀ ਦੇ ਅਧਿਕਾਰੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਵੱਲੋ ਕੀਤਾ ਗਿਆ ਨਿਮਾਣਾ ਜਿਹਾ ਉਪਰਾਲਾ ਪੰਜਾਬ ਦੀ ਅਮੀਰ ਵਿਰਾਸਤ ਨੂੰ ਅਪਣੇ ਅੰਦਰ ਸਮੋਈ ਬੈਠੇ ਵਿਰਾਸਤੀ ਅਜਾਇਬ ਘਰ ਦੀ ਸ਼ੋਭਾ ਸੈਲਾਨੀਆਂ, ਖਾਸ ਕਰਕੇ ਐਨ .ਆਰ ਆਈ ਪੰਜਾਬੀ ਵੀਰਾਂ ਤੱਕ ਵੱਧ ਤੋ ਵੱਧ ਪੁਹੰਚਾਣ ਦਾ ਹੈ ਤਾ ਕਿ ਉਕਤ ਵਿਰਾਸਤੀ ਅਜਾਇਬ ਘਰ ਦੀ ਪਹਿਚਾਣ ਸੰਸਾਰ ਦੇ ਪ੍ਰਮੁੱਖ ਅਜਾਇਬ ਘਰਾਂ ਵਿੱਚ ਬਣ ਸਕੇ।ਸਮਾਗਮ ਅੰਦਰ ਡਾ.ਸੰਦੀਪ ਬੈਂਸ,ਡਾ. ਸ਼ੰਮੀ ਕਪੂਰ, ਡਾ.ਕੇ.ਐਸ ਥਿੰਦ, ਡਾ.ਐਮ.ਆਈ.ਐੱਸ ਗਿੱਲ,ਡਾ ਸੰਨਦੀਪ ਸਿੰਘ ,ਐਸ .ਡੀ.ਐਮ (ਪੱਛਮੀ) ਸ਼੍ਰੀ ਮੱਲੀ ਆਦਿ ਵਿਸ਼ੇਸ਼ ਤੋਰ ਤੇ ਹਾਜਰ ਸਨ।

# ਕੋਰੋਨਾ ਤੋਂ ਬਾਅਦ ਭਾਰਤ ਨੂੰ ਮਾਨਸਿਕ ਸਿਹਤ ਦੀ ਮਹਾਂਮਾਰੀ ਦਾ ਕਰਨਾ ਪੈ ਸਕਦਾ ਹੈ ਸਾਹਮਣਾ

ਚੰਡੀਗੜ੍ਹ : ਭਾਰਤ 'ਚ ਲਗਾਤਾਰ ਬਹੁਤ ਤੇਜ਼ੀ ਨਾਲ ਵੱਧ ਰਹੇ ਕੋਵਿਡ-19 ਦੇ ਮਾਮਲਿਆਂ ਨੇ ਇੱਕ ਹੋਰ ਐਮਰਜੈਂਸੀ ਨੂੰ ਸੱਦਾ ਦਿੱਤਾ ਹੈ ਅਤੇ ਉਹ ਹੈ ਕੋਵਿਡ-19 ਦੇ ਮਰੀਜ਼ਾਂ ਦੀਆਂ ਗੰਭੀਰ ਮਾਨਸਿਕ ਸਿਹਤ ਸਮੱਸਿਆਵਾਂ।

42 ਸਾਲਾਂ ਰਾਜੇਸ਼ ਤਿਵਾੜੀ ਦੇ ਮਨ 'ਚ ਮੋਬਾਈਲ ਨਾਲੋਂ ਕਿਸੇ ਵੀ ਵੱਡੀ ਸਕਰੀਨ ਦਾ ਡਰ ਬੈਠ ਗਿਆ ਹੈ। ਉਨ੍ਹਾਂ ਨੂੰ ਲਗਦਾ ਹੈ ਕੋਈ ਵੀ ਵੱਡੀ ਸਕਰੀਨ ਖਾਸ ਕਰਕੇ ਟੀਵੀ ਜਾਂ ਫਿਰ ਕੰਪਿਊਟਰ ਨੂੰ ਵੇਖ ਕੇ ਰਾਜੇਸ਼ ਨੂੰ ਕੋਈ ਵੱਡਾ ਜਾਨਵਰ ਉਸ 'ਤੇ ਹਮਲਾ ਕਰਨ ਵਾਲਾ ਹੈ। ਉਹ ਬਹੁਤ ਦਿਨਾਂ ਤੱਕ ਆਈਸੀਯੂ 'ਚ ਰਹਿਣ ਤੋਂ ਬਾਅਦ ਉਹ ਵਹਿਮ ਮਹਿਸੂਸ ਕਰ ਰਹੇ ਹਨ। ਜੂਨ ਦੇ ਸ਼ੁਰੂ 'ਚ ਉਨ੍ਹਾਂ ਦਾ ਕੋਰੋਨਾ ਟੈਸਟ ਪੌਜ਼ੀਟਿਵ ਆਇਆ ਸੀ ਅਤੇ ਹਾਲਤ ਵਿਗੜਨ ਕਾਰਨ ਉਨ੍ਹਾਂ ਨੂੰ ਇੱਕ ਨਿੱਜੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ। ਪੰਜ ਦਿਨਾਂ ਬਾਅਦ ਉਸ ਨੂੰ ਵੈਂਟੀਲੇਟਰ 'ਤੇ ਪਾ ਦਿੱਤਾ ਗਿਆ ਅਤੇ ਹਸਪਤਾਲ 'ਚ ਲਗਭਗ 3 ਹਫ਼ਤੇ ਰਹਿਣ ਤੋਂ ਬਾਅਦ ਰਾਜੇਸ਼ ਠੀਕ ਤਾਂ ਹੋ ਗਏ ਪਰ ਜਲਦ ਹੀ ਅਹਿਸਾਸ ਹੋਇਆ ਕਿ ਉਹ ਅਜੇ ਪੂਰੀ ਤਰ੍ਹਾਂ ਠੀਕ ਨਹੀਂ ਹੋਏ। ਰਾਜੇਸ਼ ਨੇ ਇੱਕ ਇੰਟਰਵਿਊ 'ਚ ਕਿਹਾ, "ਸਹੀ ਸਮੇਂ ਇਲਾਜ ਮਿਲਣ ਕਰਕੇ ਮੈਂ ਹੁਣ ਠੀਕ ਹਾਂ, ਪਰ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਦੇ ਕੁਝ ਹਫ਼ਤੇ ਮੇਰੇ ਲਈ ਬਹੁਤ ਮੁਸ਼ਕਲ ਭਰੇ ਸਨ।"

ਟੀਵੀ ਤੇ ਕੰਪਿਊਟਰ ਵਰਤਣ ਦੀ ਮਨਾਹੀ

ਤਿਵਾੜੀ ਦੇ ਪਰਿਵਾਰਕ ਮੈਂਬਰ ਉਸ ਦੇ ਘਰ ਆਉਣ 'ਤੇ ਖੁਸ਼ ਸਨ, ਪਰ ਕੁਝ ਦਿਨਾਂ ਬਾਅਦ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਰਾਜੇਸ਼ ਅਜੇ ਪੂਰੀ ਤਰ੍ਹਾਂ ਠੀਕ ਨਹੀਂ ਹਨ।

ਇੱਕ ਦਿਨ ਅਚਾਨਕ ਉਹ ਟੀਵੀ ਵੇਖ ਕੇ ਚੀਕਿਆ ਅਤੇ ਉਸ ਨੂੰ ਤੋੜਣ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਤੋਂ ਬਾਅਦ ਰਾਜੇਸ਼ ਦੇ ਘਰ 'ਚ ਟੀਵੀ ਅਤੇ ਲੈਪਟਾਪ ਦੀ ਵਰਤੋਂ ਬੰਦ ਹੈ।

ਰਾਜੇਸ਼ ਨੇ ਅੱਗੇ ਕਿਹਾ ਕਿ ਉਹ ਆਈਸੀਯੂ 'ਚ ਮੌਜੂਦ ਮੌਨੀਟਰਾਂ ਦੀ ਆਵਾਜ਼ ਅਤੇ ਉਨ੍ਹਾਂ 'ਤੇ ਆਉਂਦੇ ਨੰਬਰਾਂ ਨੂੰ ਭੁੱਲਣ ਦੀ ਕੋਸ਼ਿਸ਼ ਕਰ ਰਹੇ ਹਨ।

'ਹਰ ਦਿਨ ਕਿਸੇ ਨਾ ਕਿਸੇ ਨੂੰ ਮੌਤ ਦੇ ਮੂੰਹ 'ਚ ਜਾਂਦਿਆ ਵੇਖਿਆ'

ਅਮਿਤ ਸ਼ਰਮਾ ਅਤੇ ਉਨ੍ਹਾਂ ਦੇ ਪਰਿਵਾਰ ਦਾ ਵੀ ਕੁਝ ਅਜਿਹਾ ਹੀ ਤਜਰਬਾ ਰਿਹਾ ਹੈ। ਅਮਿਤ ਦੀ ਉਮਰ 49 ਸਾਲ ਹੈ ਅਤੇ ਉਨ੍ਹਾਂ ਨੇ ਕੋਵਿਡ-19 ਸੰਕ੍ਰਮਿਤ ਹੋਣ ਤੋਂ ਬਾਅਦ 18 ਦਿਨ ਆਈਸੀਯੂ 'ਚ ਕੱਟੇ ਹਨ। ਆਈਸੀਯੂ 'ਚ ਉਨ੍ਹਾਂ ਨੇ ਹਰ ਦਿਨ ਕਿਸੇ ਨਾ ਕਿਸੇ ਨੂੰ ਮੌਤ ਦੇ ਮੂੰਹ 'ਚ ਜਾਂਦਿਆ ਵੇਖਿਆ। ਨੌਜਵਾਨ-ਬਜ਼ੁਰਗ, ਮਰਦ-ਔਰਤਾਂ, ਹਰ ਤਰਾਂ ਦੇ ਕੋਵਿਡ ਮਰੀਜ਼ ਆਪਣੇ ਨੇੜੇ ਮਰਦਿਆਂ ਦੇਖਿਆ

ਅਮਿਤ ਦੱਸਦੇ ਹਨ ਕਿ "ਇੱਕ ਦਿਨ ਮੇਰੇ ਲਾਗੇ ਦੋ ਮਰੀਜ਼ਾਂ ਦੀ ਮੌਤ ਹੋ ਗਈ ਅਤੇ ਕਈ ਘੰਟਿਆਂ ਤੱਕ ਉਨ੍ਹਾਂ ਦੀਆਂ ਲਾਸ਼ਾਂ ਉੱਥੇ ਹੀ ਪਈਆਂ ਰਹੀਆਂ।"

"ਮੈਂ ਉਸ ਮੰਜ਼ਰ ਨੂੰ ਭੁੱਲਣ ਦੀ ਕੋਸ਼ਿਸ ਕਰ ਰਿਹਾ ਹਾਂ। ਮੇਰੇ ਮਨ 'ਚ ਅਜੇ ਵੀ ਇਹ ਡਰ ਹੈ ਕਿ ਕੋਵਿਡ ਮੈਨੂੰ ਮਾਰ ਦੇਵੇਗਾ।"

ਅਮਿਤ ਸਦਮੇ ਤੋਂ ਬਾਹਰ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਅਮਿਤ ਦੇ ਨਜ਼ਦੀਕੀ ਰਿਸ਼ਤੇਦਾਰ ਦਾ ਕਹਿਣਾ ਹੈ ਕਿ ਰਿਕਵਰੀ ਹੋਣ ਤੋਂ ਬਾਅਦ ਅਮਿਤ ਬਹੁਤ ਹੀ ਸ਼ਾਂਤ ਰਹਿਣ ਲੱਗਾ ਹੈ।

"ਉਹ ਜਦੋਂ ਵੀ ਕੋਈ ਗੱਲ ਕਰਦਾ ਹੈ ਤਾਂ ਸਿਰਫ ਕੋਵਿਡ ਵਾਰਡ 'ਚ ਮਰਨ ਵਾਲੇ ਮਰੀਜ਼ਾਂ ਬਾਰੇ ਹੀ ਚਰਚਾ ਕਰਦਾ ਹੈ।"

ਮਾਨਸਿਕ ਤਣਾਏ ਦਾ ਸ਼ਿਕਾਰ

ਮੁੰਬਈ ਦੇ ਪੀਡੀ ਹਿੰਦੂਜਾ ਹਸਪਤਾਲ ਦੇ ਸੀਨੀਅਰ ਮਨੋਵਿਗਿਆਨਕ ਡਾ.ਵਸੰਤ ਮੁੰਦਰਾ ਨੇ ਕਿਹਾ ਕਿ ਭਾਰਤ 'ਚ ਕੋਰੋਨਾਵਾਇਰਸ ਨੂੰ ਮਾਤ ਦੇ ਕੇ ਠੀਕ ਹੋਣ ਵਾਲੇ ਬਹੁਤ ਸਾਰੇ ਮਰੀਜ਼, ਵਿਸ਼ੇਸ਼ ਤੌਰ 'ਤੇ ਉਹ ਜੋ ਕਿ ਵੈਂਟੀਲੇਟਰ 'ਤੇ ਸਨ ਜਾਂ ਫਿਰ ਆਈਸੀਯੂ 'ਚ ਭਰਤੀ ਹੋਏ ਸਨ, ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ।

ਡਾ. ਮੁੰਦਰਾ ਨੇ ਕਿਹਾ, "ਜਦੋਂ ਤੁਸੀਂ ਹਸਪਤਾਲ ਜਾਂਦੇ ਹੋ ਤਾਂ ਤੁਹਾਡਾ ਦਿਮਾਗ ਪਹਿਲਾਂ ਹੀ ਪ੍ਰੇਸ਼ਾਨ ਹੋ ਜਾਂਦਾ ਹੈ। ਅਜਿਹੀ ਸਥਿਤੀ 'ਚ ਕੋਵਿਡ ਵਾਰਡ 'ਚ ਚੱਲ ਰਹੀ ਮਾਰਾ-ਮਾਰੀ ਤੁਹਾਨੂੰ ਮਾਨਸਿਕ ਤਣਾਅ ਦਾ ਸ਼ਿਕਾਰ ਬਣਾ ਦਿੰਦੀ ਹੈ।"

ਦੱਖਣੀ ਭਾਰਤ 'ਚ ਪੈਂਦੇ ਏਰਨਾਕੁਲਮ ਮੈਡੀਕਲ ਕਾਲਜ ਦੇ ਗੰਭੀਰ ਸਾਂਭ ਸੰਭਾਲ ਵਿਭਾਗ ਦੇ ਮੁੱਖੀ ਡਾ. ਏ. ਫਤਾਹੁਦੀਨ ਦਾ ਕਹਿਣਾ ਹੈ ਕਿ ਕੋਵਿਡ-19 ਦੇ ਮਰੀਜ਼ਾਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਜਾਂ ਫਿਰ ਦੋਸਤ ਮਿੱਤਰਾਂ ਨਾਲ ਮਿਲਣ ਦੀ ਇਜਾਜ਼ਤ ਨਹੀਂ ਹੁੰਦੀ ਹੈ ਤੇ ਉਹ ਨਾ ਹੀ ਆਪਣੇ ਡਾਕਟਰ ਅਤੇ ਨਰਸਾਂ ਦਾ ਮੂੰਹ ਹੀ ਵੇਖ ਪਾਉਂਦੇ ਹਨ, ਕਿਉਂਕਿ ਉਨ੍ਹਾਂ ਨੇ ਮਾਸਕ ਅਤੇ ਪੀਪੀਈ ਕਿੱਟ ਪਾਈ ਹੁੰਦੀ ਹੈ। ਇਸ ਲਈ ਮਰੀਜ਼ ਅਤੇ ਡਾਕਟਰ ਵਿਚਲੀ ਵਿਸ਼ਵਾਸ ਦੀ ਡੋਰ ਕੁਝ ਢਿੱਲੀ ਜਿਹੀ ਪੈ ਜਾਂਦੀ ਹੈ।

ਡਾ. ਮੁੰਦਰਾ ਦਾ ਕਹਿਣਾ ਹੈ ਕਿ ਕੋਰੋਨਾਵਾਇਰਸ ਤੋਂ ਠੀਕ ਹੋਣ ਦੀ ਪ੍ਰਕ੍ਰਿਆ ਇੱਕਲਤਾ ਦਾ ਅਹਿਸਾਸ ਕਰਵਾਉਂਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਜਦੋਂ ਕੋਈ ਮਰੀਜ਼ ਰੋਜ਼ਾਨਾ ਹੀ ਆਪਣੇ ਸਾਹਮਣੇ ਕਈ ਜ਼ਿੰਦਗੀਆਂ ਨੂੰ ਮਰਦਾ ਵੇਖਦਾ ਹੈ ਤਾਂ ਉਸ ਦੀ ਮਾਨਸਿਕ ਸਥਿਤੀ ਪ੍ਰਭਾਵਿਤ ਹੁੰਦੀ ਹੈ ਅਤੇ ਉਹ ਤਣਾਅ ਦੀ ਸੰਭਾਵਨਾ ਵਧ ਜਾਂਦੀ ਹੈ। ਡਾ. ਮੁੰਦਰਾ ਨੇ ਕਿਹਾ ਕਿ ਲੱਛਣਾਂ ਵਿੱਚ ਉਦਾਸੀ, ਚਿੰਤਾ, ਫਲੈਸ਼ਬੈਕ ਅਤੇ ਭਰਮ ਸ਼ਾਮਲ ਹਨ। ਡਾਕਟਰਾਂ ਦੀ ਚਿਤਾਵਨੀ ਦੇ ਬਾਵਜੂਦ ਵੀ ਕੋਵਿਡ-19 ਨਾਲ ਪ੍ਰਭਾਵਿਤ ਹੋਏ ਮਰੀਜ਼ਾਂ ਦੀ ਮਾਨਸਿਕ ਸਿਹਤ ਮਸਲਿਆਂ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ।

ਇਸ ਦਾ ਸਰਕਾਰੀ ਮੀਡੀਆ ਅਤੇ ਕਾਨਫਰੰਸਾਂ ਜਾਂ ਮੀਡੀਆ ਵਿੱਚ ਬਹੁਤ ਘੱਟ ਜ਼ਿਕਰ ਮਿਲਦਾ ਹੈ।

'ਮਾਨਸਿਕ ਸਿਹਤ ਮਹਾਂਮਾਰੀ'

ਉੱਘੇ ਮਾਨਸਿਕ ਸਿਹਤ ਮਾਹਰ ਡਾ. ਸੌਮਿਤਰਾ ਪਾਥਰੇ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਹੈਰਾਨੀ ਨਹੀਂ ਹੋਈ। ਉਨ੍ਹਾਂ ਦਾ ਕਹਿਣਾ ਹੈ, "ਇਸ ਮਹਾਂਮਾਰੀ ਦੌਰਾਨ ਤੁਸੀਂ ਜੋ ਕੁਝ ਵੀ ਵੇਖ ਰਹੇ ਹੋ, ਉਹ ਮਾਨਸਿਕ ਸਿਹਤ ਸਹੂਲਤਾਂ 'ਚ ਭਾਰਤ ਦੇ ਮਾੜੇ ਪ੍ਰਬੰਧ ਦਰਸਾਉਂਦਾ ਹੈ।"



ਭਾਰਤ 'ਚ ਮਾਨਸਿਕ ਸਿਹਤ ਦੇ ਮਰੀਜ਼ਾਂ ਲਈ ਲੋੜੀਂਦੀਆਂ ਇਲਾਜ ਸਹੂਲਤਾਂ ਅਤੇ ਮਾਹਰਾਂ ਦੀ ਘਾਟ ਹੈ। ਦੇਸ਼ ਦੇ ਛੋਟੇ ਸ਼ਹਿਰਾਂ ਵਿੱਚ ਹਾਲਾਤ ਹੋਰ ਵੀ ਬਦਤਰ ਹੈ, ਕਿਉਂਕਿ ਉੱਥੇ ਲੋਕਾਂ ਨੂੰ ਇਸ ਦੇ ਲੱਛਣਾਂ ਬਾਰੇ ਵੀ ਨਹੀਂ ਪਤਾ ਹੁੰਦਾ।

ਡਾ. ਪਾਥਰੇ ਦਾ ਕਹਿਣਾ ਹੈ ਕਿ ਭਾਰਤ ਦਾ ਮਾਨਸਿਕ ਸਿਹਤ ਸਬੰਧੀ ਇਲਾਜ ਦਾ ਬੁਨਿਆਦੀ ਢਾਂਚਾ ਸ਼ਹਿਰਾਂ 'ਚ ਕੇਂਦਰਿਤ ਹੈ। ਜਿਸ ਕਾਰਨ ਆਬਾਦੀ ਦਾ 80 ਤੋਂ 90% ਹਿੱਸਾ ਇੰਨ੍ਹਾਂ ਸਹੂਲਤਾਂ ਤੋਂ ਵਾਂਝਾ ਹੀ ਰਹਿ ਜਾਂਦਾ ਹੈ। ਜੇਕਰ ਭਾਰਤ ਸਰਕਾਰ ਇਸ ਮੁਸ਼ਕਲ ਨੂੰ ਪਛਾਨਣ ਅਤੇ ਹੱਲ ਕਰਨ 'ਚ ਅਸਫਲ ਰਹੀ ਤਾਂ ਭਾਰਤ ਨੂੰ ਛੇਤੀ ਹੀ 'ਮਾਨਸਿਕ ਸਿਹਤ ਮਹਾਂਮਾਰੀ' ਦਾ ਸਾਹਮਣਾ ਕਰਨਾ ਪਵੇਗਾ।

ਡਾ. ਪਾਥਰੇ ਮੁਤਾਬਕ, ਵਧੀਆ ਸ਼ੁਰੂਆਤ ਦੌਰਾਨ ਸਭ ਤੋਂ ਪਹਿਲਾਂ ਲੋਕਾਂ ਨੂੰ ਇਸ ਦੇ ਲੱਛਣਾਂ ਤੋਂ ਜਾਣੂ ਕਰਵਾਉਣਾ ਹੋਵੇਗਾ। "ਮੈਂ ਜਾਣਦਾ ਹਾਂ ਕਿ ਇਹ ਰਾਤੋਂ ਰਾਤ ਸੰਭਵ ਨਹੀਂ ਹੋਵੇਗਾ, ਪਰ ਫਿਰ ਵੀ ਸਾਨੂੰ ਕਿਤੇ ਨਾ ਕਿਤੇ ਤਾਂ ਸ਼ੁਰੂਆਤ ਕਰਨੀ ਹੀ ਹੋਵੇਗੀ।"

ਦਿੱਲੀ ਦੇ ਫੋਰਟਿਸ ਹਸਪਤਾਲ ਦੇ ਮਾਨਸਿਕ ਸਿਹਤ ਵਿਭਾਗ ਦੀ ਮੁੱਖੀ ਕਾਮਨਾ ਛਿੱਬਰ ਨੇ ਕਿਹਾ ਕਿ ਇਸ ਮਹਾਂਮਾਰੀ ਦੌਰਾਨ ਮਾਨਸਿਕ ਸਿਹਤ ਸਹੂਲਤ ਹਾਸਲ ਕਰਨ ਵਾਲੇ ਮਰੀਜ਼ਾਂ ਦੀ ਗਿਣਤੀ 'ਚ ਖਾਸਾ ਵਾਧਾ ਹੋਇਆ ਹੈ। ਲੰਮੇ ਸਮੇਂ ਤੱਕ ਚੱਲੇ ਲੌਕਡਾਊਨ, ਭਵਿੱਖ ਪ੍ਰਤੀ ਅਨਿਸ਼ਚਿਤਤਾ ਅਤੇ ਲਗਾਤਾਰ ਸੁਚੇਤ ਰਹਿਣ ਦੀ ਚਿੰਤਾ ਨੇ ਲੋਕਾਂ ਨੂੰ ਵਧੇਰੇ ਚਿੰਤਾ ਵਿੱਚ ਪਾ ਦਿੱਤਾ ਹੈ ਅਤੇ ਬਹੁਤ ਸਾਰੇ ਲੋਕ ਤਣਾਅ ਬਾਰੇ ਗੱਲ ਕਰਨ ਲਈ ਹਸਪਤਾਲ ਆ ਰਹੇ ਹਨ।

ਉਨ੍ਹਾਂ ਅੱਗੇ ਕਿਹਾ, "ਇਹ ਸਮੱਸਿਆ ਦਿਨੋਂ ਦਿਨ ਵਧੇਰੇ ਗੰਭੀਰ ਹੁੰਦੀ ਜਾ ਰਹੀ ਹੈ।"

ਡਾ. ਫਤਾਹੁਦੀਨ ਨੇ ਕਿਹਾ ਕਿ ਹੁਣ ਡਾਕਟਰਾਂ ਨੇ ਅਪੀਲ ਕੀਤੀ ਹੈ ਕਿ ਕੋਵਿਡ ਦੇ ਇਲਾਜ ਤੋਂ ਬਾਅਦ ਦੇ ਪ੍ਰੋਟੋਕੋਲ 'ਚ ਮਾਨਸਿਕ ਸਿਹਤ 'ਤੇ ਵੀ ਧਿਆਨ ਕੇਂਦਰਤ ਕੀਤਾ ਜਾਵੇ। ਹਰੇਕ ਹਸਪਤਾਲ ਨੂੰ ਕੁਝ ਨਾ ਕੁਝ ਕਰਨ ਦੀ ਜ਼ਰੂਰਤ ਹੈ।

# ਸਿਨੇਮਾ ਘਰ 'ਤੇ ਪਈ ਕੁੰਡਾਬੰਦੀ ਦੀ ਮਾਰ, 2020 'ਚ ਸਿਰਫ 73 ਦਿਨ ਹੀ ਖੁੱਲ੍ਹੇ




ਜਲੰਧਰ : ਕੋਰੋਨਾ ਵਾਇਰਸ ਦੀ ਕੁੰਡਾਬੰਦੀ ਨੇ ਜਿੱਥੇ ਬਹੁਤ ਸਾਰੇ ਕੰਮਾਂ ਨੂੰ ਠੱਪ ਕਰ ਦਿੱਤਾ ਹੈ, ਉੱਥੇ ਸਿਨੇਮਾ ਘਰਾਂ ਜਾਂ ਫਿਲਮੀ ਰੋਜ਼ਗਾਰ ਨੂੰ ਵੀ ਇਸ ਨੇ ਵੱਡੀ ਸੱਟ ਮਾਰੀ ਹੈ। ਜਾਣਕਾਰੀ ਅਨੁਸਾਰ ਸਾਲ 2020 'ਚ ਹੁਣ ਤੱਕ ਸਿਰਫ 73 ਦਿਨ ਹੀ ਸਿਨੇਮੇ ਖੁੱਲ੍ਹੇ ਹਨ। ਉਸ ਤੋਂ ਬਾਅਦ 13 ਮਾਰਚ ਤੋਂ ਹੋਈ ਕੁੰਡਾਬੰਦੀ ਦੇ ਕਾਰਨ ਸਿਨੇਮੇ ਅੱਜ ਤੱਕ ਬੰਦ ਪਏ ਹੋਏ ਹਨ। 13 ਮਾਰਚ ਨੂੰ ਹੀ ਅਖੀਰਲੀ ਫਿਲਮ ਅੰਗਰੇਜ਼ੀ ਮੀਡੀਅਮ ਰਿਲੀਜ਼ ਹੋਈ ਸੀ। ਦੱਸ ਦੇਈਏ ਕਿ ਸਿਨੇਮਾ ਘਰ ਬੰਦ ਹੋਇਆਂ ਨੂੰ ਸੱਤ ਮਹੀਨੇ ਹੋ ਗਏ ਹਨ। ਇਸੇ ਦੌਰਾਨ ਕਈ ਫ਼ਿਲਮ ਨਿਰਮਾਤਾਵਾਂ ਵੱਲੋਂ ਆਪਣੀਆਂ ਫਿਲਮਾਂ ਆਨਲਾਈਨ ਰਿਲੀਜ਼ ਕਰ ਦਿੱਤੀਆਂ ਗਈਆਂ ਹਨ। ਬਹੁਤ ਸਾਰੇ ਲੋਕ ਅਜਿਹੇ ਵੀ ਹਨ, ਜੋ ਹਾਲੇ ਵੀ ਸਿਨੇਮਾ ਘਰ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਸਿਨੇਮਿਆਂ ਮਾਰਫਤ ਵੱਧ ਮੁਨਾਫਾ ਹੋਣ ਦੀ ਉਮੀਦ ਹੈ। ਇਸੇ ਇੰਤਜ਼ਾਰ ਵਿਚ ਇਨ੍ਹਾਂ ਫਿਲਮਾਂ ਤੋਂ ਹੋਣ ਵਾਲੀ 3200 ਕਰੋੜ ਰੁਪਏ ਦੀ ਉਗਰਾਹੀ ਰੁਕੀ ਪਈ ਹੈ। ਇਨ੍ਹਾਂ ਸੱਤ ਮਹੀਨਿਆਂ ਦੌਰਾਨ ਸੂਰਿਆਵੰਸ਼ੀ, ਲੱਛਮੀ ਬੰਬ, ਕੁਲੀ ਨੰਬਰ ਵੰਨ, ਰਾਧੇ, ਭੁਜ- ਦਾ ਪ੍ਰਾਈਡ ਆਫ ਇੰਡੀਆ, ਦਾ ਬਿੱਗ ਬੁਲ ਅਤੇ ਸੜਕ 2 ਵਰਗੀਆਂ ਵੱਡੀਆਂ ਹਿੰਦੀ ਫ਼ਿਲਮਾਂ ਪਰਦੇ 'ਤੇ ਆਉਣ ਨਾਲ 1500 ਕਰੋੜ ਰੁਪਏ ਦਾ ਕਾਰੋਬਾਰ ਹੋਣਾ ਸੀ। ਕੁੰਡਾਬੰਦੀ ਦੌਰਾਨ ਤਾਮਿਲ ਅਤੇ ਤੇਲਗੂ ਭਾਸ਼ਾਵਾਂ ਦੀਆਂ ਵੀ ਕਈ ਵੱਡੀਆਂ ਫ਼ਿਲਮਾਂ ਦੀ ਰਿਲੀਜ਼ਿੰਗ ਤਾਰੀਖ ਟਲੀ ਹੋਈ ਹੈ। ਜੇਕਰ ਇਹ ਫਿਲਮਾਂ ਰਿਲੀਜ਼ ਹੋਈਆਂ ਹੁੰਦੀਆਂ ਤਾਂ ਇਨ੍ਹਾਂ ਨੇ ਵੀ 1500 ਕਰੋੜ ਰੁਪਏ ਦਾ ਕਾਰੋਬਾਰ ਕਰਨਾ ਸੀ।

ਉਂਝ ਵੀ ਹਰ ਹਫ਼ਤੇ ਦੋ ਦਰਮਿਆਨੀਆਂ ਅਤੇ ਛੋਟੇ ਬਜਟ ਦੀਆਂ ਫ਼ਿਲਮਾਂ ਰਿਲੀਜ਼ ਹੁੰਦੀਆਂ ਹਨ, ਜੋ ਤਕਰੀਬਨ 25 ਤੋਂ 30 ਕਰੋੜ ਰੁਪਏ ਦੀ ਕਮਾਈ ਕਰਦੀਆਂ ਹਨ। ਅਜਿਹੇ 'ਚ ਜੇਕਰ 29 ਹਫਤਿਆਂ ਦਾ ਲੇਖਾ ਜੋਖਾ ਕੀਤਾ ਜਾਵੇ ਤਾਂ 58 ਫਿਲਮਾਂ ਟਲੀਆਂ ਹਨ। ਜਿਨ੍ਹਾਂ ਦੀ ਕੁੱਲ ਕਮਾਈ ਤਕਰੀਬਨ 1500 ਤੋਂ 1700 ਕਰੋੜ ਰੁਪਏ ਹੁੰਦੀ। ਸਾਲ 2020 ਦੇ ਪਹਿਲੇ 73 ਦਿਨਾਂ ਦੌਰਾਨ ਬਾਕਸ ਆਫਿਸ ਨੇ 824 ਕਰੋੜ ਰੁਪਏ ਦੀ ਕਮਾਈ ਕੀਤੀ ਹੈ।


ਇਸ ਸਮੇਂ ਦੌਰਾਨ ਸਭ ਤੋਂ ਵੱਧ ਕਮਾਈ ਕਰਨ ਵਾਲੀ ਅਜੇ ਦੇਵਗਨ ਦੀ ਫਿਲਮ ਤਾਨਹਾਜੀ ਸੀ ਜਿਸਨੇ 280 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਇਹ 10 ਜਨਵਰੀ ਨੂੰ ਰਿਲੀਜ਼ ਹੋਈ ਸੀ। ਇਸ ਤੋਂ ਬਾਅਦ 6 ਮਾਰਚ ਨੂੰ ਰਿਲੀਜ਼ ਹੋਣ ਵਾਲੀ ਬਾਗ਼ੀ 3 ਨੇ 93 ਕਰੋੜ ਰੁਪਏ ਕਮਾਏ ਸਨ। ਹੁਣ ਸਭ ਸਿਨੇਮੇ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਹਨ ਤਾਂ ਜੋ ਫਿਲਮੀ ਦੁਨੀਆਂ ਦਾ ਜਾਮ ਹੋਇਆ ਪਹੀਆ ਮੁੜ ਤੇਜ਼ੀ ਨਾਲ ਦੌੜ ਸਕੇ।

# ਚਿੱਟੇ ਸੋਨੇ ਦੇ ਘੱਟ ਭਾਅ ਨੇ ਕਿਸਾਨਾਂ ਦੇ ਚਿਹਰਿਆਂ 'ਤੇ ਲਿਆਂਦੀ ਉਦਾਸੀ

ਮੰਡੀ ਲੱਖੇਵਾਲੀ/ਸ੍ਰੀ ਮੁਕਤਸਰ ਸਾਹਿਬ : ਇਸ ਵੇਲੇ ਨਰਮੇ ਦੀ ਫਸਲ ਪੂਰੇ ਜੋਬਨ 'ਤੇ ਹੈ ਅਤੇ ਕੁਝ ਥਾਵਾਂ 'ਤੇ ਨਰਮੇ ਦੀ ਚੁਗਾਈ ਸ਼ੁਰੂ ਹੋ ਗਈ ਹੈ। ਭਾਵੇਂ ਸਾਰੀਆਂ ਅਨਾਜ ਮੰਡੀਆਂ ਵਿਚ ਤਾਂ ਨਰਮੇ ਦੀ ਆਮਦ ਅਜੇ ਸ਼ੁਰੂ ਨਹੀਂ ਹੋਈ ਪਰ ਵਿਰਲੀਆਂ-ਟਾਵੀਆਂ ਅਨਾਜ ਮੰਡੀਆਂ ਵਿਚ ਨਰਮਾ ਆਉਣਾ ਸ਼ੁਰੂ ਹੋ ਗਿਆ ਹੈ। ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਵਿਚ 26 ਕੁਇੰਟਲ ਨਰਮਾ ਵਿਕਣ ਲਈ ਆਇਆ ਹੈ। ਜ਼ਿਲੇ ਦੀਆਂ ਤਿੰਨ ਪ੍ਰਮੁੱਖ ਮੰਡੀਆਂ ਸ੍ਰੀ ਮੁਕਤਸਰ ਸਾਹਿਬ, ਮਲੋਟ ਅਤੇ ਗਿੱਦੜਬਾਹਾ ਵਿਚ ਨਰਮਾ ਵਿਕਦਾ ਹੈ। ਪਰ ਅਜੇ ਤੱਕ ਸਿਰਫ ਗਿੱਦੜਬਾਹਾ ਦੀ ਮੰਡੀ ਵਿਚ ਹੀ 26 ਕੁਇੰਟਲ ਨਰਮਾ ਆਇਆ ਹੈ ਅਤੇ ਸ੍ਰੀ ਮੁਕਤਸਰ ਸਾਹਿਬ ਜਾਂ ਮਲੋਟ ਦੀ ਮੰਡੀ ਵਿਚ ਨਰਮਾ ਨਹੀਂ ਆਇਆ। ਸਰਕਾਰੀ ਸੂਤਰਾਂ ਅਨੁਸਾਰ ਨਰਮੇ ਦਾ ਭਾਅ ਪ੍ਰਤੀ ਕੁਇੰਟਲ 4671 ਰੁਪਏ ਰਿਹਾ ਹੈ ਜਦ ਕਿ ਜੋ ਸੂਚਨਾਵਾਂ ਹੋਰ ਗੁਆਂਢੀ ਜ਼ਿਲਿਆਂ ਤੋਂ ਮਿਲੀਆਂ ਹਨ, ਉਸ ਅਨੁਸਾਰ ਨਰਮਾ ਪ੍ਰਤੀ ਕੁਇੰਟਲ 4300 ਰੁਪਏ ਤੋਂ 4600 ਰੁਪਏ ਤੱਕ ਵਿਕਿਆ ਹੈ। ਜ਼ਿਕਰਯੋਗ ਹੈ ਕਿ ਕਿਸਾਨਾਂ ਨੂੰ ਚਿੱਟੇ ਸੋਨੇ ਦੀ ਇਸ ਫਸਲ ਤੋਂ ਬਹੁਤ ਸਾਰੀਆਂ ਆਸਾਂ ਅਤੇ ਉਮੀਦਾਂ ਸਨ ਪਰ ਨਰਮੇ ਦੀ ਘੱਟ ਭਾਅ ਨੇ ਕਿਸਾਨਾਂ ਦੇ ਚਿਹਰਿਆਂ 'ਤੇ ਇਕ ਵਾਰ ਉਦਾਸੀ ਲਿਆ ਦਿੱਤੀ ਹੈ। ਕਿਉਂਕਿ ਨਰਮੇ ਦੀ ਫਸਲ 'ਤੇ ਬੀਜ-ਬਿਜਾਈ ਤੋਂ ਲੈ ਕੇ ਹੁਣ ਤੱਕ ਕਿਸਾਨਾਂ ਦਾ ਖਰਚਾ ਬਹੁਤ ਆਇਆ ਹੈ ਪਰ ਜਿਸ ਹਿਸਾਬ ਨਾਲ ਨਰਮਾ ਵਿਕ ਰਿਹਾ ਹੈ, ਉਸ ਹਿਸਾਬ ਨਾਲ ਉਨ੍ਹਾਂ ਦੇ ਪੱਲੇ ਕੱਖ ਨਹੀਂ ਪੈਣਾ। ਕਿਸਾਨ ਪਰਮਿੰਦਰ ਸਿੰਘ ਕੌੜਿਆਂਵਾਲੀ, ਅਮਰਜੀਤ ਸਿੰਘ ਕੌੜਿਆਂਵਾਲੀ, ਸੁਖਪਾਲ ਸਿੰਘ ਬਰਾੜ ਰਾਮਗੜ੍ਹ ਚੂੰਘਾਂ, ਜਗਸੀਰ ਸਿੰਘ ਰਾਮਗੜ੍ਹ ਚੂੰਘਾਂ, ਰਾਜਵੀਰ ਸਿੰਘ ਬਰਾੜ ਅਤੇ ਪ੍ਰਗਟ ਸਿੰਘ ਗੰਧੜ ਆਦਿ ਦਾ ਕਹਿਣਾ ਹੈ ਕਿ ਪਹਿਲਾਂ ਤਾਂ ਨਰਮੇ ਦਾ ਬੀ. ਟੀ. ਕਾਟਨ ਬੀਜ ਪੰਜਾਬ ਵਿਚ ਕਿਧਰੇ ਤਿਆਰ ਨਹੀਂ ਹੁੰਦਾ। ਕਿਸਾਨਾਂ ਨੂੰ ਬਾਹਰਲੇ ਸੂਬਿਆਂ ਤੋਂ ਇਹ ਬੀਜ ਮਹਿੰਗੇ ਭਾਅ ਖਰੀਦਣਾ ਪੈਂਦਾ ਹੈ ਉੱਤੋਂ 75 ਰੁਪਏ ਪ੍ਰਤੀ ਲਿਟਰ ਡੀਜ਼ਲ ਦਾ ਰੇਟ ਹੋਇਆ ਪਿਆ ਹੈ। ਇਸ ਤੋਂ ਇਲਾਵਾ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਬਹੁਤ ਮਹਿੰਗੀਆਂ ਹਨ ਅਤੇ ਲੇਬਰ ਵੀ ਮਹਿੰਗੀ ਪੈਂਦੀ ਹੈ। ਜਿਸ ਕਰਕੇ ਨਰਮੇ ਦੇ ਐਨੇ ਘੱਟ ਭਾਅ ਨੇ ਕਿਸਾਨ ਵਰਗ ਨੂੰ ਨਿਚੋੜ ਕੇ ਰੱਖ ਦਿੱਤਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਇਕ ਪਾਸੇ ਸਰਕਾਰਾਂ ਇਹ ਕਹਿੰਦੀਆਂ ਹਨ ਕਿ ਕਿਸਾਨ ਝੋਨੇ ਹੇਠਲਾ ਰਕਬਾ ਘਟਾਉਣ ਅਤੇ ਨਰਮਾ ਵੱਧ ਬੀਜਣ ਪਰ ਦੂਜੇ ਪਾਸੇ ਨਰਮੇ ਦੇ ਭਾਅ ਵਿਚ ਵਾਧਾ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਮੰਗ ਕੀਤੀ ਕਿ ਨਰਮੇ ਦਾ ਘੱਟੋ-ਘੱਟ ਭਾਅ 10 ਹਜ਼ਾਰ ਪ੍ਰਤੀ ਕੁਇੰਟਲ ਕੀਤਾ ਜਾਵੇ। ਵਰਨਣਯੋਗ ਹੈ ਕਿ ਹੁਣ ਨਰਮੇ ਦੀ ਖਰੀਦ ਸਿਰਫ ਪ੍ਰਾਈਵੇਟ ਵਪਾਰੀਆਂ ਵੱਲੋਂ ਕੀਤੀ ਜਾ ਰਹੀ ਹੈ, ਜਿਸ ਕਰਕੇ ਕਿਸਾਨਾਂ ਦਾ ਨਰਮਾ ਪ੍ਰਾਈਵੇਟ ਵਪਾਰੀਆਂ ਵੱਲੋਂ ਘੱਟ ਰੇਟ ਵਿਚ ਖਰੀਦਿਆ ਜਾ ਰਿਹਾ ਹੈ।

# 16 ਦੇਸ਼ਾਂ 'ਚ ਬਿਨਾਂ 'ਵੀਜ਼ੇ' ਦੇ ਪ੍ਰਵੇਸ਼ ਕਰ ਸਕਦੇ ਹਨ ਭਾਰਤੀ ਪਾਸਪੋਰਟ ਧਾਰਕ: ਸਰਕਾਰ

ਨਵੀਂ ਦਿੱਲੀ : ਭਾਰਤੀ ਪਾਸਪੋਰਟ ਧਾਰਕਾਂ ਨੂੰ ਨੇਪਾਲ, ਭੂਟਾਨ, ਮਾਰੀਸ਼ੀਅਸ ਸਮੇਤ 16 ਦੇਸ਼ਾਂ 'ਚ ਬਿਨ੍ਹਾਂ ਵੀਜ਼ੇ ਦੇ ਪ੍ਰਵੇਸ਼ ਕਰਨ ਦੀ ਸਹੂਲਤ ਹੈ। ਮੰਗਲਵਾਰ ਨੂੰ ਰਾਜ ਸਭਾ 'ਚ ਇਕ ਪ੍ਰਸ਼ਨ ਦੇ ਲਿਖਤੀ ਜਵਾਬ 'ਚ ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਨ ਨੇ ਕਿਹਾ ਕਿ ਇੱਥੇ 43 ਦੇਸ਼ ਅਜਿਹੇ ਹਨ, ਜਿੱਥੇ ਪਹੁੰਚਦੇ ਹੀ ਭਾਰਤੀਆਂ ਨੂੰ ਵੀਜ਼ਾ ਦੇ ਦਿੱਤਾ ਜਾਂਦਾ ਹੈ, ਜਦੋਂ ਕਿ 36 ਦੇਸ਼ ਅਜਿਹੇ ਹਨ, ਜੋ ਆਮ ਭਾਰਤੀ ਪਾਸਪੋਰਟ ਧਾਰਕਾਂ ਨੂੰ ਈ-ਵੀਜ਼ਾ ਦੀ ਸਹੂਲਤ ਮੁਹੱਈਆ ਕਰਵਾਉਂਦੇ ਹਨ। ਵਿਦੇਸ਼ ਰਾਜ ਮੰਤਰੀ ਨੇ ਕਿਹਾ ਕਿ 16 ਦੇਸ਼ਾਂ 'ਚ ਭਾਰਤੀ ਪਾਸਪੋਰਟ ਧਾਰਕਾਂ ਨੂੰ ਬਿਨਾਂ ਵੀਜ਼ੇ ਦੇ ਪ੍ਰਵੇਸ਼ ਮਿਲਦਾ ਹੈ। ਭਾਰਤੀਆਂ ਨੂੰ ਨੇਪਾਲ, ਭੂਟਾਨ, ਬਾਰਬਾਡੋਸ, ਗ੍ਰੇਨਾਡਾ, ਹੈਤੀ, ਹਾਂਗਕਾਂਗ, ਮਾਲਦੀਵ, ਮਾਰੀਸ਼ੀਅਸ, ਮੋਂਟਸੇਰਾਟ, ਨਿਊ ਦੀਪ, ਸੇਂਟ ਵਿਸੇਂਟ, ਗ੍ਰੇਨੇਂਡੀਜ਼, ਸਮੋਆ, ਸੇਨੇਗਲ, ਸਰਬੀਆ, ਤ੍ਰਿਨਿਦਾਦ ਅਤੇ ਟੋਬੈਗੋ ਦੇਸ਼ਾਂ 'ਚ ਵੀਜ਼ਾ ਮੁਕਤ ਐਂਟਰੀ ਮਿਲਦੀ ਹੈ। ਵਿਦੇਸ਼ ਰਾਜ ਮੰਤਰੀ ਮੁਰਲੀਧਨ ਨੇ ਕਿਹਾ ਕਿ ਸਰਕਾਰ ਅਜਿਹੇ ਦੇਸ਼ਾਂ ਦੀ ਗਿਣਤੀ ਵਧਾਉਣ ਲਈ ਯਤਨ ਕਰ ਰਹੀ ਹੈ, ਜਿਹੜੇ ਵੀਜ਼ਾ ਮੁਕਤ ਯਾਤਰਾ, ਵੀਜ਼ਾ ਆਨ ਅਰਾਈਵਲ ਅਤੇ ਈ-ਵੀਜ਼ਾ ਸਹੂਲਤ ਮੁਹੱਈਆ ਕਰਵਾਉਂਦੇ ਹਨ ਤਾਂ ਜੋ ਭਾਰਤੀਆਂ ਲਈ ਅੰਤਰਰਾਸ਼ਟਰੀ ਯਾਤਰਾ ਨੂੰ ਹੋਰ ਸੌਖਾ ਬਣਾਇਆ ਜਾ ਸਕੇ।



# ਭਾਈ ਨੰਦ ਲਾਲ ਸਿੰਘ ਜੀ ਯਾਦ ਵਿੱਚ ਗੁਰਦੁਆਰਾ ਬਾਬਾ ਮੱਖਣ ਸਾਹ ਲੁਬਾਣਾ ਸਿੱਖ ਸੈਂਟਰ ਰਿੱਚਮੰਡ ਹਿੱਲ ਸਟ੍ਰੀਟ113 ਨਿਊਯਾਰਕ ਵਿੱਖੇ ਕਰਵਾਇਆ ਗਿਆ ਮਹਾਨ ਕੀਰਤਨ ਸਮਾਗਮ

ਪ੍ਰਿਤਪਾਲ ਕੌਰ (ਨਿਊਯਾਰਕ )- ਗੁਰਦੁਆਰਾ ਬਾਬਾ ਮੱਖਣ ਸਾਹ ਲੁਬਾਣਾ ਸਿੱਖ ਸੈਂਟਰ ਰਿੰਚਮੰਡ ਹਿੱਲ ਸਟ੍ਰੀਟ 113 ਨਿਊਯਾਰਕ ਵਿਖੇ ਸ੍ਰੀਗੁਰੂ ਗੋਬਿੰਦ ਸਿੰਘ ਜੀ ਦੇ ਅਗਮ ਸਿੱਖ ਭਾਈ ਨੰਦ ਲਾਲ ਸਿੰਘ ਜੀ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ । ਸਤੰਬਰ 25 ਨੂੰਅਰੰਭ ਕੀਤੇ ਪਾਠ ਦੇ ਭੋਗ ( 27 ਸਤੰਬਰ ) ਦੇ ਉਪਰੰਤ ਦੁਪਹਿਰ 2:00 ਵਜੇ ਤੱਕ ਦੀਵਾਨ ਸਜਾਏ ਗਏ । ਰਾਗੀ ਢਾਡੀ ਜੱਥਿਆ ਨੇ ਰਸ ਭਿਨੀ ਅਵਾਜ ਵਿੱਚਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ । ਇਸ ਉਪਰੰਤ ਹੈਂਡ ਗਰੰਥੀ ਭਾਈ ਜਸਪਾਲ ਸਿੰਘ ਅਤੇ ਭਾਈ ਅਮਰੀਕ ਸਿੰਘ ਜੀ ਚੰਡੀਗੜ੍ਹ ਵਾਲਿਆ ਨੇਭਾਈ ਨੰਦ ਲਾਲ ਜੀ ਦੇ ਜੀਵਨ ਤੇ ਰੋਸਨੀ ਪਾਈ । ਸੰਗਤਾਂ ਨੇ ਵੱਧ ਚੜ ਕੇ ਆਪਣੀ ਹਾਜਰੀ ਲਗਵਾਈ । ਸੋਸਲ ਡਿਸਟੈਨਸ ਤੇ ਨਿਯਮਾਂ ਦਾ ਧਿਆਨਰੱਖਿਆ ਗਿਆ । ਗੁਰੂ ਕਾ ਲੰਗਰ ਅਤੁੱਟ ਵਰਤਿਆ । ਗੁਰੂਦੁਆਰਾ ਪ੍ਰਧਾਨ ਸ. ਗੁਰਮੀਤ ਸਿੰਘ ਮਹਿਮਦਪੁਰ , ਚੇਅਰਮੈਨ ਸਤਨਾਮ ਸਿੰਘ ਟਾਹਲੀ , ਜਰਨਲ ਸਕੱਤਰ ਦਲੇਰ ਸਿੰਘ , ਹਿੰਮਤ ਸਿੰਘ ਸਰਪੰਚ, ਰਿੰਪੀ ਟਾਹਲੀ , ਗੁਰਮੇਜ ਸਿੰਘ , ਕੈਸੀਅਰ ਦਲੀਪ ਸਿੰਘ , ਰਾਜਵਿੰਦਰ ਕੌਰ , ਕੁੱਲਵੰਤ ਕੌਰ (ਪੀਆਰਓ) ਅਤੇ ਸਮੂਹ ਕਮੇਟੀ ਮੈਂਬਰਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ।




















# ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਰਿਚਮੰਡ ਹਿੱਲ ਵਿਖੇ ਹੋਇਆ ਯਾਦਗਾਰ ਪ੍ਰੋਗਰਾਮ

## ਮੁੱਖ ਗ੍ਰੰਥੀ ਭਾਈ ਭੁਪਿੰਦਰ ਸਿੰਘ ਨੂੰ ਦਿੱਤੀ ਗਈ ਵਿਦਾਇਗੀ

ਪੰਥ ਪ੍ਰਸਿੱਧ ਧਰਮਵੀਰ ਸਿੰਘ ਲੁਧਿਆਣੇ ਵਾਲੇ ਮੁੱਖ ਗ੍ਰੰਥੀ ਨਿਯੁਕਤ ਕੀਤੇ ਗਏ ਪ੍ਰਧਾਨ ਸ੍ਰ. ਦਵਿੰਦਰ ਸਿੰਘ ਬੋਪਰਾਏ ਨੇ ਉਨ੍ਹਾਂ ਨੂੰ ਜੀ ਆਇਆ ਕਿਹਾ। ਸਿੱਖ ਬਿਜਨਸਮੈਨ ਸ੍ਰ. ਰਘਬੀਰ ਸਿੰਘ ਸੁਭਾਨਪੁਰ ਨੇ ਉਨ੍ਹਾਂ ਨੂੰ ਸਮਾਜ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਸ਼ਲਾਘਾ ਕੀਤੀ। ਉਨ੍ਹਾਂ ਨੂੰ ਵੀ ਬੜਾ ਨਿਘਾ ਸਤਿਕਾਰ ਅਤੇ ਸਨਮਾਨ ਕੀਤਾ, ਇਸ ਮੌਕੇ ਉਨ੍ਹਾਂ ਕਿਸਾਨਾਂ ਦੇ ਹੱਕ ਵਿਚ ਕਵਿਤਾ ਵੀ ਪੜ੍ਹੀ। ਪ੍ਰਧਾਨ ਬੋਪਰਾਏ ਨੇ ਉਨ੍ਹਾਂ ਦੀ ਸਖਸੀਅਤ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਨਗਰ ਕੀਰਤਨ ਦੀ ਸ਼ੁਰੂਆਤ ਕਰਨ ਬਾਰੇ ਸੁਭਾਨਪੁਰ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸ੍ਰ. ਰਘਬੀਰ ਸਿੰਘ ਹਮੇਸ਼ਾ ਸਮਾਜਿਕ ਕੰਮਾਂ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਹੋਰ ਕਿਹਾ ਕਿ ਉਹ ਹਮੇਸ਼ਾਂ ਬਰਾਦਰੀਵਾਦ ਤੋਂ ਉਪਰ ਉਠ ਕੇ ਵਿਚਰਦੇ ਹਨ, ਜਿਸ ਕਰਕੇ ਅੱਜ ਗੁਰਦੁਆਰਾ ਸਾਹਿਬ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਜਾਦਾ ਹੈ। ਸਕੱਤਰ ਸ੍ਰ. ਬਲਦੇਵ ਸਿੰਘ ਨੇ ਵੀ ਉਨ੍ਹਾਂ ਦੀ ਤਾਰੀਫ ਕੀਤੀ। ਸ੍ਰ. ਰਘਬੀਰ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਕਮੇਟੀ ਅਤੇ ਸੰਗਤ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਹਮੇਸ਼ਾ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨੂੰ ਆਪਣਾ ਸਮਝਦੇ ਹਨ ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਗੁਰੂਘਰ ਵਿਚ ਉਨ੍ਹਾਂ ਨੇ 20 ਸਾਲ ਕੈਸ਼ੀਅਰ ਦੀ ਸੇਵਾ ਵੀ ਨਿਭਾਈ ਹੈ।













# ਭਾਰਤ ਵਿੱਚ ਲਾਗੂ ਕੀਤੇ ਖੇਤੀ ਆਰਡੀਨੈਂਸ ਦੇ ਵਿਰੁੱਧ ਨਿਊਯਾਰਕ ਦੀਆਂ ਸਮੂਹ ਜੱਥੇਵੰਦੀਆਂ ਵੱਲੋਂ ਯੂ.ਐਨ.ਓ. ਦੇ ਸਾਹਮਣੇ ਕੀਤਾ ਗਿਆ ਰੋਸ ਪ੍ਰਦਰਸਨ

## ਸਮੂਹ ਜੱਥੇਬੰਦੀਆ ਵੱਲੋਂ ਸੰਗਤਾਂ ਨੂੰ ਕਿਸਾਨਾਂ ਦਾ ਸਾਥ ਦੇਣ ਦੀ ਕੀਤੀ ਅਪੀਲ








ਨਿਊਯਾਰਕ - - ਮੋਦੀ ਸਰਕਾਰ ਦੁਆਰਾ ਪਾਸ ਕੀਤੇ ਗਏ ਖੇਤੀ ਸੰਬੰਧੀ ਪਾਸ ਕੀਤੇ ਗਏ ਤਿੰਨ ਆਰਡੀਨੈਂਸ ਦੇ ਵਿਰੁੱਧ ਅੱਜ ਨਿਊਯਾਰਕ ਦੀਆ ਸਮੂਹ ਜੱਥੇਬੰਦੀਆ ਅਤੇ ਗੁਰੂ ਘਰਾਂ ਵੱਲੋਂ ਯੂ. ਐਨ. ਓ. ਸਾਹਮਣੇ ਉਸ ਵਕਤ ਰੋਸ ਮੁਜਾਹਰਾ ਕੀਤਾ ਗਿਆ ਜਦੋਂ ਨਰਿੰਦਰ ਮੋਦੀ ਜੂਮ ਮੀਟਿੰਗ ਤੇ ਬੋਲ ਰਿਹਾ ਸੀ ।ਇਹ ਆਰਡੀਨੈਂਸ ਕਿਸਾਨਾਂ ਦੇ ਨਾਲ ਨਾਲ ਖੇਤੀ ਨਾਲ ਜੁੜੇ ਹਰ ਵਰਗ ਤੇ ਕਿੱਤੇ ਲਈ ਹਾਨੀਵੰਦ ਹਨ । ਇਹਨਾਂ ਆਰਡੀਨੈਂਸਾ ਦੇ ਕਾਰਣ ਮਹਿੰਗੇ ਬੀਜ, ਖਾਦਾ ਤੇ ਕਰਜਿਆਂ ਦੀ ਮਾਰ ਝੱਲ ਰਹੇ ਕਿਸਾਨਾਂ ਦੀ ਹਾਲਤ ਹੋਰ ਵੀ ਤਰਸਯੋਗ ਹੋ ਜਾਵੇਗੀ । ਵੱਖ -ਵੱਖ ਬੁਲਾਰਿਆਂ ਤੇ ਆਗੂਆਂ ਨੇ ਇਸ ਆਰਡੀਨੈਂਸ ਦੇ ਬਾਰੇ ਆਪਣੇ ਵਿਚਾਰ ਦੱਸੇ ਅਤੇ ਰੋਸ ਪ੍ਰਦਰਸਨ ਕੀਤਾ । ਸਮੂਹ ਜੱਥੇਵੰਦੀਆ ਨੇ ਲੋਕਾਂ ਨੂੰ ਇੱਕਮੁੱਠ ਹੋ ਕੇ ਕਿਸਾਨਾਂ ਦਾ ਸਾਥ ਦੇਣ ਦੀ ਅਪੀਲ ਕੀਤੀ ।ਅੰਨ ਸਾਡੀ ਮੁੱਢਲੀ ਲੋੜ ਹੈ ਸੋ ਸਾਨੂੰ ਆਪਣੀ ਲੋੜ ਲਈ ਆਪਣੀ ਅਵਾਜ ਉੱਚੀ ਕਰਨੀ ਪਵੇਗੀ ।ਭਾਰਤੀ ਸਰਕਾਰ ਨੂੰ ਅੰਨਦਾਤਾ ਦੀ ਮਾਲੀ ਹਾਲਤ ਨੂੰ ਸੁਧਾਰਨ ਤੇ ਜੋਰ ਦੇਣਾ ਚਾਹੀਦਾ ਹੈ ਨਾ ਕਿ ਵਿਗਾੜਨ ਤੇ ।ਆਰਡੀਨੈਂਸ ਦੇ ਖਲਿਾਫ ਰੋਸ ਸਿਰਫ ਪੰਜਾਬ ਹਰਿਆਣਾ ਦੇ ਕਿਸਾਨਾਂ ਵਿੱਚ ਹੀ ਨਹੀਂ ਸਗੋਂ ਹਰ ਵਰਗ ਅਤੇ ਵਿਦੇਸ ਵਸਦੇ ਭਾਰਤੀ ਲੋਕਾਂ ਵਿੱਚ ਵੀ ਹੈ । ਨਿਊਯਾਰਕ ਦੇ ਸਮੂਹ ਪੇਪਰ ਅਤੇ ਟੀਵੀ ਮੀਡਿਆ ਨੇ ਵੀ ਇਸ ਰੋਸ ਮੁਜਾਹਰੇ ਵਿੱਚ ਸਰਿਕਤ ਕੀਤੀ ਤੇ ਰੋਸ ਪ੍ਰਗਟ ਕੀਤਾ ।ਸਮੂਹ ਗੁਰੂਦੁਆਰਾ ਕਮੇਟੀਆਂ ਤੇ ਗੁਰੂਦੁਆਰਾ ਸਿੱਖ ਕਲਚਰਲ ਸੇਵਾ ਸੁਸਾਇਟੀ ਰਿੱਚਮੰਡ ਹਿੱਲ ਨਿਊਯਾਰਕ ਅਤੇ ਵੱਲੋਂ ਯੂ. ਐਨ. ਓ. ਵਿੱਚ ਇੱਕ ਮੈਮੋਰੈਂਡਮ ਦਿੱਤਾ ਗਿਆ ।ਗੁਰੂਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਵੱਲੋਂ ਦੁਪਹਿਰ ਦੋ ਵਜੇ ਸਮਾਪਤ ਹੋਏ ਰੋਸ ਮੁਜਾਹਰੇ ਵਿੱਚ ਸਾਮਿਲ ਸੰਗਤਾਂ ਲਈ ਚਾਹ ਅਤੇ ਮਿੱਸੇ ਪ੍ਰਸਾਦਿਆ ਦਾ ਲੰਗਰ ਵੀ ਲਗਾਇਆ ਗਿਆ ।

# ਅਕਾਲੀ ਦਲ ਡੈਮੋਕ੍ਰੇਟਿਕ ਦੇ ਪ੍ਰਧਾਨ ਸ: ਸੁਖਦੇਵ ਸਿੰਘ ਢੀਂਡਸਾ ਨੇ ਅਮਰੀਕਾ ਚ' ਜਥੇਦਾਰ ਭੁਪਿੰਦਰ ਸਿੰਘ ਖਾਲਸਾ ਨੂੰ ਪਾਰਟੀ ਦਾ ਸਪੋਕਸਮੈਨ ਨਿਯੁੱਕਤ ਕੀਤਾ

ਨਿਊਯਾਰਕ , 25 ਸਤੰਬਰ ( ਰਾਜ ਗੋਗਨਾ )— ਬੀਤੇਂ ਦਿਨ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਦੇ ਪ੍ਰਧਾਨ ਸ. ਸੁਖੇਦਵ ਸਿੰਘ ਢੀਂਡਸਾ ਨੇ ਜਥੇਦਾਰ ਸ: ਭੁਪਿੰਦਰ ਸਿੰਘ ਖਾਲਸਾ ਨੂੰ ਅਮਰੀਕਾ 'ਚ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਦਾ ਸਪੋਕਸਮੈਨ ਨਿਯੁਕਤ ਕੀਤਾ ਹੈ।ਤਾਂ ਕਿ ਵਿਦੇਸ਼ਾਂ 'ਚ ਰਹਿੰਦੇ ਪੰਜਾਬੀ ਵੱਡੀ ਗਿਣਤੀ 'ਚ ਉਨ੍ਹਾਂ ਦੀ ਪਾਰਟੀ ਨਾਲ ਵੱਧ ਤੋਂ ਵੱਧ ਜੁੜ ਰਹੇ ਹਨ ਅਤੇ ਜਲਦੀ ਹੀ ਵਿਦੇਸ਼ਾਂ 'ਚ ਢੀਂਡਸਾ ਵੱਲੋਂ ਇਕਾਈਆਂ ਕਾਇਮ ਕੀਤੀਆਂ ਜਾਣਗੀਆਂ। ਢੀਂਡਸਾ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਇਕ ਨਿਰਪੱਖ ਪਾਰਟੀ ਹੈ ਅਤੇ ਹਰ ਧਰਮ ਦੇ ਲੋਕਾਂ ਨੂੰ ਉਸ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ 'ਚ ਮਿਹਨਤ ਨਾਲ ਕੰਮ ਕਰਨ ਵਾਲੇ ਵਰਕਰਾਂ ਨੂੰ ਹੀ ਪਾਰਟੀ ਦੀਆਂ ਆਹੁਦੇਦਾਰੀਆ ਦਿੱਤੀਆਂ ਜਾਣਗੀਆਂ।ਅਮਰੀਕਾ ਚ' ਰਹਿੰਦੇ ਭੁਪਿੰਦਰ ਸਿੰਘ ਖ਼ਾਲਸਾ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਹ ਸਰਦਾਰ ਸੁਖਦੇਵ ਸਿੰਘ ਢੀਂਡਸਾ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਦਿਨ-ਰਾਤ ਮਿਹਨਤ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਸਰਦਾਰ ਸੁਖਦੇਵ ਸਿੰਘ ਢੀਂਡਸਾ ਵਰਗੇ ਬੇਦਾਗ, ਮਿਹਨਤੀ ਤੇ ਲੋਕਾਂ ਨਾਲ ਜੁੜੇ ਹੋਏ ਆਗੂ ਨਾਲ ਪਾਰਟੀ ਵਿੱਚ ਕੰਮ ਕਰਕੇ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਉਥੇ ਹੀ ਭੁਪਿੰਦਰ ਸਿੰਘ ਖ਼ਾਲਸਾ ਨੇ ਇਸ ਨਿਯੁਕਤੀ ਬਦਲੇ ਸੁਖਦੇਵ ਸਿੰਘ ਢੀਂਡਸਾ ਦਾ ਧੰਨਵਾਦ ਵੀ ਕੀਤਾ।



# ਸੁਪਰੀਮ ਕੋਰਟ ਦੀ ਜੱਜ ਰੂਥ ਗਿੰਸਬਰਗ ਦੀ ਮੌਤ ਤੋ ਬਾਅਦ ਅਮਰੀਕਾ ਵਿੱਚ ਐਮੀ ਕੰਪਨੀ ਬੈਰੇਟਾ ਹੋਵੇਗੀ ਸੁਪਰੀਮ ਕੋਰਟ ਦੀ ਨਵੀਂ ਜੱਜ

ਵਾਸ਼ਿੰਗਟਨ (ਰਾਜ ਗੋਗਨਾ )- ਬੀਤੇਂ ਦਿਨ ਅਮਰੀਕਾ ਵਿੱਚ ਸੁਪਰੀਮ ਕੋਰਟ ਦੀ ਜੱਜ ਰੂਥ ਗਿੰਸਬਰਗ ਦੇ ਦੇਹਾਂਤ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਜੱਜ ਐਮੀ ਕੋਨੀ ਬੈਰੇਟ ਦੇ ਨਾਂ ਦੀ ਪੇਸ਼ਕਸ਼ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਟਰੰਪ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਲਈ ਨਵੇਂ ਜੱਜ ਦਾ ਨਾਂ ਸ਼ਨਿੱਚਰਵਾਰ ਨੂੰ ਵਾਈਟ ਹਾਊਸ ਦੇ ਰੋਜ਼ ਗਾਰਡਨ ਵਿਚ ਕਰਨਗੇ।



ਵਰਤਮਾਨ ਵਿਚ 48 ਸਾਲਾ ਬੈਰੇਟ ਸੱਤਵੇਂ ਸਰਕਟ ਕੋਰਟ ਆਫ਼ ਅਪੀਲਸ ਵਿਚ ਜੱਜ ਹਨ। ਇਸ ਦੇ ਲਈ ਵੀ ਉਨ੍ਹਾਂ ਦੇ ਨਾਂ ਦਾ ਪ੍ਰਸਤਾਵ ਟਰੰਪ ਨੇ ਹੀ 2017 ਵਿਚ ਦਿੱਤਾ ਸੀ। ਅਮਰੀਕੀ ਸੈਨੇਟ ਵਿਚ ਉਨ੍ਹਾਂ ਦੇ ਨਾਂ 'ਤੇ 55-43 ਵੋਟ ਮਿਲੇ ਸੀ। ਹਾਲਾਂਕਿ ਮੀਡੀਆ ਰਿਪੋਰਟਾਂ ਦਾ ਕਹਿਣਾ ਹੈ ਕਿ ਨਾਂ ਦੇ ਐਲਾਨ ਤੱਕ ਟਰੰਪ ਅਪਣੀ ਯੋਜਨਾ ਵਿਚ ਬਦਲਾਅ ਵੀ ਕਰ ਸਕਦੇ ਹਨ। ਦ ਹਿਲ ਨਿਊਜ਼ ਪੇਪਰ ਦੇ ਅਨੁਸਾਰ, ਬੈਰੇਟ ਇੱਥੇ ਦੇ ਈਸਾਈਆਂ ਦੀ ਵੀ ਪਸੰਦ ਹਨ। ਬੈਰੇਟ ਦੇ ਕੋਲ ਰਿਪਬਲਿਕਨ ਸੀਨੇਟਰ ਦਾ ਮਜ਼ਬੂਤ ਸਮਰਥਨ ਹੈ।ਐਮੀ ਦੇ ਸੁਪਰੀਮ ਕੋਰਟ ਜੱਜ ਦੇ ਤੌਰ 'ਤੇ ਨਿਯੁਕਤ ਹੋਣ ਨਾਲ ਇੱਥੇ ਗਰਭਪਾਤ ਕਾਨੂੰਨ ਵਿਚ ਬਦਲਾਅ ਦੀ ਮੰਗ ਵਾਲੇ ਅੰਦੋਲਨ 'ਤੇ ਫਰਕ ਪੈ ਸਕਦਾ ਹੈ। ਮਹਿਲਾ ਅਧਿਕਾਰਾਂ ਦੀ ਬੁਲੰਦ ਆਵਾਜ਼ ਰਹੀ ਮਰਹੂਮ ਜਸਟਿਸ ਗਿੰਸਬਰਗ ਦੀ ਜਗ੍ਹਾ ਭਰਨਾ ਉਨ੍ਹਾਂ ਦੇ ਲਈ ਆਸਾਨ ਨਹੀਂ ਹੋਣ ਵਾਲਾ। ਐਮੀ ਨੂੰ ਚੰਗਾ ਲੇਖਕ ਵੀ ਮੰਨਿਆ ਜਾਂਦਾ ਹੈ। ਮਨੁੱਖੀ ਅਧਿਕਾਰਾਂ 'ਤੇ ਵੀ ਉਨ੍ਹਾਂ ਨੇ ਦਲੀਲਾਂ ਦਿੱਤੀਆਂ ਹਨ। ਅਮਰੀਕੀ ਸੁਪਰੀਮ ਕੋਰਟ ਵਿਚ 9 ਜੱਜ ਹੁੰਦੇ ਹਨ। ਕਿਸੇ ਅਹਿਮ ਫ਼ੈਸਲੇ ਦੇ ਸਮੇਂ ਜੇਕਰ ਇਨ੍ਹਾਂ ਦੀ ਰਾਏ 4-4 ਵਿਚ ਵੰਡੀ ਜਾਵੇ ਤਾਂ ਸਰਕਾਰ ਦੁਆਰਾ ਨਿਯੁਕਤ ਜੱਜ ਦਾ ਵੋਟ ਫ਼ੈਸਲਾਕੁੰਨ ਹੋ ਜਾਂਦਾ ਹੈ ਅਤੇ ਅੱਜ ਰਾਸ਼ਟਰਪਤੀ ਦੁਆਰਾ ਨਿਯੁਕਤ ਹੁੰਦਾ ਹੈ ਤਾਂ ਮੰਨਿਆ ਇਹ ਜਾਂਦਾ ਹੈ ਕਿ ਉਹ ਸਰਕਾਰ ਦੇ ਪੱਖ ਵਿਚ ਹੀ ਫ਼ੈਸਲਾ ਦੇਵੇਗਾ।ਸੁਪਰੀਮ ਕੋਰਟ ਦੇ ਲਈ ਇਹ ਨਾਮਜ਼ਦਗੀ ਕਾਫੀ ਲਾਭਕਾਰੀ ਹੈ। ਕਿਉਂਕਿ ਇੱਥੇ ਜੱਜਾਂ ਦੀ ਨਿਯੁਕਤੀ ਲਾਈਫਟਾਈਮ ਦੇ ਲਈ ਹੁੰਦੀ ਹੈ ਅਤੇ ਹੋਰ ਕੋਰਟਾਂ ਤੋਂ ਅਲੱਗ ਇੱਥੇ ਦੇ ਜੱਜਾਂ ਦੀ ਕੋਈ ਰਿਟਾਇਰਮੈਂਟ ਉਮਰ ਨਹੀਂ ਹੁੰਦੀ। ਟਰੰਪ ਵਲੋਂ ਇਸ ਨਾਂ ਦੀ ਪੇਸ਼ਕਸ਼ 'ਤੇ ਡੈਮੋਕਰੇਟ ਵਲੋਂ ਕੜੀ ਇਤਰਾਜ਼ ਜਤਾਇਆ ਜਾ ਰਿਹਾ ਹੈ। ਡੈਮੋਕਰੇਟ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋਅ ਬਿਡੇਨ ਨੇ ਕਿਹਾ ਹੈ ਕਿ ਇਸ ਅਹੁਦੇ ਦੇ ਲਈ ਨਾਂ, 3 ਨਵੰਬਰ ਨੂੰ ਚੋਣਾਂ ਵਿਚ ਜੇਤੂ ਵਲੋਂ ਕੀਤੇ ਜਾਣ ਦੀ ਜ਼ਰੂਰਤ ਹੈ।

# ਰਤਨ ਸਿੰਘ ਵੱਲੋ ਬੀ.ਜੇ.ਪੀ ਓਵਰਸੀਜ ਦੇ ਅਹੁਦੇ ਦੀ ਮੁਢਲੀ ਮੈਂਬਰਸ਼ਿਪ ਤੋ ਅਸਤੀਫ਼ਾ



ਵਾਸ਼ਿੰਗਟਨ, 28 ਸਤੰਬਰ ( ਰਾਜ ਗੋਗਨਾ)- ਭਾਰਤੀ ਜਨਤਾ ਪਾਰਟੀ ਓਵਰਸੀਜ਼ ਸਿੱਖ ਵਿੰਗ ਜੋ ਮੋਦੀ ਦੀ ਪਹਿਲੀ ਟਰਮ ਵੇਲੇ ਅਡਵਾਂਸ ਟੀਮ ਜਿਸ ਦੀ ਅਗਵਾਈ ਵਿਜੈ ਜੌਲੀ ਤੇ ਕਰਨਲ ਰਾਠੋਰ ਨੇ ਕੀਤੀ ਸੀ। ਉਹਨਾਂ ਨੇ ਵੱਖ -ਵੱਖ ਸਟੇਟਾਂ ਦੇ ਅਮਰੀਕਾ ਦੇ ਦੋਰੇ ਸਮੇ ਇਕ ਸਿੱਖ ਅਫੇਅਰ ਵਿੰਗ ਨੂੰ ਹੋਂਦ ਵਿੱਚ ਲਿਆਂਦਾ।ਜਿੰਨਾਂ ਦੀ ਅਗਵਾਈ ਵਿੱਚ ਉਹਨਾਂ ਸਿੱਖਾਂ ਦੇ ਕਾਫ਼ੀ ਮਸਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਹੀਂ ਕਰਵਾਏ ਗਏ। ਜਿਸ ਕਰਕੇ ਸਿੱਖ ਅਮਰੀਕਾ ਚ' ਬੀਜੇਪੀ ?ਵਰਸੀਜ਼ ਦੇ ਮੈਂਬਰ ਅਤੇ ਅਹੁਦੇਦਾਰ ਬਣਦੇ ਗਏ। ਉਹਨਾਂ ਚ' ਰਤਨ ਸਿੰਘ ਜੋ ਕੁਮਿਊਨਟੀ ਵਿੱਚ ਕਾਫ਼ੀ ਸਰਗਰਮ ਸਨ। ਜਿੰਨਾਂ ਨੂੰ ਡਾਕਟਰ ਅੱਡਪਾ ਪ੍ਰਸਾਦ ਉਪ ਪ੍ਰਧਾਨ ਓਵਰਸੀਅਰ ਬੀਜੇਪੀ ਤੇ ਸਿੱਖ ਅਫੇਅਰ ਕਮੇਟੀ ਦੇ ਕੁਆਰਡੀਨੇਟਰ ਕੰਵਲਜੀਤ ਸਿੰਘ ਸੋਨੀ ਨੇ ਰਤਨ ਸਿੰਘ ਨੂੰ ?ਵਰਸੀਜ ਬੀਜੇਪੀ ਮੈਰੀਲੈਂਡ ਸੂਬੇ ਦਾ ਉਸ ਸਮੇਂ ਕੁਆਰਡੀਨੇਟਰ ਨਿਯੁੱਕਤ ਕੀਤਾ ਸੀ ਜਦੋਂ ਪ੍ਰਧਾਨ ਮੰਤਰੀ ਮੋਦੀ ਦੀ ਦੂਜੀ ਫੇਰੀ ਲਈ ਬੀਜੇਪੀ ਦੀ ਚੋਣ ਪ੍ਰਕਿਆਂ ਚਲ ਰਹੀ ਸੀ। ਰਤਨ ਸਿੰਘ ਨੇ ਓਵਰਸੀਜ ਬੀਜੇਪੀ ਦੀ ਕਾਰ ਰੈਲੀ, ਪ੍ਰਧਾਨ ਮੰਤਰੀ ਦੀ ਵਾਸਿੰਗਟਨ ਡੀ.ਸੀ ਤੇ ਹਿਊਸਟਨ ਦੀ ਫੇਰੀ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ। ਜਿਸ ਕਰਕੇ ਉਹਨਾਂ ਨੂੰ ਬੀਜੇਪੀ ਓਵਰਸੀਜ ਦਾ ਅਹੁਦਾ ਦੇ ਕੇ ਸ਼ਾਮਲ ਕੀਤਾ ਸੀ। ਜਾਣਕਾਰੀ ਦਿੰਦਿਆਂ ਰਤਨ ਸਿੰਘ ਨੇ ਦੱਸਿਆ ਕਿ ਉਹ ਓਵਰਸੀਜ ਬੀਜੇਪੀ ਦੇ ਅਹੁਦੇ ਅਤੇ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਇਸ ਕਾਰਨ ਦਿੰਦੇ ਹਨ,ਕਿ ਮੋਦੀ ਸਰਕਾਰ ਨੇ ਕਿਸਾਨ ਵਿਰੋਧੀ ਤਿੰਨ ਬਿੱਲਾਂ ਨੂੰ ਲਾਗੂ ਕਰਕੇ ਪੰਜਾਬ ਦੇ ਕਿਸਾਨਾਂ ਦਾ ਭਾਰੀ ਨੁਕਸਾਨ ਕਰ ਦਿੱਤਾ ਹੈ।ਉਹਨਾਂ ਕਿਹਾ ਕਿ ਉਹ ਪੰਜਾਬ ਦੇ ਕਿਸਾਨਾਂ ਦੇ ਹਿੱਤ ਵਿੱਚ ਖੜੇ ਹਨ।ਅਤੇ ਪੰਜਾਬ ਦੀ ਕਿਰਸਾਨੀ ਨਾਲ ਕੀਤੇ ਧੱਕੇ ਦਾ ਉਹ ਵਿਰੋਧ ਕਰਦੇ ਹਨ।ਜਿਸ ਕਰਕੇ ਉਹ ਬੀਜੇਪੀ ਓਵਰਸੀਜ ਦੀਆ ਸਾਰੀਆਂ ਜ਼ੁੰਮੇਵਾਰੀਆਂ ਨੂੰ ਤਿਆਗਦੇ ਹੋਏ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੰਦੇ ਹਨ।ਰਤਨ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਅਜੇ ਵੀ ਕਿਸਾਨਾਂ ਦਾ ਭਲਾ ਕਰ ਸਕਦੀ ਹੈ। ਜੇਕਰ ਪੰਜਾਬ ਤੇ ਹਰਿਆਣਾ ਦੋਨੋ ਸੂਬਿਆਂ ਨੂੰ ਇਹਨਾਂ ਬਿੱਲਾ ਤੋ ਵੱਖ ਕਰ ਦੇਵੇ। ਪਰ ਅਜਿਹਾ ਇਸ ਸਰਕਾਰ ਨੇ ਕਰਨਾ ਨਹੀਂ ਹੈ। ਕਿਉਂਕਿ ਸਰਕਾਰ ਨੇ ਆਪਣਾ ਕਿਸਾਨ ਵਿਰੋਧੀ ਚਿਹਰਾ ਨੰਗਾ ਕਰਕੇ ਪੰਜਾਬੀਆਂ ਦੀ ਹਮਾਇਤ ਖੋਹ ਲਈ ਹੈ।ਰਤਨ ਸਿੰਘ ਨੇ ਕਿਹਾ ਕਿ ਉਹਨਾਂ ਨੇ ਬੀਜੇਪੀ ਦੀ ਸੀਨੀਅਰ ਲੀਡਰਸ਼ਿਪ ਨੂੰ ਵੀ ਇਸ ਸੰਬੰਧੀ ਦਸ ਦਿੱਤਾ ਹੈ। ਪਰ ਉਹਨਾਂ ਨੇ ਮੇਰੇ ਅਸਤੀਫ਼ੇ ਤੇ ਟਿੱਪਣੀ ਕਰਨ ਦੀ ਬਜਾਏ ਟਾਲ ਮਟੋਲ ਵਾਲੀ ਸਥਿੱਤੀ ਦਾ ਪ੍ਰਗਟਾਵਾ ਕੀਤਾ ਹੈ।ਅਤੇ ਉਹ ਅੱਜ ਤੋ ਬਾਅਦ ਉਹ ਬੀਜੇਪੀ ਦੇ ਕਿਸੇ ਵੀ ਕਾਰਗੁਜ਼ਾਰੀ ਵਿੱਚ ਹਿੱਸਾ ਨਹੀਂ ਲੈਣਗੇ।

# ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਯਾਤਰੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ

ਵਾਸ਼ਿੰਗਟਨ : ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿੱਖੇ ਮਈ ਮਹੀਨੇ ਵਿਚ ਤਾਲਾਬੰਦੀ ਤੋਂ ਬਾਦ ਮੁੜ ਤੋਂ ਸ਼ੁਰੂ ਹੋਈਆਂ ਉਡਾਣਾਂ ਤੇ ਯਾਤਰੀਆਂ ਦੀ ਗਿਣਤੀ ਵਿਚ ਹਰ ਮਹੀਨੇ ਲਗਾਤਾਰ ਵਾਧਾ ਹੋ ਰਿਹਾ ਹੈ। ਏਅਰਪੋਰਟ ਅਥਾਰਟੀ ਆਫ ਇੰਡੀਆ ਦੁਆਰਾ ਟਵੀਟ ਕਰਕੇ ਜਾਰੀ ਕੀਤੇ ਗਏ ਅੰਕੜਿਆਂ ਦੇ ਅਨੁਸਾਰ ਜੁਲਾਈ ਦੇ ਮੁਕਾਬਲੇ ਅਗਸਤ ਮਹੀਨੇ ਵਿੱਚ ਯਾਤਰੀਆਂ ਦੀ ਗਿਣਤੀ ਵਿੱਚ ੨੯ ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ।

ਇਸ ਸੰਬੰਧੀ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਅੰਕੜਿਆਂ ਦੇ ਅਨੁਸਾਰ, ਘਰੇਲੂ ਯਾਤਰੀਆਂ ਦੀ ਗਿਣਤੀ ਵਿੱਚ ੪੧.੩ ਪ੍ਰਤੀਸ਼ਤ ਦਾ ਵਾਧਾ ਹੋਇਆ। ਸਰਕਾਰ ਵੱਲੋਂ ਉਡਾਣਾਂ ਦੇ ਨਿਯਮਾਂ ਵਿੱਚ ਤਬਦੀਲੀ ਨਾਲ, ਘਰੇਲੂ ਯਾਤਰੀਆਂ ਦੀ ਗਿਣਤੀ ਜੁਲਾਈ ਵਿੱਚ ੨੨,੩੮੯ ਤੋਂ ਵਧ ਕੇ ਅਗਸਤ ਮਹੀਨੇ ਵਿੱਚ ੩੧,੬੫੨ ਹੋ ਗਈ। ਘਰੇਲੂ ਉਡਾਣਾਂ ਲਈ ਹਵਾਈ ਅੱਡੇ ਤੋਂ ਜਹਾਜਾਂ ਦੇ ਆਉਣ ਤੇ ਜਾਣ ਦੀ ਗਿਣਤੀ ਵੀ ਜੁਲਾਈ ਵਿਚ ੨੬੬ ਤੋਂ ਵਧ ਕੇ ਅਗਸਤ ਵਿਚ ੩੭੬ ਹੋ ਗਈ। ਅੰਤਰਰਾਸ਼ਟਰੀ ਉਡਾਣਾਂ ਲਈ ਜਹਾਜ਼ਾਂ ਦੀ ਕੁੱਲ ਸੰਖਿਆ ਵੀ ਜੁਲਾਈ ਵਿਚ ੫੮ ਤੋਂ ਵਧ ਕੇ ਅਗਸਤ ਵਿਚ ੮੩ ਹੋ ਗਈ ਪਰ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਿੱਚ ੯੮੩੭ ਤੋਂ ਅਗਸਤ ਵਿਚ ੯੯੫੬ ਯਾਤਰੀਆਂ ਦਾ ਮਾਮੂਲੀ ਵਾਧਾ ਹੋਇਆ।

ਯਾਤਰੀਆਂ ਅਤੇ ਉਡਾਨਾਂ ਦੀ ਗਿਣਤੀ ਵਿਚ ਵਾਧੇ ਬਾਰੇ ਗੁਮਟਾਲਾ ਨੇ ਕਿਹਾ ਕਿ ਮਹਾਂਮਾਰੀ ਦੇ ਦੌਰਾਨ, ਅਜੇ ਵੀ ਹਵਾਈ ਅੱਡੇ ਤੋਂ ਕੈਨੇਡਾ ਅਤੇ ਹੋਰਨਾਂ ਮੁਲਕਾਂ ਲਈ ਵਿਸ਼ੇਸ਼ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕੀਤੇ ਜਾਣ ਦੀ ਸਮਰੱਥਾ ਹੈ। ਆਉਣ ਵਾਲੇ ਮਹੀਨਿਆਂ ਵਿਚ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਧੇਗੀ ਕਿਉਂਕਿ ਏਅਰ ਇੰਡੀਆ ਨੇ ੨੪ ਅਕਤੂਬਰ ਤੱਕ ਹਫਤੇ ਵਿਚ ਇਕ ਦਿਨ ਲੰਡਨ ਹੀਥਰੋ ਅਤੇ ਬਰਮਿੰਘਮ ਲਈ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਹਨ। ਇਸ ਤੋਂ ਇਲਾਵਾ ਇੰਡੀਗੋ, ਸਪਾਈਸ ਜੈੱਟ ਅਤੇ ਏਅਰ ਇੰਡੀਆ ਐਕਸਪੈਸ ਵਲੋਂ ਯੂ.ਏ.ਈ. ਦੇ ਸ਼ਾਰਜਾਹ, ਦੁਬਈ ਅਤੇ ਆਬੂਦਾਬੀ ਹਵਾਈ ਅੱਡਿਆਂ ਲਈ ਉਡਾਣਾਂ ਚਲਾਈਆਂ ਜਾ ਰਹੀਆਂ ਹਨ।

ਗੁਮਟਾਲਾ ਨੇ ਕਿਹਾ ਕਿ ੨੫ ਅਗਸਤ ਨੂੰ ਤਕਰੀਬਨ ੧੦ ਸਾਲਾਂ ਬਾਅਦ, ਭਾਰਤ ਦੀ ਰਾਸ਼ਟਰੀ ਏਅਰਲਾਈਨ ਏਅਰ ਇੰਡੀਆ ਨੇ ਆਪਣੀ ਪਹਿਲੀ ਸਿੱਧੀ ਉਡਾਣ ਲੰਡਨ ਹੀਥਰੋ ਅਤੇ ਅੰਮ੍ਰਿਤਸਰ ਦਰਮਿਆਨ ਚਲਾਈ। ਅਸੀਂ ਏਅਰ ਇੰਡੀਆ, ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦਾ ਧੰਨਵਾਦ ਕਰਦੇ ਹਾਂ ਕਿ ੨੪ ਅਕਤੂਬਰ ਤੱਕ ਵੰਦੇ ਭਾਰਤ ਮਿਸ਼ਨ ਤਹਿਤ ਏਅਰ ਇੰਡੀਆ ਵਲੋਂ ਲੰਡਨ ਅਤੇ ਬਰਮਿੰਘਮ ਲਈ ਇਹ ਉਡਾਣਾਂ ਚਲ ਰਹੀਆਂ ਹਨ। ਪੰਜਾਬੀਆਂ ਦੀ ਮੰਗ ਹੈ ਕਿ ਹੀਥਰੋ ਲਈ ਭਵਿੱਖ ਵਿਚ ਵੀ ਹੁਣ ਪੱਕੀਆਂ ਸਿੱਧੀਆਂ ਉਡਾਣਾਂ ਜਾਰੀ ਰੱਖੀਆਂ ਜਾਣ। ਇੱਥੇ ਇਹ ਦੱਸਣਾ ਵਰਨਣਯੋਗ ਹੈ ਕਿ ਯੂਕੇ ਦੀ ਸਰਕਾਰ ਵਲੋਂ ਅਪ੍ਰੈਲ-ਮਈ ਮਹੀਨੇ ਤਾਲਾਬੰਦੀ ਦੋਰਾਨ ਭਾਰਤ ਵਿਚੋਂ ਸਭ ਤੋਂ ਵੱਧ ੨੮ ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਅੰਮ੍ਰਿਤਸਰ ਤੋਂ ਹੀਥਰੋ ਲਈ ਕੀਤਾ ਗਿਆ ਸੀ ਜਿਸ ਨਾਲ ਤਕਰੀਬਨ ੮੫੦੦ ਤੋਂ ਵੱਧ ਨਾਗਰਿਕ ਆਪਣੇ ਘਰ ਵਾਪਸ ਗਏ ਸਨ।

ਜੁਲਾਈ ਅਤੇ ਅਗਸਤ ਦੇ ਮਹੀਨੇ ਦੌਰਾਨ ਯੂਏਈ ਦੀਆਂ ਫਲਾਈ ਦੁਬਈ, ਏਅਰ ਅਰੇਬੀਆ ਅਤੇ ਕੁਵੈਤ ਦੀਆਂ ਜਜ਼ੀਰਾ ਤੇ ਕੁਵੇਤ ਏਅਰਵੇਜ਼ ਨੇ ਵੀ ਭਾਰਤ ਨਾਲ ਕੀਤੇ ਗਏ ਅਸਥਾਈ ਹਵਾਈ ਸਮਝੋਤਿਆਂ ਤਹਿਤ ਅੰਮ੍ਰਿਤਸਰ ਲਈ ਉਡਾਣਾਂ ਚਲਾਈਆਂ ਪਰ ਸਤੰਬਰ ਮਹੀਨੇ ਤੋਂ ਇਹ ਉਡਾਣਾਂ ਸਿਰਫ ਭਾਰਤ ਦੀਆਂ ਹਵਾਈ ਕੰਪਨੀਆਂ ਵਲੋਂ ਹੀ ਚਲਾਈਆ ਜਾ ਰਹੀਆਂ ਹਨ। ਜਿਕਰਯੋਗ ਹੈ ਕਿ ਕਈ ਸਾਲਾਂ ਤੋਂ ਖਾੜੀ ਮੁਲਕਾਂ ਦੀਆਂ ਹਵਾਈ ਕੰਪਨੀਆਂ ਅੰਮ੍ਰਿਤਸਰ ਲਈ ਉਡਾਣਾਂ ਸ਼ੁਰੂ ਕਰਨ ਲਈ ਤਿਆਰ ਹੋਣ ਦੇ ਬਾਵਜੂਦ ਅਜਿਹਾ ਕਰਨ ਤੋਂ ਅਸਮਰੱਥ ਹਨ, ਕਿਉਂਕਿ ਅੰਮ੍ਰਿਤਸਰ ਹਵਾਈ ਅੱਡਾ ਭਾਰਤ ਨਾਲ ਦੁਵੱਲੇ ਹਵਾਈ ਸਮਝੌਤਿਆਂ ਵਿੱਚ ਸ਼ਾਮਲ ਨਹੀਂ ਹੈ।

ਗੁਮਟਾਲਾ ਨੇ ਕਿਹਾ ਕਿ ਕੈਨੇਡਾ ਆਓਣ ਜਾਣ ਵਾਲੇ ਪੰਜਾਬੀਆਂ ਨੂੰ ਕੁੱਝ ਨਿਰਾਸ਼ਾ ਵੀ ਹੋਈ ਹੈ ਕਿ ਅਪ੍ਰੈਲ-ਮਈ ਮਹੀਨੇ ਵਿਚ ਮੁਕੰਮਲ ਤਾਲਾਬੰਦੀ ਦੌਰਾਨ ਕੈਨੇਡਾ ਦੇ ਭਾਰਤ ਵਿੱਚ ਸਥਿਤ ਵਿਦੇਸ਼ ਦਫਤਰ ਵਲੋਂ ਕਤਰ ਏਅਰਵੇਜ਼ ਦੇ ਸਹਿਯੋਗ ਨਾਲ ਭਾਰਤ ਵਿੱਚੋਂ ਸਭ ਤੋਂ ਵੱਧ ਟੋਰਾਂਟੋ, ਵੈਨਕੂਵਰ ਅਤੇ ਮਾਂਟਰੀਅਲ ਲਈ ਕੁੱਲ ੨੫ ਉਡਾਨਾਂ ਦਾ ਅੰਮ੍ਰਿਤਸਰ ਤੋਂ ਸੰਚਾਲਨ ਕਰਨ ਦੇ ਬਾਵਜੂਦ, ਏਅਰ ਇੰਡੀਆ ਵਲੋਂ ਵੰਦੇ ਭਾਰਤ ਮਿਸ਼ਨ ਤਹਿਤ ਕੈਨੇਡਾ ਲਈ ਅੰਮ੍ਰਿਤਸਰ ਤੋਂ ਕੋਈ ਵੀ ਸਿੱਧੀ ਉਡਾਣ ਦਾ ਸੰਚਾਲਨ ਨਹੀਂ ਕੀਤਾ।

# ਅਸੀਂ ਛੋਟੇ ਛੋਟੇ ਗਰੁੱਪਾਂ ਵਿੱਚ ਦਿੱਲੀ ਨਾਲ ਨਹੀਂ ਲੜ ਸਕਦੇ, ਇੱਕ ਪਲੇਟਫਾਰਮ ਤੇ ਇਕੱਠੇ ਹੋਣ ਦੀ ਲੋੜ-ਗਿੱਲ ਕਾਲੇਕੇ

ਜਿਸ ਦਿਨ ਤੋਂ ਕੇਂਦਰ ਸਰਕਾਰ ਵੱਲੋਂ ਕਿਸਾਨ ਵਿਰੋਧੀ ਫੈਸਲਿਆਂ ਦਾ ਐਲਾਨ ਕੀਤਾ ਉਸੇ ਦਿਨ ਤੋਂ ਹੀ ਵੱਖ-ਵੱਖ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਗਰੁੱਪ ਬਣਾ ਕੇ ਧਰਨੇ ਤੇ ਰੋਸ ਰੈਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਦੋਂਕਿ ਮੇਰੇ ਸੂਝਵਾਨ ਤੇ ਸਿਆਸਤ ਦੀ ਚੰਗੀ ਖੇਡ ਦੇ ਪਹਿਲਵਾਨ ਵੀ ਇਸੇ ਤਰ੍ਹਾਂ ਆਪੋ-ਆਪਣੇ ਪਾਰਟੀ ਵਰਕਰਾਂ ਨੂੰ ਨਾਲ ਲੈਕੇ ਸ਼ਹਿਰਾਂ ਅਤੇ ਕਸਬਿਆਂ ਦੇ ਮੁੱਖ ਬਜ਼ਾਰਾਂ ਵਿੱਚ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਰੋਸ ਮਾਰਚ ਕੱਢਦੇ ਆਮ ਹੀ ਰੋਜ਼ਾਨਾ ਦੇਖਣ ਨੂੰ ਮਿਲ ਰਹੇ ਹਨ।

ਅੱਜ ਸਮੇਂ ਦੀ ਨਜਾਕਤ ਨੂੰ ਦੇਖਦਿਆਂ ਸਾਨੂੰ ਆਪਸੀ ਗਿਲੇ ਸ਼ਿਕਵੇ ਅਤੇ ਮਨ ਮਿਟਾ ਖਤਮ ਕਰਦੇ ਹੋਏ ਇੱਕ ਕਿਸੇ ਵੀ ਸਿਆਸੀ ਪਾਰਟੀ ਜਾਂ ਕਿਸੇ ਵੀ ਧੜੇ ਨਾਲ ਸਬੰਧਤ ਸਮਝਣ ਦੀ ਬਜਾਏ ਇੱਕ ਆਮ ਪੰਜਾਬੀ ਹੋਣ ਦਾ ਫਰਜ਼ ਨਿਭਾਉਂਦੇ ਹੋਏ ਦਿੱਲੀ ਵੱਲ ਚਾਲੇ ਪਾਉਣ ਲਈ ਸਾਨੂੰ ਸਾਰਿਆਂ ਨੂੰ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਇੱਕ ਪਲੇਟਫਾਰਮ ਤੇ ਇਕੱਠੇ ਹੋਣ ਦੀ ਲੋੜ ਹੈ ਤਾਂ ਹੀ ਅਸੀਂ ਇਹ ਜੰਗ ਜਿੱਤ ਕੇ ਆਪਣੇ ਹੱਸਦੇ ਵੱਸਦੇ ਪੰਜਾਬ, ਪੰਜਾਬੀਅਤ ਅਤੇ ਕਿਸਾਨੀ ਨੂੰ ਬਚਾ ਸਕਦੇ ਹਾਂ ਪ੍ਰੰਤੂ ਜੇਕਰ ਅਸੀਂ ਅਜਿਹਾ ਨਾਂ ਕਰਦੇ ਹੋਏ ਆਪਣੀ ਜ਼ਿੱਦ ਤੇ ਅੜੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਦਿੱਲੀ ਤਖ਼ਤ ਤੇ ਬੈਠਾ ਅਜਗਰ ਸਾਡੇ ਪੰਜਾਬ ਦਾ ਨਾਮ ਹੀ ਦੇਸ਼ ਦੇ ਨਕਸ਼ੇ ਤੋਂ ਗਾਇਬ ਕਰ ਦੇਵੇਗਾ ਇਸ ਆਰਡੀਨੈਂਸ ਬਿੱਲ ਦਾ ਇਕੱਲਾ ਕਿਸਾਨਾਂ ਨੂੰ ਨੂੰ ਨੁਕਸਾਨ ਨਹੀਂ ਹੋਵੇਗਾ ਸਗੋਂ ਮਜ਼ਦੂਰਾਂ, ਦੁਕਾਨਦਾਰਾਂ ਅਤੇ ਹੋਰ ਛੋਟੇ ਕਾਰੋਬਾਰੀਆਂ ਨੂੰ ਇਹਨਾਂ ਲਾਗੂ ਕੀਤੇ ਜਾਣ ਵਾਲੇ ਲੋਕ ਮਾਰੂ ਫੈਸਲਿਆਂ ਦਾ ਸੰਤਾਪ ਹਰ ਕਿਸੇ ਨੂੰ ਆਪਣੇ ਪਿੰਡੇ ਤੇ ਹੰਡਾਉਣ ਲਈ ਮਜਬੂਰ ਹੋਣਾ ਪਵੇਗਾ ਸੋ ਜਾਤ ਪਾਤ ਦੇ ਕੋਹੜ ਨੂੰ ਦੂਰ ਕਰ ਕੇ ਹਰ ਧਰਮ ਅਤੇ ਹਰ ਵਰਗ ਦੇ ਲੋਕ ਇੱਕਜੁਟ ਹੋ ਕੇ ਦਿੱਲੀ ਵੱਲ ਕੂਚ ਕਰਨ ਵਾਲੇ ਕਾਫ਼ਲੇ ਦਾ ਹਿੱਸਾ ਬਣਨ ਨਹੀਂ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਥੋਂ ਇਹ ਪੁੱਛਿਆ ਕਰਨਗੀਆਂ ਕਿ ਪਾਪਾ ਪੰਜਾਬ ਕਿਸਨੂੰ ਕਹਿੰਦੇ ਨੇ, ਫਿਰ ਸਾਡੇ ਸਿਰ ਸ਼ਰਮ ਨਾਲ ਝੁਕ ਜਾਣ ਲਈ ਮਜਬੂਰ ਹੋ ਕੇ ਲੰਘੇ ਵੇਲੇ ਨੂੰ ਕੋਸਦਿਆਂ ਇਹ ਕਹਿਣਗੇ ਕਿ ਕਾਸ਼ ਅਸੀਂ ਉਸ ਵਕਤ ਏਕਤਾ ਕਰਕੇ ਦਿੱਲੀ ਵੱਲ ਚਾਲੇ ਪਾ ਪੰਜਾਬ ਅਤੇ ਪੰਜਾਬੀਅਤ ਨੂੰ ਸੰਭਾਲਣ ਦਾ ਯਤਨ ਕਰਦੇ ਤਾਂ ਅੱਜ ਇਹ ਦਿਨ ਨਾਂ ਦੇਖਣੇ ਪੈਂਦੇ ਅਸੀਂ ਅਜ਼ੇ ਵੀ ਉਹਨਾਂ ਕਿਸਾਨ ਮਾਰੂ ਅਤੇ ਆਮ ਲੋਕ ਮਾਰੂ ਫੈਸਲਿਆਂ ਦਾ ਵਿਰੋਧ ਕਰਦੇ ਹੋਏ ਇਸਨੂੰ ਰੱਦ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਮਜਬੂਰ ਕਰ ਸਕਦੇ ਹਾਂ ਜੇਕਰ ਪੇਂਡੂ ਧੜੇਬੰਦੀਆਂ, ਅਤੇ ਸਿਆਸਤ ਨੂੰ ਕੁਝ ਸਮੇਂ ਲਈ ਭੁੱਲ ਕੇ ਇੱਕ ਆਮ ਇਨਸਾਨ ਸਿਰਫ ਪੰਜਾਬੀ ਹੋਣ ਦਾ ਫਰਜ਼ ਨਿਭਾਉਂਦੇ ਹੋਏ ਦਿੱਲੀ ਦੇ ਤਖ਼ਤ ਤੇ ਫਨ ਖਿਲਾਰੀ ਬੈਠੇ ਅਜਗਰ ਨੂੰ ਆਪਣੀ ਰੁੱਡ ਵਿੱਚ ਜਾਣ ਲਈ ਮਜਬੂਰ ਕਰ ਸਕਦੇ ਹਾਂ ਕਿਉਂਕਿ ਇਸ ਜ਼ਹਿਰੀਲੇ ਅਜਗਰ ਨੇ ਪੰਜਾਬ ਨੂੰ ਨਿਗਲਣ ਦਾ ਪੱਕਾ ਮਨ ਬਣਾਇਆ ਹੋਇਆ ਹੈ ਸੋ ਗਰੁੱਪਾਂ ਵਿੱਚ ਧਰਨੇ ਦੇਣ ਦੀ ਬਜਾਏ ਸਾਰੇ ਪੰਜਾਬ ਦੇ ਕਿਸਾਨ, ਮਜ਼ਦੂਰ , ਦੁਕਾਨਦਾਰ



ਅਤੇ ਆਮ ਲੋਕ ਇੱਕ ਦਿਨ ਦਾ ਪ੍ਰੋਗਰਾਮ ਉਲੀਕਦਿਆਂ ਦਿੱਲੀ ਤਖ਼ਤ ਨੂੰ ਜ਼ੋਰਦਾਰ ਹਲੂਣਾ ਦੇ ਕੇ ਦਿੱਲੀ ਤਖ਼ਤ ਨੂੰ ਕੰਬਣੀ ਲਗਾ ਦੇਈਏ ਤਾਂ ਜ਼ੋ ਉਹਨਾਂ ਨੂੰ ਪਤਾ ਲੱਗ ਜਾਵੇ ਕਿ ਪੰਜਾਬੀ ਅਸਲ ਵਿੱਚ ਕੀ ਚੀਜ਼ ਹਨ ਉਸ ਤੋਂ ਬਾਅਦ ਸਾਡੇ ਹੱਸਦੇ ਵੱਸਦੇ ਪੰਜਾਬ ਵੱਲ ਕੋਈ ਇਹੋ ਜਿਹਾ ਚਾਹ ਵੇਚਣ ਵਾਲਾ ਕਦੇ ਵੀ ਟੇਢੀ ਨਜ਼ਰ ਨਾਲ ਨਹੀਂ ਦੇਖੇਗਾ ਅਤੇ ਸਾਡੇ ਹੱਕਾਂ ਤੇ ਡਾਕਾ ਮਾਰਨ ਦੀ ਅੱਗੇ ਤੋਂ ਕੋਈ ਕੋਸ਼ਿਸ਼ ਨਹੀਂ ਕਰੇਗਾ ਅਤੇ ਇਹ ਆਰਡੀਨੈਂਸ ਬਿੱਲ ਫਿਰ ਪੰਜਾਬ ਦੀ ਤਾਕਤ ਅੱਗੇ ਕੀ ਹੱਥ ਜੋੜ ਕੇ ਰੱਦ ਕਰਨੇ ਪੈਣਗੇ।

ਬਸ ਹੁਣ ਲੋੜ ਹੈ ਸਾਨੂੰ ਇਹ ਵਿਚਾਰ ਕਰਕੇ ਆਪਣਾ ਮਨ ਬਣਾਉਣ ਦੀ ਕਿ ਜੇਕਰ ਅਸੀਂ ਪੰਜਾਬ, ਪੰਜਾਬੀਅਤ ਅਤੇ ਕਿਸਾਨੀ ਤੋਂ ਇਲਾਵਾ ਆਮ ਲੋਕਾਂ ਨੂੰ ਬਚਾਉਣਾ ਹੈ ਤਾਂ ਸਾਨੂੰ ਸਭ ਨੂੰ ਗਰੁੱਪਾਂ ਦੀ ਬਜਾਏ ਕੁਝ ਦਿਨ ਲਈ ਇੱਕ ਪਲੇਟਫਾਰਮ ਤੇ ਇਕੱਠੇ ਹੋ ਕੇ ਜ਼ੋਰਦਾਰ ਹਲੂਣਾ ਦਿੱਤਾ ਜਾਵੇ ਨਹੀਂ ਤਾਂ ਆਉਣ ਵਾਲਾ ਸਮਾਂ ਸਾਡੇ ਲਈ ਸੰਭਾਲਣਾ ਮੁਸ਼ਕਲ ਹੀ ਨਹੀਂ ਨਾ ਮੁਮਕਿਨ ਹੋ ਜਾਵੇਗਾ ਫੈਸਲਾ ਆਪ ਸਭ ਦੇ ਹੱਥ ਹੈ।

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

ਪ੍ਰੀਤਨਾਮਾ

ADVISORY BOARD

ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ
+1 (201) 312-4180
*******************

ਜੋਗਾ ਸਿੰਘ
******************************

ਜਸਵਿੰਦਰ ਸਿੰਘ ਨਿਊਜਰਸੀ
******************************

ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
******************************

ਜੀ. ਐਸ ਸਿੰਘ ਪੰਜਾਬ
******************************

ਸੁਖਮੰਦਰ ਬਰਾੜ (ਭਗਤਾ ਭਾਈਕਾ) ਵੈਨਕੂਵਰ,
******************************

ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

**ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਅਸੀਂ ਪਾਠਕਾਂ ਅਤੇ ਲੇਖਕਾਂ ਨੂੰ ਵਿਸ਼ਵਾਸ ਆਧਾਰ ’ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।**

Preetnamausa@gmail.com
www.preetnama.com

# ਸੰਪਾਦਕੀ

## ਜ਼ਰੂਰੀ ਵਸਤਾਂ ਸੋਧ ਬਿਲ: ਆਮ ਲੋਕਾਂ ਦੀ ਵੀ ਹੋ ਸਕਦੀ ਹੈ ਲੁੱਟ



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

ਜਦੋਂ ਵੀ ਕੋਈ ਪਰਿਵਰਤਨ ਲਿਆਂਦਾ ਜਾਂਦਾ ਹੈ ਤਾਂ ਇਸ ਦੇ ਨਾਲ ਹੀ ਸੰਦੇਹਵਾਦ ਅਤੇ ਅਨਿਸ਼ਚਿਤਤਾ ਵੀ ਆਉਂਦੀ ਹੈ, ਕਿਉਂਕਿ ਇਹ ਯਥਾ ਸਥਿਤੀ ਨੂੰ ਉਲਟ-ਪੁਲਟ ਕਰ ਦਿੰਦਾ ਹੈ ਅਤੇ ਜੇਕਰ ਇਹ ਜਿਉਂ ਦੀ ਤਿਉਂ ਸਥਿਤੀ ਯੁਗਾਂ ਤੋਂ ਚਲਦੀ ਆ ਰਹੀ ਹੋਵੇ, ਤਾਂ ਸੰਦੇਹਵਾਦ ਸਪੱਸ਼ਟ ਤੌਰ 'ਤੇ ਅਵੱਗਿਆ ਬਣ ਜਾਂਦਾ ਹੈ। ਵਿਰੋਧੀ ਧਿਰ ਉਨ੍ਹਾਂ ਤਿੰਨ ਕਾਨੂੰਨਾਂ ਦਾ ਵਿਰੋਧ ਕਰ ਰਹੀ ਹੈ ਜੋ ਮੋਦੀ ਸਰਕਾਰ ਨੇ ਕਿਸਾਨਾਂ ਨੂੰ ਸਾਲਾਂ ਪੁਰਾਣੀ ਸ਼ੋਸ਼ਣ ਪ੍ਰਣਾਲੀ ਤੋਂ ਮੁਕਤ ਕਰਨ ਲਈ ਲਿਆਂਦੇ ਹਨ। ਕੁੱਲ ਮਿਲਾ ਕੇ ਬਿੱਲਾਂ ਦਾ ਟੀਚਾ ਕਿਸਾਨਾਂ ਨੂੰ ਸ਼ਕਤੀਸ਼ਾਲੀ ਬਣਾਉਣਾ ਅਤੇ ਉਨ੍ਹਾਂ ਦੀ ਉਪਜ ਬਾਰੇ ਫੈਸਲਾ ਲੈਣ ਲਈ ਵਿਚੋਲਿਆਂ ਦੀ ਮਰਜ਼ੀ 'ਤੇ ਨਿਰਭਰ ਕਰਨ ਦੀ ਬਜਾਏ,ਕਿਸਾਨ ਦੁਆਰਾ ਵਧੇਰੇ ਸਰਗਰਮ ਭੂਮਿਕਾ ਨਿਭਾਏ ਜਾਣ ਵਿੱਚ ਸਹਾਇਤਾ ਕਰਨਾ ਹੈ। ਕਈ ਦਹਾਕਿਆਂ ਤੋਂ ਕਿਸਾਨ ਮੰਡੀਆਂ ਅਤੇ ਵਿਚੋਲਿਆਂ (ਆੜ੍ਹਤੀਆਂ) ਦੀ ਸ਼ੋਸ਼ਣ ਪ੍ਰਣਾਲੀ ਵਿੱਚ ਫਸੇ ਹੋਏ ਹਨ, ਜਿਸ ਕਰਕੇ ਉਨ੍ਹਾਂ ਨੂੰ ਕਦੇ ਵੀ ਉਨ੍ਹਾਂ ਦੇ ਉਤਪਾਦਾਂ ਦਾ ਪੂਰੇ ਤੌਰ 'ਤੇ ਲਾਹੇਵੰਦ ਮੁੱਲ ਨਹੀ ਮਿਲਣ ਦਿੱਤਾ ਗਿਆ। ਉਨ੍ਹਾਂ ਦੀ ਸਾਲਾਨਾ ਆਮਦਨਵਧਣੀ ਬੰਦ ਹੋ ਗਈ ਹੈ ਕਿਉਂਕਿ ਉਨ੍ਹਾਂ ਵਿੱਚੋਂ ਸੈਂਕੜੇ ਕਿਸਾਨ ਭਾਰੀ ਕਰਜ਼ ਹੇਠ ਆ ਗਏ ਹਨ। ਇਸ ਉਦਾਸੀ ਭਰੇ ਮਾਹੌਲ ਵਿੱਚ, ਸੰਸਦ ਦੁਆਰਾ ਬਣਾਏ ਗਏ ਤਿੰਨ ਬਿਲਾਂ ਨਾਲ ਸਾਡੇ ਦੇਸ਼ ਦੇ ਗ੍ਰਾਮੀਣ ਵਿਹੜਿਆਂ ਵਿੱਚ ਤਾਜ਼ੀ ਹਵਾ ਦਾ ਇੱਕ ਬੁੱਲਾ ਆਉਣ ਦੀ ਉਮੀਦ ਹੈ ਅਤੇ ਇਹ ਦੇਸ਼ ਭਰ ਦੇ ਕਿਸਾਨਾਂ ਦੇ ਹਾਲਾਤ ਬਦਲਣ ਲਈ ਇਹ ਮਹੱਤਵਪੂਰਨ ਪਲ ਸਾਬਤ ਹੋ ਸਕਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਤਿੰਨ ਬਿਲਾਂ- ਫਾਰਮਰਸ? ਪ੍ਰੋਡਕਟ ਟ੍ਰੇਡ ਐਂਡ ਕਮਰਸ (ਪ੍ਰਮੋਸ਼ਨ ਐਂਡ ਫੈਸਿਲਿਟੇਸ਼ਨ) ਬਿਲ, ਫਾਰਮਰਸ? (ਸਸ਼ਕਤੀਕਰਨ ਅਤੇ ਸੁਰੱਖਿਆ) ਐਗਰੀਮੈਂਟ ਆਫ? ਪ੍ਰਾਈਸ ਅਸ਼ੋਰੈਂਸ ਐਂਡ ਫਾਰਮ ਸਰਵਿਸਿਜ਼ ਬਿਲ, ਅਤੇ ਅਸੈਂਸ਼ੀਅਲ ਕਮੌਡਿਟੀਜ਼ (ਅਮੈਂਡਮੈਂਟ) ਬਿਲ ਕਾਰਨ ਮੌਜੂਦਾ ਐੱਮਐੱਸਪੀ ਪ੍ਰਣਾਲੀ ਅਤੇ ਏਪੀਐੱਮਸੀ (ਖੇਤੀਬਾੜੀ ਉਤਪਾਦ ਮਾਰਕੀਟ ਕਮੇਟੀਆਂ) ਦੀ ਵਿਵਸਥਾ ਨਾਲ ਕੋਈ ਛੇੜਛਾੜ ਨਹੀ ਕੀਤੀ ਗਈ ਗੱਲ ਸਿਰਫ ਇੰਨੀ ਹੈ ਕਿ ਕਿਸਾਨਾਂ ਨੂੰ ਕੁਝ ਹੋਰ ਵਿਕਲਪ ਦਿੱਤੇ ਗਏ ਹਨ। ਫਾਰਮਰਸ ਪ੍ਰੋਡਕਟ ਟ੍ਰੇਡ ਐਂਡ ਕਮਰਸ (ਪ੍ਰਮੋਸ਼ਨ ਐਂਡ ਫੈਸਿਲਿਟੀ) ਬਿਲ, 2020, ਕਿਸਾਨਾਂ ਨੂੰ ਨੋਟੀਫਾਈਡ ਏਪੀਐੱਮਸੀ ਦੇ ਖੁੱਲ੍ਹੇ ਬਜ਼ਾਰ (ਮੰਡੀਆਂ) ਦੇ ਅਤਿਰਿਕਤ ਵੀ ਆਪਣੀ ਫ਼ਸਲ ਵੇਚਣ ਦੀ ਆਜ਼ਾਦੀ ਦਿੰਦਾ ਹੈ। ਇਸਦਾ ਟੀਚਾ ਮੁਕਾਬਲੇ ਵਾਲੇ ਵਿਕਲਪਿਕ ਵਪਾਰਕ ਚੈਨਲਾਂ ਜ਼ਰੀਏ ਵਾਜਬ ਕੀਮਤਾਂ ਦੀ ਸਹੂਲਤ ਦੇਣਾ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਇਸ ਦਾ ਮਕਸਦ ਏਪੀਐੱਮਸੀ ਨੂੰ ਬੰਦ ਕਰਨਾ ਨਹੀਂ ਬਲਕਿ ਕਿਸਾਨ ਲਈ ਵਿਕਲਪਾਂ ਦਾ ਵਿਸਤਾਰ ਕਰਨਾ ਹੈ। ਇਸ ਲਈ, ਜੇਕਰ ਇੱਕ ਕਿਸਾਨ ਮੰਨਦਾ ਹੈ ਕਿ ਕੁਝ ਹੋਰ ਪ੍ਰਾਈਵੇਟ ਖਰੀਦਦਾਰਾਂ ਨਾਲ ਬਿਹਤਰ ਸੌਦਾ ਸੰਭਵ ਹੈ ਤਾਂ ਉਹ ਏਪੀਐੱਮਸੀ ਮੰਡੀ ਵਿੱਚ ਵੇਚਣ ਦੀ ਬਜਾਏ, ਦੂਸਰਾ ਵਿਕਲਪ ਲੈ ਸਕਦਾ ਹੈ। ਇਸ ਬਿਲ ਨਾਲ ਕਿਸਾਨਾਂ ਦੀ ਦਸ਼ਾ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਬਹੁਤ ਅੱਗੇ ਵਧਣ ਦੀ ਉਮੀਦ ਕੀਤੀ ਜਾ ਰਹੀ ਹੈ ਕਿਉਂਕਿ ਮੰਡੀਆਂ ਅਤੇ ਵਿਚੋਲਿਆਂ ਦੀ ਭੂਮਿਕਾ ਪਿਛਲੇ ਕਾਫ਼ੀ ਸਮੇਂ ਤੋਂ ਕਿਸਾਨਾਂ ਨੂੰ ਇੱਕ ਦੁਸ਼ਟ ਚੱਕਰ ਵਿੱਚ ਬੰਨ੍ਹ ਕੇ ਰੱਖ ਰਹੀ ਹੈ। ਆੜ੍ਹਤੀਆਂ ਦੇ ਰਹਿਮ 'ਤੇ ਰਹਿਣ ਕਾਰਨ ਸ਼ਾਇਦ ਹੀ ਕਿਸਾਨ ਬਾਹਰ ਦੀ ਜ਼ਿੰਦਗੀ ਦੀ ਪਰਿਕਲਪਨਾ ਕਰ ਸਕੇ ਹੋਣ। ਇਹ ਬਿਲ ਉਨ੍ਹਾਂ ਨੂੰ ਵਿਚੋਲਿਆਂ ਦੇ ਚੁੰਗਲ ਵਿੱਚੋਂ ਬਾਹਰ ਨਿਕਲਣ ਵਿੱਚ ਮਦਦ ਕਰੇਗਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਉਤਪਾਦਾਂ ਦੀ ਮਾਰਕੀਟਿੰਗ ਲਈ ਨਵੇਂ ਸਿਰਿਉਂ ਸੋਚਣ ਦੀ ਅਜ਼ਾਦੀ ਦੇਵੇਗਾ। ਦ ਫਾਰਮਰਜ਼ (ਐਂਪਾਵਰਮੈਂਟ ਐਂਡ ਪ੍ਰੋਟੈਕਸ਼ਨ)ਐਗ੍ਰੀਮੈਂਟ ਆਵ? ਅਸ਼ੋਰੈਂਸ ਐਂਡ ਫਾਰਮ ਸਰਵਿਸਿਜ਼ ਬਿਲ, 2020 ਕਿਸਾਨਾਂ ਨੂੰ ਐਗ੍ਰੀਬਿਜ਼ਨਸ ਫਰਮਾਂ, ਪ੍ਰੋਸੈੱਸਰਾਂ, ਥੋਕ ਵਿਕ੍ਰੇਤਿਆਂ, ਨਿਰਯਾਤਕਾਂ ਆਦਿ ਨਾਲ ਪਹਿਲਾਂ ਤੋਂ ਹੀ ਭਵਿੱਖ ਦੀਆਂ ਖੇਤੀ ਉਪਜਾਂ ਦੀ ਪੂਰਵ ਨਿਰਧਾਰਿਤ ਕੀਮਤ ਉੱਤੇ ਵਿਕਰੀ ਕਰਨ ਲਈਕਰਾਰ (ਕੰਟਰੈਕਟ) ਕਰਨ ਦੀ ਰੂਪ-ਰੇਖਾ ਪ੍ਰਦਾਨ ਕਰਦਾ ਹੈ- ਅਰਥਾਤ ਕਿਸਾਨ ਨੇ ਇੱਕ ਕੰਪਨੀ ਨਾਲ ਲਿਖਤੀ ਕਰਾਰ (ਕੰਟਰੈਕਟ) ਦਸਤਖਤ ਕਰਨਾ ਹੈ ਕਿ ਆਪਣੀ ਉਪਜ ਦਾ ਉਚਿਤ ਮੁੱਲ ਲੈਣ ਲਈ ਕੇਵਲ ਉਹੀ ਫ਼ਸਲ ਉਗਾਵੇਗਾ ਜੋ ਕੰਪਨੀ ਚਾਹੁੰਦੀ ਹੈ। ਇਸ ਦੇ ਇਲਾਵਾ,ਇਹ ਬਿਲ ਮਾਰਕਿਟ ਦੀ ਅਨਿਸ਼ਚਿਤਤਾ ਦੇ ਜ਼ੋਖਮਾਂ ਨੂੰ ਕਿਸਾਨਾਂ ਦੀ ਬਜਾਏ ਪ੍ਰਾਯੋਜਕਾਂ ਉੱਤੇ ਪਾਉਣਾ ਚਾਹੁੰਦਾ ਹੈ। ਇਸ ਨਾਲ ਕਿਸਾਨਾਂ ਨੂੰ ਆਧੁਨਿਕ ਟੈਕਨੋਲੋਜੀ ਅਤੇ ਬਿਹਤਰ ਇਨਪੁਟਸ ਮਿਲਣ ਦੀ ਉਮੀਦ ਕੀਤੀ ਜਾਂਦੀ ਹੈ। ਖੇਤੀਬਾੜੀ ਸੈਕਟਰ ਵਿੱਚ ਇੱਕ ਸਭ ਤੋਂ ਖ਼ਰਾਬ ਤੇ ਕਮਜ਼ੋਰ ਕਾਰਕ ਇਹ ਰਿਹਾ ਹੈ ਕਿ ਕਿਸਾਨਾਂ ਨੂੰ ਆਤਮਨਿਰਭਰ ਬਣਾਉਣ ਲਈ ਖੇਤੀ ਉਤਪਾਦਾਂ ਦੀ ਪ੍ਰੋਸੈੱਸਿੰਗ, ਵੈਲਿਊ ਐਡੀਸ਼ਨ ਜਾਂ ਮਾਰਕਿਟਿੰਗ ਅਤੇ ਵਪਾਰ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਦੇਸ਼ ਦੇ ਕੁੱਲ ਖੇਤੀ ਉਪਜ ਵਿੱਚੋਂ ਸਿਰਫ਼ ਪੰਜ ਪ੍ਰਤੀਸ਼ਤ ਹੀ ਪ੍ਰੋਸੈੱਸਿੰਗ ਲਈ ਜਾਂਦੀ ਹੈ ਜੋ ਅਮਰੀਕਾ ਸਮੇਤ ਹੋਰ ਦੇਸ਼ਾਂ ਦੇ ਮੁਕਾਬਲੇ ਬਹੁਤ ਹੀ ਘੱਟ ਹੈ, ਜਿੱਥੇ ਕਿ ਇਹ 50 ਪ੍ਰਤੀਸ਼ਤ ਹੈ। ਜ਼ਰੂਰੀ ਵਸਤਾਂ (ਸੋਧ) ਬਿਲ, 2020 ਅਨਾਜ, ਦਾਲ਼ਾਂ, ਤੇਲ ਬੀਜਾਂ, ਪਿਆਜ਼ ਅਤੇ ਆਲੂ ਜਿਹੀਆਂ ਵਸਤਾਂ ਨੂੰ ਜ਼ਰੂਰੀ ਵਸਤਾਂ ਦੀ ਸੂਚੀ ਵਿੱਚੋਂ ਹਟਾਉਂਦਾ ਹੈ ਅਤੇ ਯੁੱਧ, ਕਾਲ ਜਾਂ ਕਿਸੇ ਕੁਦਰਤੀ ਅਪਦਾ ਜਿਹੀਆਂ ਅਸਾਧਾਰਣ ਸਥਿਤੀਆਂ ਨੂੰ ਛੱਡ ਕੇ ਅਜਿਹੀਆਂ ਵਸਤਾਂ ਉੱਤੇ ਸਟਾਕ ਹੋਲਡਿੰਗ ਦੀਆਂ ਸੀਮਾਵਾਂ ਲਾਗੂ ਕਰਨ ਤੋਂ ਛੁਟਕਾਰਾ ਦਿੰਦਾ ਹੈ। ਇਹ ਮੁਕੱਦਮਾ ਚਲਾਏ ਜਾਣ ਦੇ ਡਰ ਤੋਂ ਬਗੈਰ, ਖੁਰਾਕੀ ਵਸਤਾਂ ਦਾ ਖੁੱਲ੍ਹੇਆਮ ਭੰਡਾਰ ਕਰਨ ਦੀ ਆਗਿਆ ਦੇਣ ਦਾ ਪ੍ਰਸਤਾਵ ਰੱਖਦਾ ਹੈ। ਤਿੰਨਾਂ ਬਿਲਾਂ ਪਿੱਛੇ ਪਰਿਕਲਪਿਤ ਵਿਚਾਰ ਇਹ ਹੈ ਕਿ ਫਾਰਮ ਮਾਰਕਿਟਾਂ ਨੂੰ ਇਸ ਉਮੀਦ ਨਾਲ ਉਦਾਰ ਬਣਾਉਣਾ ਹੈ ਕਿ ਅਜਿਹਾ ਕਰਨ ਨਾਲ ਸਿਸਟਮ ਹੋਰ ਸਮਰੱਥ ਬਣੇਗਾ ਅਤੇ ਸਾਰੇ ਸਬੰਧਤ ਲੋਕਾਂ, ਖ਼ਾਸ ਕਰਕੇ ਕਿਸਾਨਾਂ ਲਈ ਬਿਹਤਰ ਕੀਮਤਾਂ ਉਪਲੱਬਧ ਹੋਣਗੀਆਂ। ਮੁੱਖ ਸਰੋਕਾਰ, ਸੰਭਵ ਤੌਰ 'ਤੇ, ਭਾਰਤੀ ਖੇਤੀ ਨੂੰ ਵਰਤਮਾਨ ਨਾਲੋਂ ਵਧੇਰੇ ਲਾਭਕਾਰੀ ਉਦਯੋਗ ਬਣਾਉਣਾ ਹੈ। ਇਹ ਬਿਲ ਅਜਿਹੇ ਸਮਝੌਤਿਆਂ 'ਤੇ ਇੱਕ ਰੂਪ-ਰੇਖਾ ਤਿਆਰ ਕਰਦੇ ਹਨ ਜੋ ਕਿਸਾਨਾਂ ਨੂੰ ਖੇਤੀ ਨਾਲ ਜੁੜੇ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ, ਨਿਰਯਾਤਕਾਂ ਅਤੇ ਪ੍ਰਚੂਨ ਵਿਕ੍ਰੇਤਿਆਂ ਨਾਲ ਸੇਵਾਵਾਂ ਅਤੇ ਉਤਪਾਦਾਂ ਦੀ ਵਿਕਰੀ ਲਈ ਸਿੱਧੇ ਤੌਰ 'ਤੇ ਸ਼ਾਮਲ ਹੋਣ ਦੀ ਆਗਿਆ ਦਿੰਦੇ ਹਨ। ਇਹ ਸਭ ਭਾਰਤ ਦੇ ਮਿਹਨਤੀ ਕਿਸਾਨਾਂ ਦੀ ਆਧੁਨਿਕ ਟੈਕਨੋਲੋਜੀ ਤੱਕ ਪਹੁੰਚ ਬਣਾ ਕੇ ਹਾਸਲ ਕੀਤਾ ਜਾਵੇਗਾ। ਨਿਊਨਤਮ ਸਮਰਥਨ ਮੁੱਲ (ਐੱਮਐੱਸਪੀ) ਬਾਰੇ ਬਹੁਤ ਸਾਰੀ ਗ਼ਲਤ ਜਾਣਕਾਰੀ ਫੈਲਾਈ ਜਾ ਰਹੀ ਹੈ। ਕਿਸਾਨਾਂ ਨੂੰ ਇਹ ਦੱਸ ਕੇ ਇੱਕ ਡਰ ਦਾ ਮਨੋਵਿਕਾਰ ਪੈਦਾ ਕੀਤਾ ਜਾ ਰਿਹਾ ਹੈ ਕਿ ਬਿਲਾਂ ਦੇ ਪਾਸ ਹੋਣ ਨਾਲ ਐੱਮਐੱਸਪੀ ਦਾ ਖਾਤਮਾ ਕਰ ਦਿੱਤਾ ਜਾਵੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ, ਦੋਹਾਂ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਹੈ ਕਿ ਐੱਮਐੱਸਪੀ ਹਮੇਸ਼ਾ ਦੀ ਤਰ੍ਹਾਂ ਜਾਰੀ ਰਹੇਗਾ, ਅਤੇ ਇਸ ਦੀ ਪੁਸ਼ਟੀ ਇਸ ਗੱਲ ਤੋਂ ਹੋ ਜਾਂਦੀ ਹੈ ਕਿ ਕੇਂਦਰ ਨੇ ਇਸ ਸਾਲ, ਆਉਣ ਵਾਲੀਆਂ ਫ਼ਸਲਾਂ ਲਈ ਐੱਮਐੱਸਪੀ ਦਾ ਐਲਾਨ ਪਹਿਲਾਂ ਹੀ ਕਰ ਦਿੱਤਾ ਸੀ। ਕੁਝ ਵਰਗਾਂ ਨੇ ਇਹ ਖਦਸ਼ਾ ਜਤਾਇਆ ਹੈ ਕਿ ਇਹ, ਅਨਾਜ ਸੁਰੱਖਿਆ ਨਾਲ ਸਮਝੌਤਾ ਕਰੇਗਾ ਅਤੇ ਸਹੀ ਸਮੇਂ 'ਤੇ, ਭਾਰਤੀ ਖੁਰਾਕ ਨਿਗਮ ਨੂੰ ਬੰਦ ਕਰ ਦਿੱਤਾ ਜਾਵੇਗਾ, ਜੋ ਕਿ ਫਿਰ ਤੋਂ ਇੱਕ ਬਹੁਤ ਹੀ ਗੁਮਰਾਹਕੁੰਨ ਧਾਰਨਾ ਹੈ। ਇਹ ਤਿੰਨ ਕਾਨੂੰਨ ਵਪਾਰ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਖੇਤੀ ਉਪਜਾਂ ਦਾ ਡਿਜੀਟਲ ਵਪਾਰ ਸੰਭਵ ਬਣਾਉਣ ਲਈ ਹਨ ਅਤੇ ਕਿਸੇ ਵੀ ਪੜਾਅ 'ਤੇ ਇਹ ਸੰਕੇਤ ਨਹੀਂ ਦਿੰਦੇ ਕਿ ਇਹ ਸਭ ਦੇਸ਼ ਦੀ ਖੁਰਾਕ ਸੁਰੱਖਿਆ ਦੀ ਕੀਮਤ 'ਤੇ ਕੀਤਾ ਜਾਵੇਗਾ। ਗਹੁ ਨਾਲ ਘੋਖਣ 'ਤੇ ਨਵੇਂ ਖੇਤੀਬਾੜੀ ਬਿਲ ਇਹ ਸੁਨਿਸ਼ਚਿਤ ਕਰਨਗੇ ਕਿ ਇਹ ਕਿਸਾਨਾਂ ਦੇ ਸਸ਼ਕਤੀਕਰਨ ਵੱਲ ਇੱਕ ਕਦਮ ਹੈ ਅਤੇ ਇਨ੍ਹਾਂ ਬਿੱਲਾਂ ਦੀ ਨਿੰਦਾ ਕਰਨ ਵਾਲਿਆਂ ਨੂੰ ਪੱਖਪਾਤੀ ਪਰਿਪੇਖਾਂ ਤੋਂ ਉੱਪਰ ਉੱਠਣਾ ਚਾਹੀਦਾ ਹੈ।

**ਪੰਜਾਬ ਦਾ ਅਸਲ ਸੱਭਿਆਚਾਰ ਅਜਿਹੇ ਨੀਵੇ ਦਰਜੇ ਦੀ ਨਹੀ ਸਗੋ ਮਹਾਨ ਸਹੀਦ ਭਗਤ ਸਿੰਘ ,ਊਧਮ ਸਿੰਘ , ਗਦਰੀ ਬਾਬੇ ਵਰਗੇ ਅਜਾਦੀ ਦੇ ਦੀਵਾਨਿਆ ਦੇ ਨਾਲੋ ਨਾਲ ਉਚ ਕੋਟੀ ਦੇ ਲੇਖਕਾ ਜਿਵੇ ਪ੍ਰੋ ਮੋਹਨ ਸਿੰਘ ਜਿੰਨਾ ਫੁੱਲਾ ਦੀ ਕਿਆਰੀ ਨੂੰ ਮਹਿਕਾ ਵੰਡਣ ਵਾਲੀ ਹੱਟ ਨਾਲ ਤੁਲਨਾ ਕਰ ਕੁਦਰਤ ਨੂੰ ਨਿਹਾਰਿਆ ,ਸਿਵ ਕੁਮਾਰ ਬਟਾਲਵੀ ਪਿਆਰ ਦੀਆ ਕੋਮਲ ਭਾਵਨਾਵਾ ਨੂੰ ਬਿਆਨਿਆ ,ਵਾਰਸ ਸਾਹ ਤੇ ਬੁੱਲੇ ਸਾਹ ਨੇ ਗੁਰ ਪੀਰਾ ਦੀ ਬਾਣੀ ਰਾਹੀ ਚਾਨਣ ਵੰਡਿਆ, ਪਾਸ਼ ਵਰਗੇ ਕ੍ਰਾਤੀਕਾਰੀ ਗੀਤਕਾਰਾ ਨੇ ਸੁਪਨੇ ਦੇ ਮਰਨ ਨੂੰ ਖਤਰਨਾਕ ਦੱਸ ਕੇ ਜਿਉਣ ਦੇ ਅਸਲ ਮਕਸਦ ਲਈ ਪ੍ਰੇਰਿਆ ਜੋ ਸਾਨੂੰ ਵਿਰਸੇ ਦੇ ਦਾਇਰੇ ਵਿੱਚ ਰਹਿ ਕੇ ਅੱਗੇ ਵਧਣ ਦੇ ਹੋਸਲੇ ਦਿੰਦੇ ਹਨ**



# ਨਸ਼ੇ, ਹਥਿਆਰ ਤੇ ਲੱਚਰਪਣ ਵਿੱਚ ਗ੍ਰਸਿਆ
# ਅਜੋਕੇ ਸਮੇ ਦਾ ਪੰਜਾਬੀ ਸੰਗੀਤ



**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ**
**(ਪੰਜਾਬ) ਮੋ 78374-90309**

ਕਿਸੇ ਵੀ ਦੇਸ ਦੀ ਭਾਸ਼ਾ ,ਲੋਕ ਨ੍ਰਿਤ ਤੇ ਨਾਟਕ ਕਲਾ ਉਥੇ ਦੇ ਸੱਭਿਆਚਾਰ ਨੂੰ ਪ੍ਰਤੱਖ ਰੂਪ ਵਿੱਚ ਪੇਸ਼ ਕਰਨ ਲਈ ਹਮੇਸਾ ਵਡਮੁੱਲਾ ਯੋਗਦਾਨ ਪਾਉਦੇ ਹਨ। ਪੁਰਾਤਨ ਕਾਲ ਵਿੱਚ ਰਾਜੇ ਆਪਣੇ ਖੇਤਰ ਦੀਆ ਵੰਨਗੀਆ ਨੂੰ ਲੋਕਾ ਤੱਕ ਪੁਹਚਾਉਣ ਲਈ ਸੰਜੀਦਾ ਕਲਾਕਾਰ ਰੱਖਦੇ ਸਨ ਜੋ ਇਸ ਨੂੰ ਸੇਧਦਾਇਕ ਤੇ ਸਰਲ ਭਾਸ਼ਾ ਵਿੱਚ ਢਾਲਦੇ । 1947 ਅਜਾਦੀ ਤੋ ਬਾਅਦ ਵੀ ਇਹ ਰੀਤ ਉਸੇ ਤਰਾ ਪ੍ਰਚਿੱਲਤ ਹੈ ਤੇ ਕਲਾਕਾਰ ਆਪਣੇ ਰਾਜ ਦੀ ਮੂਲ਼ ਭਾਸ਼ਾ ਤੇ ਨਾਚ ਰਾਹੀ ਸੰਸਾਰ ਵਿਚ ਆਪਣਾ ਸੱਭਿਆਚਾਰ ਨੂੰ ਪ੍ਰਫੁੱਲਤ ਕਰਦੇ ਹਨ ਜਿਵੇ ਕੇਰਲਾ ਦਾ ਕੱਥਕਲੀ ,ਹਰਿਆਣੇ ਦੀ ਰਾਂਗਣੀ ,ਕਸ਼ਮੀਰ ਦਾ ਬੂਮਰੋ ,ਅਸਾਮ ਦਾ ਬੀਹੂ ਰਾਜ ਦੀ ਪਹਿਚਾਣ ਦਾ ਪ੍ਰਤੀਕ ਹੈ। ਉਸੇ ਤਰਾ ਪੰਜਾਬ ਦੇ ਸੱਭਿਆਚਾਰ ਵਿਚੋ ਇਥੋ ਦਾ ਭੰਗੜਾ ਤੇ ਗੀਤ ਸੰਗੀਤ ਇਕ ਅਜਿਹੀ ਜੋਸੀਲੀ ਤੇ ਰਸੀਲੀ ਕਲਾ ਹੈ ਜਿਸਨੂੰ ਦੂਜੇ ਰਾਜਾ ਦੇ ਨਾਲੋ ਨਾਲ ਪੂਰੀ ਦੁਨੀਆ ਸਭ ਵੱਧ ਪਸੰਦ ਕਰਦੀ ਹੈ। ਦਹਾਕਿਆ ਪਹਿਲਾ ਇਥੇ ਦੇ ਲੋਕ ਗਾਇਕ , ਢਾਡੀ ,ਕਵੀਸਰ ਵਿਰਸੇ ਨਾਲ ਜੁੜੀਆ ਗਾਥਾਂਵਾ ,ਜੋਧਿਆ ਦੀਆ ਵਾਂਰਾ ,ਮਿਰਜੇ-ਸਹਿਬਾ ,ਸੱਸੀ ਪੁਨੂੰ ,ਸੀਰੀ ਫਰਿਆਦ ਦੇ ਕਿੱਸੇ ,ਅਤੇ ਵੀਰ ਰਸ ਨੂੰ ਸੁਰੀਲੇ ਤੇ ਸੱਭਿਆਚਾਰ ਪੱਖ ਤੋ ਮਨੋਰੰਜਨ ਲਈ ਪੇਸ ਕਰਦੇ ਸਨ। ਜਿਸਨੂੰ ਵੱਡੇ -ਛੋਟੇ ਸਭ ਲੋਕੀ ਮਿਲ ਕੇ ਦੇਖਦੇ ਪਰ ਸਮੇ ਦੀ ਕਰਵਟ ਨੇ ਨਾਲ ਅਜੋਕੇ ਸਮੇ ਦੇ ਗੀਤਕਾਰ ਆਪਣਾ ਸਾਨ੍ਹਾਮੱਤਾ ਇਤਿਹਾਸ ਭੁੱਲਾ ਕੇ ਗੀਤ ਰੂਪੀ ਮਾਲਾ ਵਿੱਚ ਨਸ਼ਾ ,ਹਥਿਆਰ ਤੇ ਨੀਵੀ ਸਬਦਾਵਲੀ ਦੀ ਵਰਤੋ ਨਾਲ ਸਿਰਫ ਕਾਰੋਬਾਰ ਪੱਖੋ ਪ੍ਰਪੱਕ ਹੋਣ ਵੱਲ ਤੁਰ ਪਏ ਤੇ ਨੌਜਵਾਨ ਪੀੜੀ ਨੂੰ ਮੁਕ ਗਈ ਫੀਮ,ਨਸ਼ੇ @ਚ ਟੈਟ ਗੋਰੀਏ ,ਜੇਲ੍ਹਾ ,ਗੈਂਗਵਾਰ,ਸਰਾਬ ਪੀ ਕੇ ਬਾਂਹ ਫੜਨ ਦੀ ਹੱਲਾਸੇਰੀ ਤੇ ਹੋਸਟਲ ਵਿੱਚ ਪੜਾਈ ਦੀ ਜਗ੍ਹਾ ਦਾਰੂ ਪੀਣ ਦੇ ਗਾਣਿਆ ਨਾਲ ਜਿਹੜੇ ਰਸਤੇ ਦਿਖਾਏ ਜਾਦੇ ਹਨ ਉਹ ਕਿਸੇ ਤੋ ਛੁਪੇ ਨਹੀ ਸਿਰਫ ਆਪਣੇ ਗਾਣੇ ਦੀ ਵਾਹ -ਵਾਹ ਲਈ ਸੰਗੀਤਕ ਕੰਪਨੀਆ ਤੇ ਗਾਇਕਾ ਨੇ ਵੀਡੀਓ ਵਿੱਚ ਕਾਲਜਾ ਨੂੰ ਪ੍ਰਧਾਨਗੀ ਤੇ ਲੜਾਈਆ ਦੇ ਅੱਡੇ ,ਵਿਆਹ ਸਾਦੀਆ ਗੋਲੀਆ ਚਲਾਉਣ ਤੇ ਰੋਲੇ ਰੱਪੇ ਤੇ ਬਾਪੂ ਦੇ ਪੈਸੇ ਦੀ ਵਰਤੋ ਮਹਿਗੀਆ ਗੱਡੀਆ,ਨਸ਼ੇ, ਗੁੱਚੀ,ਅਰਮਾਨੀ ,ਪਰਾਡੇ ਦੇ ਫੈਸ਼ਨਾ ਤੱਕ ਹੀ ਉਹਨਾ ਦੀ ਦੁਨੀਆ ਸੀਮਤ ਕਰ ਦਿੱਤੀ। ਬਹੁਤੇ ਗਾਉਣ ਵਾਲੇ ਤਾ ਖੁਦ ਯੂ -ਟਿਊਬ ਤੱਕ ਹੀ ਸਿਮਟ ਕੇ ਰਿਹ ਗਏ ਉਂਜ ਭਾਂਵੇ ਨੌਜਵਾਨ ਸਰੋਤਿਆ ਨੂੰ ਭਰਮਾਉਣ ਤੇ ਖੁਦ ਦੇ ਹਾਊਮੇ ਨੂੰ ਪੱਠੇ ਪਾਉਣ ਲਈ ਖਰੀਦੇ ਹੋਏ ਲ਼ੱਖਾ ਲਾਈਕ ਤੇ ਕਮੈਂਟਾ ਨਾਲ ਆਪਣਾ ਸੋਸਲ ਮੀਡੀਆ ਵਾਲੇ ਪੇਜ ਵਥੇਰਾ ਹਰਾ ਭਰਾ ਬਣਾ ਰੱਖਦੇ । ਇਹਨਾ ਅਵੱਲੇ ਸੋਕਾ ਵਾਲੀ ਸੰਗੀਤਕ ਲਹਿਰ ਕਾਰਨ ਅੱਜ ਵਿਆਹ ਵਰਗੇ ਖੁਸ਼ੀ ਦੇ ਕਾਰਜ ਵੀ ਸਕਿੰਟ ਬਦਲਦੇ ਹੀ ਗਮੀਆ ਵਿੱਚ ਤਬਦੀਲ ਹੋ ਜਾਦੇ ਹਨ।

21ਵੀ ਸਦੀ ਦੇ ਮਾਪਿਆ ਲਈ ਆਉਣ ਵਾਲਾ ਸਮਾ ਹੋਰ ਵੀ ਘਾਤਕ ਸਾਬਿਤ ਹੋਵੇਗਾ ਇਕਹਿਰੇ ਪਰਿਵਾਰ ਦੀ ਅੰਤਰੰਗੀ ਵੇਗ ਕਾਰਨ ਸਮੇ ਦੀ ਤੇਜ ਚਾਲ ਨੂੰ ਫੜਨ ਜਾ ਨਾਲ ਚੱਲਣ ਲਈ ਉਹਨਾ ਆਪਣੇ ਬੱਚਿਆ ਨੂੰ ਖੇਡਣ ,ਚੁੱਪ ਕਰਵਾਉਣ ਤੇ ਰੁੱਝੇ ਰੱਖਣ ਲਈ ਮੈਦਾਨੀ ਜਾ ਪੇਂਡੂ ਦੇਸੀ ਖੇਡਾ ਨਾਲੋ ਟੀ.ਵੀ ,ਮੋਬਾਇਲ ਫੋਨ ਜਾ ਯੂ ਟਿਊਬ ਦੇ ਚੱਲ ਰਹੇ ਗਾਣਿਆ , ਵਿਡੀਓ ਗੇਮਾ ਵਾਲਾ ਸੋਖਾ ਤਰੀਕਾ ਲੱਭ ਲਿਆ ਪਰ ਇਸ ਵਿਚੋ ਨਿਕਲਦੀਆ ਮਾਰੂ ਕਿਰਨੇ ਨਾਲੋ ਵੀ ਉਹ ਟੀ.ਵੀ ਪ੍ਰੋਗਰਾਮ ਜਾ ਗਾਣੇ ਘਾਤਕ ਹਨ ਜਿਹੜੇ ਉਹਨਾ ਦੇ ਮਨ ਉਪਰ ਡੂੰਘੀ ਛਾਪ ਛੱਡਦੇ ਹਨ ਜਿਸ ਕਾਰਨ ਨਸ਼ੇ ਦੇ ਜਾਲ ਵਿਚ ਫਸੇ ਬੱਚੇ ਤੇ ਬਲ ਅਪਰਾਧ ਦਾ ਗ੍ਰਾਫ ਦਿਨੋ ਦਿਨ ਵਧਦਾ ਜਾ ਰਿਹਾ ਹੈ।

ਬਦਲੀ ਫਿਜਾ ਦੇ ਪਦਾਰਥਵਾਦੀ ਯੁੱਗ ਅੰਦਰ ਅੱਜ ਸੰਗੀਤਕ ਕੰਪਨੀਆ ਮੁਨਾਫੇ ਦੀ ਲਾਲਸਾ ਵਿੱਚ ਸਕੂਨਮਈ ਸੰਗੀਤ ਨੂੰ ਕੰਨ ਫਾੜੂ ਤੇ ਪੱਛਮੀ ਰੋਲੇ-ਰੱਪੇ ਨਾਲ ਪੰਜਾਬੀ ਭਾਸਾ ਦੇ ਨਿਰਾਦਰ ਕਰਨ ਵਿੱਚ ਲੱਗੇ ਹੋਏ ਹਨ।ਜਿਸ ਦਾ ਖਮਿਆਜਾ ਪੰਜਾਬੀਆ ਨੂੰ ਭੁਗਤਣਾ ਪਵੇਗਾ। ਕਿਉ ਕਿ ਕਿਸੇ ਕੌਮ ਨੂੰ ਮਿਟਾਉਣ ਲਈ ਜਰੂਰੀ ਨਹੀ ਤੋਪਾ ਜਾ ਬੰਬਾ ਦੀ ਲੋੜ ਹੋਵੇ ਜੇ ਉਸ ਕੋਲੋ ਉਸਦੀ ਭਾਸ਼ਾ ਤੇ ਸੱਭਿਆਚਾਰ ਹੀ ਖੋਹ ਲਿਆ ਜਾਵੇ ਤਾ ਉਹ ਕੌਮ ਆਪਣੇ ਆਪ ਨਸ਼ਟ ਹੋ ਜਾਵੇਗੀ।ਇਸਨੂੰ ਸੰਭਾਲਣ ਲਈ ਨਵੇ ਗੀਤਕਾਰ ਆਪਣਾ ਅਣਮੁੱਲਾ ਯੋਗਦਾਨ ਪਾ ਸਕਦੇ ਹਨ ਜੇ ਉਹ ਪੰਜਾਬ ਦੀ ਬੇਰੁਜਗਾਰੀ,ਗਰੀਬੀ ਤੇ ਕਿਸਾਨੀ ਖੁਦਕਸ਼ੀਆ ਨੂੰ ਗੀਤਾ ਰਾਹੀ ਸਰਕਾਰਾ ਦੇ ਦਰ ਰਾਗ ਅਲਾਪਣ। ਐਂਵੇ ਨੀ ਹਕੂਮਤਾ ਅੱਜ ਵੀ ਲੋਕ ਕਵੀ ਲਾਲ ਸਿੰਘ ਦਿਲ ਤੇ ਸੰਤ ਰਾਮ ਉਦਾਸੀ ਦੀ ਲੇਖਣੀ ਨੂੰ ਸਕੂਲੀ ਸਿਲੇਬਸ ਵਿਚ ਦਰਜ ਕਰਨ ਤੋ ਡਰਦੀਆ ਅਤੇ ਸਰਕਾਰੀ ਨੀਤੀਆ ਦੇ ਮਾਰੇ ਦਬੇ ਕੁਚਲੀ ਮੇਹਨਤ ਜਮਾਤ ਅਤੇ ਇਹਨਾ ਦੇ ਹੱਕਾ ਲਈ ਲੜਦੇ ਸੰਘਰਸੀ ਲੋਕ ਹੁਣ ਵੀ

ਮਾਂ ਧਰਤੀ ਤੇਰੀ ਗੋਦ ਨੰ ਚੰਨ ਹੋਰ ਵਥੇਰੇ , ਤੂੰ ਮਘਦਾ ਰਹੀ ਵੇ ਸੂਰਜਾ ਕੰਮੀਆ ਦੇ ਵੇਹੜੇ

ਵਰਗੇ ਗੀਤ ਨੂੰ ਦਿਲ ਚ ਸਮੋਈ ਬੈਠੇ ਹਨ। ਪਰ ਅਜੋਕੇ ਗੀਤਕਾਰਾ ਦਾ ਕਿਸਾਨ (ਜੱਟ) ਖੇਤਾ 'ਚ ਕੱਢ ਔਡੀ ,ਫੋਰਡ ,ਬੁਲਟ ਤੋ ਥੱਲੇ ਨਹੀ ਉਤਰਨ ਦਿੰਦੇ , ਨਸ਼ੇ ਵਿੱਚ ਚੂਰ ਪੱਬ ,ਕਲੱਬ ਵਿੱਚ ਐਸਾ ਕਰਦਾ ਹੀ ਦਿਖਾਉਦਾ ਹਨ। ਧਨੀ ਰਾਮ ਚਾਤਰਿਕ ਦੇ ਗੀਤਾ ਵਾਲਾ ਕਿਸਾਨ ਜਿਹੜਾ ਸਾਲਾਬੱਧੀ ਇਕ ਵਾਰ ਮੇਲਾ ਦੇਖਦਾ ਦਮਾਮੇ ਮਾਰਦਾ ਜੱਟ ਅਤੇ ਗਰੀਬ ਕਿਸਾਨ ਕਵਿਤਾ ਦਾ ਉਹ ਮੇਹਨਤੀ ਪਾਤਰ ਖੇਤਾ ਵਿੱਚ ਰਾਤਾ ਨੂੰ ਕੰਮ ਕਰਦਿਆ ਹੇਕਾ ਲਾਉਦਾ ਜਾ ਇਕ ਕਿਸਮਤ ਦਾ ਬਲੀ ਜਾਗ ਰਿਹਾ ਕਿਰਸਾਨ ਖੇਤੀ ਪਾਣੀ ਲਾਉਦਿਆ ਹੱਥ ਨੀਲੇ ਹੁੰਦੇ ਜਾਣ ਕਿਧਰੇ ਵੀ ਨਜਰ ਨਹੀ ਆ ਰਿਹਾ। ਪਹਿਲਾ ਹੀ ਨਸ਼ੇ ਵਿੱਚ ਗਲਤਾਨ ਜਵਾਨੀ ਨੂੰ ਮੋੜਨਾ ਔਖਾ ਹੋਇਆ ਪਿਆ ਹੈ। ਇਹ ਹੋਰ ਬਲਦੀ ਤੇ ਤੇਲ ਪਾ ਰਹੇ ਹਨ। ਕੰਪਨੀਆ ਵਾਲੇ ਔਰਤ ਨੂੰ ਇਕ ਵਸਤੂ ਦੀ ਤਰਾ ਪੇਸ ਕਰਕੇ ਕਮਾਈ ਦਾ ਸਾਧਨ ਸਮਝ ਰਹੇ ਉਪਰੋ ਗਇਕਾਵਾ ਵੀ ਇਸ ਪਾਸੇ ਘੱਟ ਨਹੀ ਆਪਣੀ ਫੋਕੀ ਵਹੋ ਵਾਹੀ ਲਈ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੂੰ ਆਪਣੀ ਟੀ.ਵੀ ਇੰਟਰਵਿਊ ਵਿੱਚ ਆਦਰਸ ਮੰਨਣ ਵਾਲੀਆ ਉਹਨਾ ਵਾਂਗ ਵਿਰਸ਼ੇ ਦੇ

ਮਾਂਵਾ ਤੇ ਧੀਆ ਰਲ ਬੈਠੀਆ ਨੀ ਮਾਏ ਜਾ ,
ਲ਼ੱਠੇ ਦੀ ਚਾਦਰ ਉਤੇ ਮਲੇਟੀ ਰੰਗ ਮਾਹੀਆ

ਵਰਗੇ ਗੀਤਾ ਨੂੰ ਭੁਲਾ ਕੇ ਬੁਲਟਾ ਦੇ ਪਟਾਕੇ ਪਵਾ ਰਹੀਆ ਜਾ ਫਿਰ ਗੁੱਤਾ ਨਾਲ ਸੱਪਾ ਨੂੰ ਡੰਗ ਮਾਰਨੇ ਸਿਖਾਉਣ ਵੱਲ ਤੁਰ ਪਾਈਆ ਹਨ। ਇਹਨਾ ਨੂੰ ਤਾ ਸਾਇਦ ਅਮ੍ਰਿਤਾ ਪ੍ਰੀਤਮ ਦਾ ਪੰਜਾਬੀ ਬੋਲੀ ਪਾਇਆ ਯੋਗਦਾਨ ਵੀ ਚੇਤੇ ਨਹੀ। ਇਥੋ ਤੱਕ ਬਾਣੀ ਵਿਚ ਵੀ ਔਰਤ ਦਾ ਸਤਿਕਾਰ ਕਰਕੇ ਉਚ ਦਰਜਾ ਦਿੰਦੇ ਹੋਏ ਸਤਰਾ ਵੀ ਅੰਕਿਤ ਹਨ।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜੁਨ 1
ਭੰਡਹ ਹੀ ਭੰਡੁ ਉਪਜੈ ਭੰਡੇ ਬਾਝੁ ਨ ਕੋਇ 2


ਉਸਨੂੰ ਕਿਉ ਬੁਰਾ ਅਖੀਏ ਜਿਸਤੋ ਰਾਜਿਆ ਨੇ ਜਨਮ ਲਿਆ ਔਰਤ (ਭੰਡਹ) ਤੋ ਹੀ ਔਰਤ ਜਨਮ ਲੈਦੀ ਹੈ ਸੋ ਔਰਤ ਤੋ ਬਿਨਾ ਸੰਸਾਰ ਕੁਝ ਵੀ ਨਹੀ।

ਪੰਜਾਬ ਦਾ ਅਸਲ ਸੱਭਿਆਚਾਰ ਅਜਿਹੇ ਨੀਵੇ ਦਰਜੇ ਦੀ ਨਹੀ ਸਗੋ ਮਹਾਨ ਸਹੀਦ ਭਗਤ ਸਿੰਘ ,ਊਧਮ ਸਿੰਘ , ਗਦਰੀ ਬਾਬੇ ਵਰਗੇ ਅਜਾਦੀ ਦੇ ਦੀਵਾਨਿਆ ਦੇ ਨਾਲੋ ਨਾਲ ਉਚ ਕੋਟੀ ਦੇ ਲੇਖਕਾ ਜਿਵੇ ਪ੍ਰੋ ਮੋਹਨ ਸਿੰਘ ਜਿੰਨਾ ਫੁੱਲਾ ਦੀ ਕਿਆਰੀ ਨੂੰ ਮਹਿਕਾ ਵੰਡਣ ਵਾਲੀ ਹੱਟ ਨਾਲ ਤੁਲਨਾ ਕਰ ਕੁਦਰਤ ਨੂੰ ਨਿਹਾਰਿਆ ,ਸਿਵ ਕੁਮਾਰ ਬਟਾਲਵੀ ਪਿਆਰ ਦੀਆ ਕੋਮਲ ਭਾਵਨਾਵਾ ਨੂੰ ਬਿਆਨਿਆ ,ਵਾਰਸ ਸਾਹ ਤੇ ਬੁੱਲੇ ਸਾਹ ਨੇ ਗੁਰ ਪੀਰਾ ਦੀ ਬਾਣੀ ਰਾਹੀ ਚਾਨਣ ਵੰਡਿਆ, ਪਾਸ਼ ਵਰਗੇ ਕ੍ਰਾਤੀਕਾਰੀ ਗੀਤਕਾਰਾ ਨੇ ਸੁਪਨੇ ਦੇ ਮਰਨ ਨੂੰ ਖਤਰਨਾਕ ਦੱਸ ਕੇ ਜਿਉਣ ਦੇ ਅਸਲ ਮਕਸਦ ਲਈ ਪ੍ਰੇਰਿਆ ਜੋ ਸਾਨੂੰ ਵਿਰਸੇ ਦੇ ਦਾਇਰੇ ਵਿੱਚ ਰਿਹ ਕੇ ਅੱਗੇ ਵਧਣ ਦੇ ਹੋਸਲੇ ਦਿੰਦੇ ਹਨ। ਸਰਜੀਤ ਪਾਤਰ ਵਰਗੇ ਆਸਾਵਾਦੀ ਕਵੀ ਵਿਗੜੇ ਮਹੋਲ ਤੋ ਬਹਾਰਾ ਦੀ ਗੱਲ ਕਰਦੇ ਕੁਦਰਤ ਦੇ ਨਿਯਮ ਦੀ ਬਲਵਾਨੀ ਬਾਰੇ ਲਿਖਿਆ।

ਜੇ ਆਈ ਪਤਝੜ ਤਾ ਕੀ ਏ , ਤੂੰ ਅਗਲੀ ਰੁੱਤ ਤੇ ਯਕੀਨ ਰੱਖੀ ਮੈ ਲੱਭ ਕੇ ਲੇਉਨਾ ਕਿਤੋ ਕਲਮਾ, ਤੂੰ ਫੁੱਲਾ ਜੋਗੀ ਜਮੀਨ ਰੱਖੀ ਸੋ ਆਉ ਇਸ ਮਹਾਨ ਪੰਜਾਬੀ ਵਿਰਸੇ ਵਿਚ ਮਿਲੇ ਲੇਖਕਾ , ਯੋਧਿਆ , ਗੁਰੂ-ਪੀਰਾ ਦੇ ਯੋਗਦਾਨ ਦਾ ਸਤਿਕਾਰ ਕਰਦਿਆ ਸੇਧਦਾਇਕ ,ਵਜਨੀ ਤੇ ਅਸਲੀਅਤ ਨੇੜੇ ਢੁਕਵਾ ਗੀਤ ,ਸੰਗੀਤ ਤੇ ਨਾਟ ਕਲਾ ਵਾਲੇ ਨਿਰੋਏ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਦੇ ਹੋਏ ਪੰਜਾਬੀਅਤ ਤੇ ਪੰਜਾਬੀ ਭਾਸਾ ਨੂੰ ਬੁਲੰਦੀਆ ਵੱਲ ਲੈ ਜਾਈਏ।

# ਚੀਨ ਖਿਲਾਫ ਭਾਰਤੀ ਫੌਜ ਦੀ ਤਿਆਰੀ

ਪੂਰਬੀ ਲੱਦਾਖ ਵਿੱਚ ਭਾਰਤ-ਚੀਨ ਸਰਹੱਦ 'ਤੇ ਹਾਲਾਤ ਦੀ ਗੰਭੀਰਤਾ ਨੂੰ ਦੇਖਦੇ ਹੋਏ ਭਾਰਤ ਨੇ ਹੁਣ ਟੈਂਕਾਂ ਅਤੇ ਬਖਤਰਬੰਦ ਗੱਡੀਆਂ ਦੀ ਤਾਇਨਾਤੀ ਕਰ ਦਿੱਤੀ ਹੈ। ਇਸ ਸਮੇਂ ਅਸਲ ਕੰਟਰੋਲ ਰੇਖਾ ਉਤੇ ਜਿਸ ਤਰ੍ਹਾਂ ਦੇ ਤਣਾਓਪੂਰਨ ਹਾਲਾਤ ਹਨ, ਉਨ੍ਹਾਂ ਨੂੰ ਦੇਖਦੇ ਹੋਏ ਆਪਣੀਆਂ ਤਿਆਰੀਆਂ ਨੂੰ ਮਜ਼ਬੂਤ ਰੱਖਣਾ ਜ਼ਰੂਰੀ ਹੋ ਗਿਆ ਹੈ। ਭਾਰਤ ਦੇ ਪ੍ਰਤੀ ਚੀਨ ਨੇ ਜਿਸ ਤਰ੍ਹਾਂ ਦਾ ਹਮਲਾਵਰ ਰੁਖ ਅਪਣਾਇਆ ਹੋਇਆ ਹੈ, ਉਸ ਤੋਂ ਇਹ ਅਨੁਮਾਨ ਲਗਾ ਸਕਣਾ ਮੁਸ਼ਕਿਲ ਹੈ ਕਿ ਕਦੋਂ ਉਹ ਭਾਰਤ 'ਤੇ ਹਮਲਾ ਕਰ ਦੇਵੇ। ਗਲਵਾਨ ਘਾਟੀ ਵਿੱਚ 15-16 ਜੂਨ ਦੀ ਰਾਤ ਅਤੇ ਫਿਰ 28-29 ਅਗਸਤ ਦੀ ਰਾਤ ਪੈਂਗੋਂਗ ਦੇ ਦੱਖਣੀ ਹਿੱਸੇ ਵਿੱਚ ਜਿਸ ਤਰ੍ਹਾਂ ਨਾਲ ਚੀਨੀ ਫੌਜੀਆਂ ਨੇ ਭਾਰਤੀ ਖੇਤਰ ਵਿੱਚ ਘੁਸਪੈਠ ਅਤੇ ਹਮਲੇ ਕੀਤੇ, ਉਹ ਉਸ ਦੇ ਰੁਖ ਨੂੰ ਦੱਸਣ ਲਈ ਕਾਫੀ ਹਨ। ਪੈਂਗੋਂਗ ਦੇ ਦੱਖਣੀ ਹਿੱਸੇ ਵਿੱਚ ਉਚਾਈ ਵਾਲੇ ਇਲਾਕਿਆਂ ਵਿੱਚ ਸਥਿਤੀ ਮਜ਼ਬੂਤ ਕਰਨ ਲਈ ਚੀਨ ਨੇ ਟੈਂਕਾਂ ਦਾ ਹੀ ਸਹਾਰਾ ਲਿਆ ਸੀ। ਅਜਿਹੇ ਵਿੱਚ ਹੁਣ ਭਾਰਤ ਸਾਵਧਾਨ ਹੈ ਅਤੇ ਉਹ ਉਸ ਦੀ ਚਾਲ ਨੂੰ ਸਮਝ ਚੁੱਕਾ ਹੈ। ਇਸ ਲਈ ਸਰਹੱਦ 'ਤੇ ਚੀਨੀ ਫੌਜੀਆਂ ਦੇ ਕਿਸੇ ਵੀ ਹਮਲੇ ਦਾ ਜਵਾਬ ਦੇਣ ਦੇ ਲਈ ਭਾਰਤੀ ਫੌਜ ਹਰ ਤਰ੍ਹਾਂ ਨਾਲ ਮੋਰਚੇ ਮਜ਼ਬੂਤ ਕਰ ਚੁੱਕੀ ਹੈ। ਦੇਸ਼ ਦੀ ਆਜ਼ਾਦੀ ਦੇ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਲੱਦਾਖ ਖੇਤਰ ਵਿੱਚ ਐਲ ਏ ਸੀ 'ਤੇ ਭਾਰਤ ਨੂੰ ਦੁਸ਼ਮਣ ਦਾ ਮੁਕਾਬਲਾ ਕਰਨ ਦੇ ਲਈ ਇੰਨੇ ਵੱਡੇ ਪੈਮਾਨੇ ਉਤੇ ਫੌਜੀ ਤਿਆਰੀਆਂ ਕਰਨੀਆਂ ਪਈਆਂ ਹਨ। ਭਾਰਤ-ਚੀਨ ਵਿਚਾਲੇ ਇਹ ਗਤੀਰੋਧ ਆਸਾਨੀ ਨਾਲ ਖਤਮ ਹੋਣ ਵਾਲਾ ਨਹੀਂ ਹੈ। ਭਾਵੇਂ ਹੀ ਫੌਜੀ ਅਤੇ ਕੂਟਨੀਤਕ ਪੱਧਰ ਉਤੇ ਗੱਲਬਾਤ ਚੱਲ ਰਹੀ ਹੋਵੇ ਜਾਂ ਵਿਦੇਸ਼ ਅਤੇ ਰੱਖਿਆ ਮੰਤਰੀਆਂ ਵਿਚਾਲੇ ਵਾਰਤਾਵਾਂ ਹੋਈਆਂ ਹੋਣ, ਸਰਹੱਦ ਉਤੇ ਚੀਨ ਦੀਆਂ ਫੌਜੀ ਤਿਆਰੀਆਂ ਇਹ ਦੱਸਣ ਲਈ ਕਾਫੀ ਹਨ ਕਿ ਉਹ ਕਿਸੇ ਨਾ ਕਿਸੇ ਬਹਾਨੇ ਭਾਰਤ ਨੂੰ ਜੰਗ ਵਿੱਚ ਉਲਝਾਉਣਾ ਚਾਹੁੰਦਾ ਹੈ। ਇਸ ਇਲਾਕੇ ਵਿੱਚ ਚੀਨ ਨੇ ਕਰੀਬ 50 ਹਜ਼ਾਰ ਫੌਜੀਆਂ ਦੀ ਤਾਇਨਾਤੀ ਦੇ ਨਾਲ ਹੀ ਟੈਂਕ, ਲੜਾਕੂ ਜਹਾਜ਼ ਅਤੇ ਹਥਿਆਰਾਂ ਦੇ ਨਾਲ ਮੋਰਚਾ ਜਮਾ ਲਿਆ ਹੈ। ਜ਼ਾਹਿਰ ਹੈ ਕਿ ਇਹ ਵੱਡੇ ਹੀ ਯੋਜਨਾਬੱਧ ਤਰੀਕੇ ਨਾਲ ਅਨੰਤਕਾਲ ਤੱਕ ਇਥੇ ਡਟੇ ਰਹਿਣ ਦੇ ਮਨਸੂਬੇ ਬਣਾਈ ਬੈਠਾ ਹੈ। ਅਜਿਹੇ ਵਿੱਚ ਭਾਰਤ ਦੇ ਸਾਹਮਣੇ ਇਸ ਤੋਂ ਇਲਾਵਾ ਕੋਈ ਬਦਲ ਨਹੀਂ ਰਹਿ ਜਾਂਦਾ ਕਿ ਉਹ ਵੀ ਸਰਹੱਦ 'ਤੇ ਹਰ ਤਰ੍ਹਾਂ ਦੇ ਹਾਲਾਤ ਨਾਲ ਨਿਪਟਣ ਅਤੇ ਦੁਸ਼ਮਣ ਫੌਜ ਨੂੰ ਕਰਾਰਾ ਜਵਾਬ ਦੇਣ ਦੇ ਲਈ ਆਪਣੀ ਪੁਖਤਾ ਫੌਜੀ ਤਿਆਰੀਆਂ ਕਰੇ। ਹਾਲਾਂਕਿ ਗਲਵਾਨ ਘਾਟੀ ਦੀ ਘਟਨਾ ਦੇ ਬਾਅਦ ਤੋਂ ਹੀ ਭਾਰਤ ਸਾਵਧਾਨ ਹੈ ਅਤੇ ਮੋਰਚੇ ਉਤੇ ਸਥਿਤੀ ਮਜ਼ਬੂਤ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਿਹਾ। ਟੈਂਕਾਂ ਤੋਂ ਲੈ ਕੇ ਤੋਪਖਾਨੇ ਅਤੇ ਗੋਲਾ-ਬਾਰੂਦ ਸਣੇ ਜ਼ਰੂਰੀ ਹਥਿਆਰਾਂ ਨੂੰ ਮੋਰਚੇ ਉਤੇ ਪਹੁੰਚਾਇਆ ਜਾ ਚੁੱਕਾ ਹੈ। ਰਾਫੇਲ ਜਹਾਜ਼ਾਂ ਸਣੇ ਹਵਾਈ ਫੌਜ ਦੇ ਲੜਾਕੇ ਜਹਾਜ਼ ਅਤੇ ਹੈਲੀਕਾਪਟਰਾਂ ਦੀ ਤਾਇਨਾਤੀ ਵੀ ਦੱਸ ਰਹੀ ਹੈ ਕਿ ਇਸ ਵਾਰ ਚੀਨ ਨੂੰ ਉਲਝਣਾ ਭਾਰੀ ਪੈ ਸਕਦਾ ਹੈ। ਫੌਜੀ ਮਾਹਿਰ ਵੀ ਇਸ 'ਤੇ ਇਕਮਤ ਹਨ ਕਿ ਭਾਰਤ ਨੂੰ ਹੁਣ ਅਸਲ ਕੰਟਰੋਲ ਰੇਖਾ 'ਤੇ ਆਪਣੀ ਸਥਿਤੀ ਮਜ਼ਬੂਤ ਰੱਖਣੀ ਚਾਹੀਦੀ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਹੁਣ ਇਸ ਇਲਾਕੇ ਵਿੱਚ ਸਥਾਈ ਰੂਪ ਵਿੱਚ ਰਹਿਣਾ ਹੋਵੇਗਾ। ਸੀਮਾ ਸੜਕ ਸੰਗਠਨ ਨੇ ਅਸਲ ਕੰਟਰੋਲ ਰੇਖਾ ਤੱਕ ਜਲਦ ਹੀ ਪਹੁੰਚ ਬਣਾਉਣ ਦੇ ਲਈ ਸੜਕਾਂ ਦਾ ਨੈਟਵਰਕ ਵੀ ਲੱਗਭੱਗ ਤਿਆਰ ਕਰ ਲਿਆ ਹੈ ਤਾਂਕਿ ਜਵਾਨਾਂ ਨੂੰ ਮੋਰਚੇ 'ਤੇ ਤੱਤਕਾਲ ਪਹੁੰਚਾਇਆ ਜਾ ਸਕੇ। ਜਵਾਨਾਂ ਲਈ ਰਾਸ਼ਨ, ਗਰਮ ਕਪੜੇ, ਜੁੱਤੇ, ਰਹਿਣ ਲਈ ਟੈਂਟ ਅਤੇ ਬਾਲਣ ਦੀ ਬੇਰੋਕ ਸਪਲਾਈ ਨੂੰ ਨਿਸ਼ਚਿਤ ਕੀਤਾ ਗਿਆ ਹੈ। ਹਾਲਾਂਕਿ 16 ਹਜ਼ਾਰ ਫੁੱਟ ਦੀ ਉਚਾਈ 'ਤੇ ਅਤੇ ਉਹ ਵੀ ਮਨਫੀ ਤੋਂ ਚਾਲੀ-ਪੰਜਾਹ ਡਿੱਗਰੀ ਹੇਠਾਂ ਤਾਪਮਾਨ ਵਿੱਚ ਲਗਾਤਾਰ ਰਹਿਣਾ ਫੌਜੀਆਂ ਦੇ ਲਈ ਆਸਾਨ ਨਹੀਂ ਹੈ। ਫੌਜ ਦੀ ਇਹ ਤਿਆਰੀਆਂ ਚੀਨ ਨੂੰ ਇਸ ਗੱਲ ਦਾ ਸਾਫ ਸੰਦੇਸ਼ ਹੈ ਕਿ ਹੁਣ ਉਸ ਦੀ ਕਿਸੇ ਵੀ ਕਾਰਵਾਈ ਦਾ ਉਸ ਨੂੰ ਉਸੇ ਦੀ ਭਾਸ਼ਾ ਵਿੱਚ ਜਵਾਬ ਦੇਣ ਦੇ ਲਈ ਭਾਰਤੀ ਫੌਜ ਹਰ ਪਲ ਤਿਆਰ ਹੈ।



# ਨਸ਼ੇ ਦੀ ਓਵਰਡੋਜ਼ ਨਾਲ ਕੁੜੀ ਦੀ ਮੌਤ ਕੀ ਸਾਬਿਤ ਕਰ ਰਹੀ ਹੈ ?

ਨਸ਼ਾ ਭਾਵੇ ਪੰਜਾਬ ਵਿਚ ਕਈਆਂ ਸਦੀਆਂ ਤੋਂ ਆਪਣੀ ਪਕੜ ਬਣਾਈ ਬੈਠਾ ਹੈ।ਪਰ ਪੁਰਾਣਿਆਂ ਵਿੱਚ ਸਮੇ ਲੋਕ ਇੰਨੇ ਨਹੀਂ ਮਰਦੇ ਸੀ।ਜਿੰਨੇ ਅੱਜਕਲ ਨਸ਼ਿਆਂ ਦੇ ਨਾਲ ਮਰ ਰਹੇ ਹਨ।ਪਹਿਲਾਂ ਲੋਕ ਅਫੀਮ ,ਪੋਸਤ ,ਭੁੱਕੀ ,ਡੋਡੇ ,ਭੰਗ ਤੇ ਸ਼ਰਾਬ ਦੀ ਹੀ ਨਸ਼ਾ ਕਰਦੇ ਸਨ। ਨਸ਼ੇ ਭਾਵੇਂ ਇਹ ਵੀ ਚੰਗੇ ਨਹੀਂ ਸਨ।ਪਰ ਫਿਰ ਇਸ ਦੇ ਨਾ



ਖਾਣ ਨਾਲ ਜਾਂ ਬਹੁਤਾ ਖਾਣ ਨਾਲ ਕੋਈ ਮਰਦਾ ਨਹੀਂ ਹੁੰਦਾ ਸੀ।ਹੁਣ ਤਾਂ ਵਿਦੇਸ਼ੀ ਨਸ਼ੇ ਹੈਰੋਇਨ, ਕੋਕੀਨ ,ਸਮੈਕ ,ਬਰਾਊਨ ਸ਼ੂਗਰ ਤੇ ਸਿੰਥੈਟਿਕ ਚਿੱਟੇ ਵਰਗੇ ਬੰਦੇ ਦੀ ਜਾਨ ਪਲ ਵਿੱਚ ਕੱਢ ਲੈਂਦੇ ਹਨ।ਜੇ ਨਾ ਮਿਲਿਆ ਨਸ਼ਈ ਫਿਰ ਵੀ ਨਹੀਂ ਬਚਦਾ ਜੇ ਜਿਆਦਾ ਲਾ ਲਿਆ ਤੇ ਫਿਰ ਵੀ ਮਰ ਜਾਂਦਾ ਹੈ।ਗੱਲ ਕੀ ਕਿ ਜਿਸ ਨੇ ਨਸ਼ਾ ਇਕ ਵਾਰ ਲਾ ਲਿਆ ਸਮਝੋ ਉਸ ਨੂੰ ਰੱਬ ਹੀ ਬਚਾ ਸਕਦਾ ਹੈ ਹੋਰ ਕੋਈ ਨਹੀਂ।ਅਗਲੀ ਗੱਲ ਇਹ ਹੈ ਕਿ ਨਸ਼ਾ ਲਾਇਆ ਹੀ ਨੌਜਵਾਨਾਂ ਨੇ ਆ।ਸਾਡਾ ਸਮਾਜ ਅੱਜ ਇਹ ਕਹੀ ਜਾ ਰਿਹਾ ਹੈ ਕਿ ਮੁੰਡੇ ਕੁੜੀਆਂ ਬਰਾਬਰ ਹਨ।ਜਿਸ ਦਾ ਨਜਾਇਜ਼ ਫਾਇਦਾ ਕੁਝ ਕੁ ਕੁੜੀਆਂ ਲੈ ਰਹੀਆਂ ਹਨ।ਹੋਰ ਕਿਸੇ ਕੰਪੀਟੀਸ਼ਨ ਵਿਚ ਭਾਵੇ ਪਿਛੇ ਰਹਿ ਜਾਣ। ਪਰ ਨਸ਼ੇ ਦੇ ਮੁਕਾਬਲੇ ਵਿੱਚ ਬਰਾਬਰ ਹੀ ਰਹਿਣਾ ਚਾਹੁੰਦੀਆਂ ਹਨ।ਜਿਸ ਦੀ ਮਿਸਾਲ ਕਲ ਬਠਿੰਡੇ ਜਿਲੇ ਵਿੱਚ ਇਕ ਆਰਕੈਸਟਰਾ ਕੁੜੀ ਦੀ ਮੌਤ ਨਸ਼ੇ ਦੀ ਓਵਰਡੋਜ਼ ਨਾਲ ਹੋਈ ਸਾਹਮਣੇ ਆਈ ਹੈ।ਉਸ ਦੀ ਮੌਤ ਦਾ ਜਿੰਮੇਵਾਰ ਵੀ ਉਸਦੀ ਸਹੇਲੀ ਨੂੰ ਬਣਾਇਆ ਗਿਆ ਹੈ।ਇਥੋਂ ਇਹੋ ਹੀ ਸਾਬਿਤ ਹੁੰਦਾ ਹੈ ਕਿ ਪੰਜਾਬ ਵਿਚ ਅੱਜ ਕੁੜੀਆਂ ਵੀ ਨਸ਼ੇ ਦੀ ਦਲਦਲ ਵਿਚ ਫਸੀਆਂ ਪਈਆਂ ਹਨ।ਕੀ ਮਾਪਿਆਂ ਨੂੰ ਇਸ ਗੱਲ ਦਾ ਪਤਾ ਨਹੀਂ ਸੀ।ਜੇ ਪਤਾ ਸੀ ਤੇ ਉਹਨਾਂ ਕੀ ਇਸ ਲਤ ਤੋਂ ਕੁੜੀ ਨੂੰ ਬਚਾਉਣ ਵਾਸਤੇ ਕੋਈ ਉਪਰਾਲਾ ਕੀਤਾ।ਇਹ ਸਵਾਲ ਅੱਜ ਹਰ ਇੱਕ ਦੇ ਮਨ ਵਿਚ ਹਨ।ਇਸ ਦਾ ਜਬਾਬ ਕਿਸੇ ਕੋਲ ਨਹੀਂ ਹੈ।ਇੱਕਲੀ ਸਰਕਾਰ ਵੀ ਕੁਝ ਨਹੀਂ ਕਰ ਸਕਦੀ ਤੇ ਇੱਕਲੇ ਮਾਪੇ ਵੀ।ਸਮੱਗਲਰ ਕੋਈ ਰੱਬ ਤੋਂ ਉੱਤਰ ਕੇ ਥਲੇ ਸਿਧੇ ਨਹੀਂ ਆਉਂਦੇ ਉਹ ਵੀ ਸਾਡੇ ਵਿਚ ਹੀ ਰਹਿੰਦੇ ਹਨ।ਬਸ ਅਸੀਂ ਕਬੂਤਰ ਵਾਂਗੂੰ ਅੱਖਾਂ ਮੀਟੀ ਬੈਠੇ ਹਾਂ।ਅਗਰ ਨਸ਼ੇ ਦੀ ਲਾਹਨਤ ਨੂੰ ਜੜ੍ਹੋਂ ਉਖਾੜਨਾ ਹੈ ਤਾਂ ਫਿਰ ਇਕ ਜੁਟ ਹੋ ਕੇ ਇਸ ਪ੍ਰਤੀ ਆਵਾਜ਼ ਉਠਾਉਣੀ ਪਵੇਗੀ।ਜੇ ਇਹੋ ਸੋਚ ਲਿਆ ਕਿ ਸਾਨੂੰ ਕੀ ਉਹ ਕਿਹੜੀ ਸਾਡੀ ਕੁੜੀ ਸੀ ਜਾਂ ਮੁੰਡਾ ਸੀ।ਫਿਰ ਜਿਸ ਦਿਨ ਸਾਡੇ ਤੇ ਇਹੋ ਨੌਬਤ ਆ ਗਈ।ਫਿਰ ਦੂਜਿਆਂ ਨੇ ਇਹੋ ਕਹਿਣਾ ਹੈ ਸਾਨੂੰ ਕੀ।ਮੈਨੂੰ ਕੀ ,ਤੈਨੂੰ ਕੀ, ਸਾਨੂੰ ਕੀ ਬਸ ਇਹੋ ਗੱਲਾਂ ਸਾਨੂੰ ਲੈ ਕੇ ਬਹਿ ਜਾਣਗੀਆਂ।ਸਾਡੀ ਨੌਜਵਾਨ ਪੀੜ੍ਹੀ ਤਬਾਹੀ ਦੇ ਰਸਤੇ ਤੇ ਤੁਰ ਪਈ ਹੈ।ਵਾਸਤਾ ਜੇ ਰੱਬ ਦਾ ਰੋਕ ਲਈਏ।ਸਿਆਣੇ ਕਹਿੰਦੇ ਹਨ ਜਦੋਂ ਘਰ ਨੂੰ ਅਗ ਲਗੀ ਹੋਵੇ ਤਾਂ ਕੋਠੇ ਚੜ੍ਹ ਕੇ ਰੌਲਾ ਪਾਉਣਾ ਚਾਹੀਦਾ ਹੈ।ਆਪਣੇ ਤਾਂ ਸਾਰੇ ਸਮਾਜ ਨੂੰ ਨਸ਼ੇ ਦੀ ਅੱਗ ਨੇ ਸਾੜਨ ਦਾ ਠੇਕਾ ਲੈ ਲਿਆ ਹੈ।



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ
75891-55501

# ਅਰਥਚਾਰੇ ਦੇ ਸੁਧਾਰ ਵਿਚ ਖੇਤੀਬਾੜੀ ਦੀ ਭੂਮਿਕਾ

ਪਰਮ ਸਿੰਘ


ਕੋਰੋਨਾ ਮਹਾਂਮਾਰੀ ਨੇ ਸੰਸਾਰ ਪੱਧਰ ’ਤੇ ਸਾਰੇ ਦੇਸ਼ਾਂ ਦਾ ਭਾਰੀ ਆਰਥਿਕ ਨੁਕਸਾਨ ਕੀਤਾ ਹੈ, ਜਿਸ ਕਰਕੇ ਅਮੀਰ ਦੇਸ਼ਾਂ ਦੇ ਅਰਥਚਾਰੇ ਪੂਰੀ ਤਰ੍ਹਾਂ ਡਗਮਗਾ ਗਏ ਹਨ। ਸਾਲ 2008 ਵਿਚ ਦੁਨੀਆਂ ਦੇ ਅਮੀਰ ਦੇਸ਼ ਅਮਰੀਕਾ ਤੋਂ ਸ਼ੁਰੂ ਹੋਇਆ ਆਰਥਿਕ ਮੰਦੀ ਦਾ ਦੌਰ ਅਜੇ ਜਾਰੀ ਸੀ ਅਤੇ ਅਰਥਚਾਰਾ ਕੁਝ ਲੀਹਾਂ ਉੱਤੇ ਆਉਣ ਲੱਗਿਆ ਸੀ ਕਿ ਕੋਰੋਨਾ ਮਹਾਂਮਾਰੀ ਦੇ ਹਮਲੇ ਨੇ ਫਿਰ ਇਸ ਨੂੰ ਲੀਹ ਤੋਂ ਉਤਾਰ ਦਿੱਤਾ ਹੈ। ਸਾਡੇ ਦੇਸ਼ ਵਿੱਚ 2008 ਦੇ ਮੰਦੇ ਦਾ ਅਸਰ ਕੁਝ ਦੇਰ ਬਾਅਦ ਦਿਖਣਾ ਸ਼ੁਰੂ ਹੋਇਆ ਸੀ ਕਿਉਂਕਿ ਦੇਸ਼ ਵਿੱਚ ਕੁਝ ਰਾਜਕੀ ਖੇਤਰ ਦੇ ਅਦਾਰੇ ਨਿੱਜੀਕਰਨ ਤੋਂ ਬਚੇ ਹੋਏ ਸਨ, ਜਿਨ੍ਹਾਂ ਦਾ ਸਫਾਇਆ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਹੁਣ ਮੇਕ ਇੰਨ ਇੰਡੀਆ ਦੇ ਨਾਂ ਥੱਲੇ ਕਰਨ ਲੱਗੀ ਹੋਈ ਹੈ।ਅਜੇ ਦੇਸ਼ ਦੀ ਆਰਥਿਕਤਾ ਅੰਤਰਰਾਸ਼ਟਰੀ ਮੰਦੇ ਦਾ ਟਾਕਰਾ ਕਰ ਰਹੀ ਸੀ ਕਿ ਕੋਰੋਨਾ ਮਹਾਂਮਾਰੀ ਕਰਕੇ ਦੇਸ਼ ਵਿੱਚ ਦੁਨੀਆਂ ਦਾ ਸਭ ਤੋਂ ਲੰਮਾ ਤੇ ਸਖਤ ਲੌਕਡਾਊਨ ਸਰਕਾਰ ਨੇ ਅਗਾਊਂ ਸੂਚਨਾ ਦੇਣ ਤੋਂ ਬਿਨਾਂ ਹੀ ਠੋਸ ਦਿੱਤਾ। ਇਨ੍ਹਾਂ ਛੇ ਮਹੀਨਿਆਂ ਨੇ ਜਿੱਥੇ ਦੇਸ਼ ਵਿੱਚ ਭਿਆਨਕ ਬੇਰੁਜ਼ਗਾਰੀ ਪੈਦਾ ਕੀਤੀ, ਉੱਥੇ ਸਾਰੇ ਸਰਕਾਰੀ, ਗੈਰ-ਸਰਕਾਰੀ ਅਤੇ ਨਿੱਜੀ ਕਾਰੋਬਾਰ ਮੁਕੰਮਲ ਠੱਪ ਹੋ ਗਏ।ਸਰਕਾਰ ਰਾਹੀਂ ਐਲਾਨਿਆ 20 ਲੱਖ ਕਰੋੜ ਰੁਪਏ ਦਾ ਪੈਕੇਜ ਬਿਮਾਰ ਹੋਈ ਆਰਥਿਕਤਾ ਦਾ ਪਹੀਆ ਗੇੜਨ ਵਿੱਚ ਸਫਲ ਨਾ ਹੋਇਆ। ਲੋਕਾਂ ਦੀ ਜੇਬਾਂ ਵਿੱਚ ਪੈਸਾ ਨਾ ਪੈਣ ਕਰਕੇ ਖ਼ਪਤ ਅਤੇ ਖ਼ਰੀਦਦਾਰੀ ਵਿਚ ਭਾਰੀ ਗਿਰਾਵਟ ਆਈ ਜੋ ਕਿ ਸਰਕਾਰੀ ਅੰਕੜਿਆਂ ਅਨੁਸਾਰ 60 ਪ੍ਰਤੀਸ਼ਤ ਦਰਜ ਕੀਤੀ ਗਈ ਹੈ। ਹਾਲ ਵਿੱਚ ਆਈ ‘ਕੌਮੀ ਅੰਕੜਾ ਦਫਤਰ’ (ਐਨਐਸਓ) ਦੀ ਰਿਪੋਰਟ ਅਨੁਸਾਰ ਦੇਸ਼ ਦੇ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਦੀ ਵਿਕਾਸ ਦਰ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ। ਉਤਪਾਦਨ ਦੀ ਵਿਕਾਸ ਦਰ ਦਾ ਮਨਫ਼ੀ 23.9% ਹੋਣਾ ਅਰਥਚਾਰੇ ਲਈ ਖਤਰੇ ਦੀ ਘੰਟੀ ਹੈ।ਹੈਰਾਨੀ ਦੀ ਗੱਲ ਹੈ ਕਿ ਦੇਸ਼ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਸ ਨੂੰ ‘ਰੱਬ ਦੀ ਕਰਮਾਤ’ (ਐਕਟ ਆਫ਼ ਗੌਡ) ਕਹਿ ਕੇ ਪੱਲਾ ਝਾੜ ਲਿਆ ਹੈ। ਪਰ ਵਿਕਾਸ ਦਰ ਦੀ ਗਿਰਾਵਟ ਦਾ ਦੌਰ ਤਾਂ ਲਾਕਡਾਊਨ ਤੋਂ ਪਹਿਲਾਂ ਹੀ ਜਾਰੀ ਸੀ ਜੋ ਮਾਰਚ ਮਹੀਨੇ ਵਿੱਚ 3.1 ਪ੍ਰਤੀਸ਼ਤ ਹੀ ਰਹਿ ਗਈ ਸੀ।



ਐਨਐਸਓ ਦੀ ਰਿਪੋਰਟ ਵਿਚ ਨੋਟ ਕੀਤਾ ਗਿਆ ਹੈ ਕਿ ਸਿਵਾਏ ਖੇਤੀਬਾੜੀ ਦੇ, ਜਿਸ ਦੀ ਵਿਕਾਸ ਦਰ ਵਧ ਕੇ 3.4 ਪ੍ਰਤੀਸ਼ਤ ਦਰਜ ਕੀਤੀ ਗਈ ਹੈ, ਬਾਕੀ ਸਾਰੇ ਖੇਤਰਾਂ ਦੀ ਵਿਕਾਸ ਦਰ ਵਿੱਚ ਭਾਰੀ ਗਿਰਾਵਟ ਆਈ ਹੈ। ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਇਸ ਗਿਰਾਵਟ ਦੇ ਦੌਰ ਵਿਚ ਕੇਵਲ ਖੇਤੀਬਾੜੀ ਹੀ ਅਰਥਚਾਰੇ ਨੂੰ ਸਹਾਰਾ ਦੇ ਸਕਦੀ ਹੈ ਕਿਉਂਕਿ ਮਹਾਂਮਾਰੀ ਦੇ ਦੌਰ ਵਿੱਚ ਖੇਤੀਬਾੜੀ ਦਾ ਕੰਮ ਨਹੀਂ ਰੁਕਿਆ ਜਦੋਂ ਕਿ ਬਾਕੀ ਸਾਰੇ ਖੇਤਰ ਜਾਮ ਹੋ ਗਏ ਸਨ। ਖੇਤੀਬਾੜੀ ਉੱਤੇ ਨਿਰਭਰਤਾ ਘਟਾਉਣ ਦੀ ਬਜਾਏ ਕੋਰੋਨਾ ਮਹਾਂਮਾਰੀ ਨੇ ਇਸ ਉੱਤੇ ਨਿਰਭਰਤਾ ਵਧਾ ਦਿੱਤੀ ਹੈ ਜਦੋਂ ਸ਼ਹਿਰਾਂ ਵਿਚ ਰਹਿੰਦੇ ਪਿੰਡਾਂ ਤੋਂ ਆਏ ਬਹੁਤ ਸਾਰੇ ਖੇਤਰਾਂ ਵਿਚ ਕੰਮ ਕਰ ਰਹੇ ਲੋਕ ਖਾਸ ਕਰਕੇ ਸਨਅਤ ਅਤੇ ਉਸਾਰੀ ਵਿੱਚ ਲੱਗੇ ਪਰਵਾਸੀ ਮਜ਼ਦੂਰ ਕੰਮ ਖੁੱਸਣ ਕਰਕੇ ਅਤੇ ਸ਼ਹਿਰਾਂ ਵਿੱਚ ਫੈਲੀ ਬਿਮਾਰੀ ਕਰਕੇ ਸ਼ਹਿਰ ਛੱਡ ਕੇ ਪਿੰਡਾਂ ’ਚ ਪਹੁੰਚ ਗਏ, ਜਿੱਥੇ ਉਨ੍ਹਾਂ ਨੂੰ ਖੇਤੀਬਾੜੀ ਨੇ ਰੁਜ਼ਗਾਰ ਮੁਹੱਈਆ ਕਰਵਾਇਆ। ਇਸ ਨੂੰ ਰਿਵਰਸ ਮਾਈਗਰੇਸ਼ਨ ਭਾਵ ਕਾਮਿਆਂ ਦਾ ਇੰਡੀਆ ਤੋਂ ਭਾਰਤ ਵੱਲ ਨੂੰ ਕੂਚ ਕਰਨਾ ਕਿਹਾ ਗਿਆ। ਇਸ ਸਥਿਤੀ ਦੇ ਮੱਦੇਨਜ਼ਰ ਅਤੇ ਐਨਐਸਓ ਦੀ ਰਿਪੋਰਟ ਅਨੁਸਾਰ ਖੇਤੀਬਾੜੀ ਨੂੰ ਤਰਜੀਹ ਦੇਣਾ ਸਰਕਾਰ ਲਈ ਅਤਿਅੰਤ ਜ਼ਰੂਰੀ ਹੈ ਪਰ ਸਰਕਾਰੀ ਨੀਤੀਆਂ ਅਤੇ ਖੇਤੀ ਆਰਡੀਨੈਂਸਾਂ ਦਾ ਜਾਰੀ ਕੀਤਾ ਜਾਣਾ ਕੁਝ ਖਤਰਨਾਕ ਸੰਕੇਤ ਦਿੰਦਾ ਹੈ, ਜੋ ਭਾਰਤੀ ਅਰਥਚਾਰੇ ਲਈ ਨੁਕਸਾਨਦੇਹ ਸਾਬਤ ਹੁੰਦਾ ਜਾਪਦਾ ਹਨ। ਗੌਰਤਲਬ ਹੈ ਕਿ ਇਨ੍ਹਾਂ ਆਰਡੀਨੈਂਸਾਂ ਸਬੰਧੀ ਹੁਣ ਸਰਕਾਰ ਨੇ ਸੰਸਦ ਵਿਚ ਬਿਲ ਪਾਸ ਕਰਵਾ ਲਏ ਹਨ ਤੇ ਇਹ ਰਾਸ਼ਟਰਪਤੀ ਦੇ ਦਸਤਖ਼ਤ ਹੋਣ ਤੋਂ ਬਾਅਦ ਕਾਨੂੰਨ ਬਣ ਜਾਣਗੇ। ਦੇਸ਼ ਨੂੰ ਅਨਾਜ ਪੱਖੋਂ ਆਤਮ-ਨਿਰਭਰ ਬਣਾਉਣ ਲਈ ਕੋਈ ਛੇ ਦਹਾਕੇ ਪਹਿਲਾਂ ਸਰਕਾਰ ਨੇ ਖੇਤੀਬਾੜੀ ਯੂਨੀਵਰਸਿਟੀਆਂ ਨੂੰ ਨਵੇਂ ਵਧੇਰੇ ਝਾੜ ਵਾਲੇ ਬੀਜ ਪੈਦਾ ਕਰਨ ਲਈ ਉਤਸ਼ਾਹਤ ਕੀਤਾ ਅਤੇ ਬਜਟ ਦਾ ਕਾਫੀ ਹਿੱਸਾ ਇਹ ਖੋਜ ਵਾਸਤੇ ਦਿੱਤਾ ਜਾਂਦਾ ਸੀ ਤਾਂ ਜੋ ਸਰਕਾਰ ਨੂੰ ਪੀਐੱ-480 ਸਮਝੌਤੇ ਅਧੀਨ ਵਿਦੇਸ਼ਾਂ ਤੋਂ ਅਨਾਜ ਦਰਾਮਦ ਕਰਨ ਲਈ ਹੱਥ ਨਾ ਅੱਡਣੇ ਪੈਣ। ਇਸ ਹਰੀ ਕ੍ਰਾਂਤੀ ਨੇ ਜਿੱਥੇ ਕਿਸਾਨਾਂ ਦੀ ਮਾਲੀ ਹਾਲਾਤ ਬਿਹਤਰ ਬਣਾਈ ਉੱਥੇ ਕੁਝ ਹੀ ਸਾਲਾਂ ਵਿੱਚ ਦੇਸ਼ ਨੂੰ ਵੀ ਅਨਾਜ ਪੱਖੋਂ ਆਤਮ ਨਿਰਭਰ ਬਣਾ ਦਿੱਤਾ। ਦੂਜਾ ਮੰਡੀਕਰਨ, ਸਰਕਾਰੀ ਮੁੱਲ ਅਤੇ ਸਰਕਾਰੀ ਖ਼ਰੀਦ ਨੇ ਹਰਾ ਇਨਕਲਾਬ ਲਿਆਉਣ ਵਿੱਚ ਫੈਸਲਾਕੁੰਨ ਰੋਲ ਅਦਾ ਕੀਤਾ। ਸਮਾਂ ਬੀਤਣ ’ਤੇ ਸਰਕਾਰਾਂ ਨੇ ਵਾਧੂ ਪੈਦਾਵਾਰ ਦਾ ਬਹਾਨਾ ਬਣਾ ਕੇ ਇਸ ਨੀਤੀ ਵਿਚ ਬਦਲਾਅ ਲਿਆਉਣਾ ਸ਼ੁਰੂ ਕਰ ਦਿੱਤਾ। ਯੂਨੀਵਰਸਿਟੀਆਂ ਨੂੰ ਖੋਜ ਲਈ ਫੰਡ ਰਾਸ਼ੀ ਵਿੱਚ ਕਟੌਤੀ ਹੋਣ ਲੱਗੀ, ਜਿਸ ਕਰਕੇ ਨਵੇਂ ਬੀਜਾਂ ਲਈ ਖੋਜ ਨੂੰ ਢਾਹ ਲੱਗੀ। ਮਗਰੋਂ ਆਏ ਬੀਜਾਂ ਦਾ ਝਾੜ ਅਤੇ ਕੁਆਲਿਟੀ ਪਹਿਲੇ ਬੀਜਾਂ ਵਰਗੀ ਨਾ ਸਾਬਤ ਹੋਈ। ਲਗਭਗ ਪਿਛਲੇ ਦੋ ਦਹਾਕਿਆਂ ਤੋਂ ਕਣਕ ਅਤੇ ਝੋਨੇ ਦਾ ਝਾੜ ਪ੍ਰਤੀ ਏਕੜ ਵਧਣ ਦੀ ਬਜਾਏ ਥੱਲੇ ਆਇਆ ਹੈ। ਇਸ ਦਾ ਇੱਕ ਕਾਰਨ ਤਾਂ ਬਜ਼ਾਰ ਵਿੱਚ ਵਿਕ ਰਹੀਆਂ ਕੀੜੇਮਾਰ ਅਤੇ ਨਦੀਨਮਾਰ ਦਵਾਈਆਂ ਵਿੱਚ ਭਾਰੀ ਮਿਲਾਵਟ ਹੈ ਅਤੇ ਦੂਜਾ ਗਲੋਬਲ ਵਾਰਮਿੰਗ ਕਰਕੇ ਬੇਮੌਸਮੀ ਬਾਰਸ਼ਾਂ ਹਨ। ਦਵਾਈਆਂ ਦੀ ਪੈਦਾਵਾਰ ਅਤੇ ਵਿਕਰੀ ਮੁਕੰਮਲ ਪ੍ਰਾਈਵੇਟ ਕੰਪਨੀਆਂ ਅਤੇ ਵਪਾਰੀਆਂ ਦੇ ਹੱਥ ਹੋਣ ਕਰਕੇ ਇਹ ਬੇਅਸਰ ਸਾਬਤ ਹੋ ਰਹੀਆਂ। ਫਸਲ ਪੱਕਣ ਵੇਲੇ ਬੇਮੌਸਮੀ ਬਾਰਸ਼ਾਂ ਫਸਲਾਂ ਨੂੰ ਰਹਿੰਦਾ-ਖੂੰਹਦਾ ਵੀ ਤਬਾਹ ਕਰ ਦਿੰਦੀਆਂ ਹਨ। ਇਸ ਲਈ ਹੁਣ ਜ਼ਰੂਰੀ ਹੈ ਕਿ ਯੂਨੀਵਰਸਿਟੀਆਂ ਨੂੰ ਭਾਰੀ ਫੰਡ ਦੇ ਕੇ ਵਾਤਾਵਰਨ ਅਨੁਕੂਲ, ਬਿਮਾਰੀ ਰਹਿਤ ਅਤੇ ਪਹਿਲਾਂ ਤੋਂ ਦੁੱਗਣੇ ਝਾੜ ਵਾਲੇ ਬੀਜ ਪੈਦਾ ਕਰਨ ਲਈ ਉਤਸ਼ਾਹਤ ਕੀਤਾ ਜਾਵੇ। ਕੁਦਰਤੀ ਆਫਤਾਂ ਦੀ ਮਾਰ ਤੋਂ ਹੋ ਰਹੇ ਨੁਕਸਾਨ ਦੀ ਪੂਰਤੀ ਲਈ ਫਸਲੀ ਬੀਮਾ ਯੋਜਨਾ ਸਕੀਮ ਸਰਕਾਰੀ ਖ਼ਰਚੇ ਉੱਤੇ ਸਮੁੱਚੇ ਦੇਸ਼ ਵਿੱਚ ਸ਼ੁਰੂ ਕਰਨੀ ਚਾਹੀਦੀ ਹੈ। ਭਾਵੇਂ ਕੇਂਦਰ ਸਰਕਾਰ ਨੇ ਕਈ ਸੂਬਿਆਂ ਵਿੱਚ ਇਹ ਸ਼ੁਰੂ ਤਾਂ ਕੀਤੀ ਹੈ ਪਰ ਇਹ ਕਾਰਗਰ ਸਾਬਤ ਨਹੀਂ ਹੋਈ। ਹੜ੍ਹਾਂ, ਗੜਿਆਂ ਅਤੇ ਭਿਆਨਕ ਸੋਕੇ ਨਾਲ ਹੋਏ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਵਾਸਤੇ ਪਹਿਲਾਂ ਬਲਾਕ ਨੂੰ ਇਕਾਈ ਮੰਨਿਆ ਜਾਂਦਾ ਸੀ ਅਤੇ ਮਗਰੋਂ ਬੀਮਾ ਕੰਪਨੀਆਂ ਨੇ ਮੁਆਵਜ਼ਾ ਦੇਣ ਲਈ ਪਿੰਡ ਨੂੰ ਇਕਾਈ ਮੰਨਣਾ ਸ਼ੁਰੂ ਕਰ ਦਿੱਤਾ। ਇਸ ਦਾ ਸਿੱਟਾ ਹੈ ਕਿ ਜਦੋਂ ਤੱਕ ਸਾਰੇ ਪਿੰਡ ਦੀ ਫਸਲ ਤਬਾਹ ਨਾ ਹੋ ਜਾਵੇ, ਬੀਮੇ ਤਹਿਤ ਮੁਆਵਜ਼ਾ ਨਹੀਂ ਦਿੱਤਾ ਜਾਂਦਾ। ਇਸ ਲਈ ਜਿੱਥੇ ਫਸਲੀ ਬੀਮਾ ਸਕੀਮ ਨੂੰ ਜ਼ਰੂਰੀ ਬਣਾਇਆ ਜਾਣਾ ਚਾਹੀਦਾ ਹੈ, ਉੱਥੇ ਨੁਕਸਾਨ ਦੇ ਜਾਇਜ਼ਾ ਅਤੇ ਭਰਪਾਈ ਲਈ ਖੇਤ ਨੂੰ ਇਕਾਈ ਮੰਨਣਾ ਚਾਹੀਦਾ ਹੈ ਅਤੇ ਇਹ ਕੰਮ ਪ੍ਰਾਈਵੇਟ ਕੰਪਨੀਆਂ ਨੂੰ ਦੇਣ ਦੀ ਬਜਾਏ ਸਰਕਾਰ ਨੂੰ ਖੁਦ ਸੰਭਾਲਣਾ ਚਾਹੀਦਾ ਹੈ। ਸਰਮਾਏਦਾਰੀ ਵਿਕਾਸ ਭਾਵੇਂ ਸਾਮਰਾਜੀ ਦੌਰ ਵਿੱਚ ਦਾਖ਼ਲ ਹੋ ਗਿਆ ਹੈ ਪਰ ਖੇਤੀਬਾੜੀ ਅਜੇ ਵੀ ਸਿੰਜਾਈ ਲਈ ਮੌਨਸੂਨ ਉੱਤੇ ਨਿਰਭਰ ਹੈ। ਮੌਨਸੂਨ ਆਉਣ ਤੋਂ ਪਹਿਲਾਂ ਹੀ ਸਰਕਾਰ ਆਮ ਵਰਗੀ ਮੌਨਸੂਨ ਕਹਿ ਕੇ ਖੇਤੀ ਪੈਦਾਵਾਰ ਦੇ ਵੱਡੇ ਅੰਦਾਜ਼ੇ ਲਾ ਦਿੰਦੀ ਹੈ ਜਦੋਂਕਿ ਅਨੇਕਾਂ ਵਾਰ ਬਾਰਸ਼ਾਂ ਸਮੇਂ ਸਿਰ ਨਹੀਂ ਆਉਂਦੀਆਂ ਅਤੇ ਬੇਮੌਸਮੀ ਬਾਰਸ਼ ਨਾਲ ਫਸਲਾਂ ਦਾ ਕਰੀਬ ਹਰ ਸਾਲ ਭਾਰੀ ਨੁਕਸਾਨ ਹੋ ਜਾਂਦਾ ਹੈ। ਸਰਕਾਰ ਨਹਿਰੀ ਪਾਣੀ ਦੀ ਵਿਵਸਥਾ ਜਦੋਂ ਤੱਕ ਸਮੁੱਚੀ ਵਾਹੀਯੋਗ ਜ਼ਮੀਨ ਨੂੰ ਨਹੀਂ ਕਰਦੀ ਉਦੋਂ ਤੱਕ ਇਹ ਮੌਸਮੀ ਨਿਰਭਰਤਾ ਖਤਮ ਨਹੀਂ ਹੋਣੀ।

# ਅਯੁੱਧਿਆ: ਬਾਬਰੀ ਮਸਜਿਦ ਢਹਿ-ਢੇਰੀ ਮਾਮਲੇ ਵਿੱਚ ਕਦੋਂ ਕੀ ਹੋਇਆ




(**ਸਫਾ ਇਕ ਦੀ ਬਾਕੀ**) ਪਹਿਲੀ ਐੱਫ਼ਆਈਆਰ ਵਿੱਚ ਦਰਜ ਕੀਤੇ ਗਏ ਲੋਕਾਂ ਦੇ ਮਾਮਲਿਆਂ ਦੀ ਜਾਂਚ ਬਾਅਦ ਵਿੱਚ ਸੀਬੀਆਈ ਨੂੰ ਸੌਂਪ ਦਿੱਤੀ ਗਈ ਸੀ ਜਦੋਂਕਿ ਦੂਜੀ ਐੱਫ਼ਆਈਆਰ ਵਿੱਚ ਦਰਜ ਕੇਸਾਂ ਦੀ ਜਾਂਚ ਯੂਪੀ ਸੀਆਈਡੀ ਨੂੰ ਸੌਂਪ ਦਿੱਤੀ ਗਈ ਸੀ।

1993 ਵਿੱਚ ਦੋਵੇਂ ਐੱਫ਼ਆਈਆਰ ਨੂੰ ਹੋਰਨਾਂ ਥਾਵਾਂ ’ਤੇ ਟਰਾਂਸਫ਼ਰ ਕਰ ਦਿੱਤਾ ਗਿਆ ਸੀ।

ਕਾਰਸੇਵਕਾਂ ਖ਼ਿਲਾਫ਼ ਐੱਫ਼ਆਈਆਰ ਨੰਬਰ 197 ਦੀ ਸੁਣਵਾਈ ਲਈ ਲਲਿਤਪੁਰ ਵਿੱਚ ਇੱਕ ਵਿਸ਼ੇਸ਼ ਅਦਾਲਤ ਦਾ ਗਠਨ ਕੀਤਾ ਗਿਆ ਸੀ, ਜਦੋਂਕਿ ਐੱਫ਼ਆਈਆਰ ਨੰਬਰ 198 ਦੀ ਸੁਣਵਾਈ ਰਾਇਬਰੇਲੀ ਦੀ ਵਿਸ਼ੇਸ਼ ਅਦਾਲਤ ਵਿੱਚ ਟਰਾਂਸਫਰ ਕਰ ਦਿੱਤੀ ਗਈ ਸੀ।

ਇਸ ਦੌਰਾਨ ਪੀਵੀ ਨਰਸਿਮਹਾ ਰਾਓ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇੱਕ ਆਰਡੀਨੈਂਸ ਦੇ ਤਹਿਤ ਰਾਮਲਾਲਾ ਦੀ ਰੱਖਿਆ ਦੇ ਨਾਮ ’ਤੇ ਲਗਭਗ 67 ਏਕੜ ਜ਼ਮੀਨ ਐਕੁਆਇਰ ਕੀਤੀ।

ਸੱਤ ਜਨਵਰੀ 1993 ਨੂੰ ਇਸ ਆਰਡੀਨੈਂਸ ਨੂੰ ਸੰਸਦ ਦੁਆਰਾ ਮਨਜ਼ੂਰੀ ਮਿਲਣ ਤੋਂ ਬਾਅਦ ਇਸ ਨੂੰ ਕਾਨੂੰਨ ਵਿੱਚ ਬਦਲ ਦਿੱਤਾ ਗਿਆ।

**ਲਿਬ੍ਰਾਹਨ ਕਮਿਸ਼ਨ**

ਬਾਬਰੀ ਢਾਹੁਣ ਤੋਂ ਦਸ ਦਿਨਾਂ ਬਾਅਦ ਮਾਮਲੇ ਦੀ ਜਾਂਚ ਲਈ ਬਣਾਏ ਗਏ ਲਿਬ੍ਰਾਹਨ ਕਮਿਸ਼ਨ ਨੂੰ ਜਾਂਚ ਰਿਪੋਰਟ ਪੇਸ਼ ਕਰਨ ਲਈ ਵੱਧ ਤੋਂ ਵੱਧ ਤਿੰਨ ਮਹੀਨਿਆਂ ਦੀ ਮਿਆਦ ਦਿੱਤੀ ਗਈ ਸੀ।

ਪਰ ਸਮੇਂ-ਸਮੇਂ ’ਤੇ ਇਸ ਦੀ ਮਿਆਦ ਲਗਾਤਾਰ ਵਧਦੀ ਰਹੀ ਅਤੇ 17 ਸਾਲਾਂ ਦੌਰਾਨ ਕਮਿਸ਼ਨ ਦਾ ਕਾਰਜਕਾਲ 48 ਵਾਰ ਵਧਾ ਦਿੱਤਾ ਗਿਆ।

ਲਿਬ੍ਰਾਹਨ ਕਮਿਸ਼ਨ ਨੇ 30 ਜੂਨ 2009 ਨੂੰ ਆਪਣੀ ਰਿਪੋਰਟ ਗ੍ਰਹਿ ਮੰਤਰਾਲੇ ਨੂੰ ਸੌਂਪੀ ਅਤੇ ਇਸ ਦੌਰਾਨ ਕਮਿਸ਼ਨ ਦੇ ਕੰਮ ’ਤੇ ਲਗਭਗ 8 ਕਰੋੜ ਰੁਪਏ ਖਰਚ ਕੀਤੇ ਗਏ ਸਨ।

ਬਾਬਰੀ ਮਸਜਿਦ ਢਾਹੁਣ ਦੀ ਜਾਂਚ ਰਿਪੋਰਟ ਵਿੱਚ ਲਿਬ੍ਰਾਹਨ ਕਮਿਸ਼ਨ ਨੇ ਪਾਇਆ ਕਿ ਮਸਜਿਦ ਨੂੰ ਇੱਕ ਡੂੰਘੀ ਸਾਜ਼ਿਸ਼ ਤਹਿਤ ਢਾਹਿਆ ਗਿਆ ਸੀ। ਕਮਿਸ਼ਨ ਨੇ ਸਾਜਿਸ਼ ਵਿੱਚ ਸ਼ਾਮਲ ਲੋਕਾਂ ਉੱਤੇ ਮੁਕੱਦਮਾ ਚਲਾਉਣ ਦੀ ਸਿਫਾਰਸ਼ ਵੀ ਕੀਤੀ ਸੀ।

ਬਾਬਰੀ ਮਸਜਿਦ ਢਾਹੁਣ ਦੇ ਮਾਮਲੇ ਵਿੱਚ ਉਸੇ ਦਿਨ ਦਰਜ ਕਰਵਾਏ ਗਏ ਦੋ ਅਹਿਮ ਮੁਕੱਦਮਿਆਂ ਤੋਂ ਇਲਾਵਾ 47 ਹੋਰ ਕੇਸ ਵੀ ਦਰਜ ਕਰਵਾਏ ਗਏ ਸਨ ਜਿਨ੍ਹਾਂ ਵਿੱਚ ਪੱਤਰਕਾਰਾਂ ਨਾਲ ਕੁੱਟਮਾਰ ਅਤੇ ਲੁੱਟਮਾਰ ਕਰਨ ਦੇ ਇਲਜ਼ਾਮ ਲਗਾਏ ਗਏ ਸਨ।

ਬਾਅਦ ਵਿੱਚ ਇਨ੍ਹਾਂ ਸਾਰੇ ਮਾਮਲਿਆਂ ਦੀ ਜਾਂਚ ਸੀਬੀਆਈ ਨੂੰ ਦਿੱਤੀ ਗਈ।

ਇਸ ਤੋਂ ਇਲਾਵਾ ਅਲਾਹਾਬਾਦ ਹਾਈ ਕੋਰਟ ਦੀ ਸਲਾਹ ’ਤੇ ਲਖਨਊ ਵਿੱਚ ਅਯੁੱਧਿਆ ਮਾਮਲਿਆਂ ਲਈ ਇੱਕ ਨਵੀਂ ਵਿਸ਼ੇਸ਼ ਅਦਾਲਤ ਦਾ ਗਠਨ ਕੀਤਾ ਗਿਆ। ਪਰ ਉਸਦੀ ਨੋਟੀਫਿਕੇਸ਼ਨ ਵਿੱਚ ਦੂਜੇ ਮਾਮਲੇ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ। ਯਾਨਿ ਕਿ ਐੱਫ਼ਆਈਆਰ ਨੰਬਰ 198 ਦੇ ਅਧੀਨ ਦੂਜਾ ਕੇਸ ਰਾਇਬਰੇਲੀ ਵਿੱਚ ਚੱਲਦਾ ਰਿਹਾ।

ਨਾਲ ਹੀ ਕੇਸਾਂ ਨੂੰ ਟਰਾਂਸਫ਼ਰ ਕੀਤੇ ਜਾਣ ਤੋਂ ਪਹਿਲਾਂ ਸਾਲ 1993 ਵਿੱਚ ਐੱਫ਼ਆਈਆਰ ਨੰ. 197 ਵਿੱਚ ਧਾਰਾ 120ਬੀ ਯਾਨਿ ਕਿ ਅਪਰਾਧਿਕ ਸਾਜਿਸ਼ ਨੂੰ ਵੀ ਜੋੜ ਦਿੱਤਾ ਗਿਆ ਸੀ। ਅਸਲ ਐੱਫ਼ਆਈਆਰ ਵਿੱਚ ਇਹ ਧਾਰਾ ਨਹੀਂ ਸੀ।

5 ਅਕਤੂਬਰ 1993 ਨੂੰ ਸੀਬੀਆਈ ਨੇ ਐੱਫ਼ਆਈਆਰ ਨੰਬਰ 198 ਨੂੰ ਵੀ ਸ਼ਾਮਿਲ ਕਰਦੇ ਹੋਏ ਇੱਕ ਸਾਂਝੀ ਚਾਰਜਸ਼ੀਟ ਦਾਖਲ ਕੀਤੀ ਕਿਉਂਕਿ ਦੋਵੇਂ ਕੇਸ ਇੱਕ-ਦੂਜੇ ਨਾਲ ਸਬੰਧਤ ਸਨ। ਚਾਰਜਸ਼ੀਟ ਵਿੱਚ ਮੁਲਜ਼ਮਾਂ ਵਿੱਚ ਬਾਲਾ ਸਾਹਬ ਠਾਕਰੇ, ਕਲਿਆਣ ਸਿੰਘ, ਚੰਪਤ ਰਾਏ, ਧਰਮਦਾਸ, ਮਹੰਤ ਨ੍ਰਿਤਿਆ ਗੋਪਾਲ ਦਾਸ ਅਤੇ ਕੁਝ ਹੋਰ ਲੋਕਾਂ ਦੇ ਨਾਮ ਸ਼ਾਮਲ ਕੀਤੇ ਗਏ ਸਨ।

8 ਅਕਤੂਬਰ 1993 ਨੂੰ ਯੂਪੀ ਸਰਕਾਰ ਨੇ ਮਾਮਲਿਆਂ ਦੇ ਟਰਾਂਸਫ਼ਰ ਲਈ ਇੱਕ ਨਵੀਂ ਨੋਟੀਫਿਕੇਸ਼ਨ ਜਾਰੀ ਕੀਤੀ ਅਤੇ ਬਾਕੀ ਮਾਮਲਿਆਂ ਦੇ ਨਾਲ ਅੱਠ ਆਗੂਆਂ ਵਿਰੁੱਧ ਐੱਫ਼ਆਈਆਰ ਨੰਬਰ 198 ਜੋੜ ਦਿੱਤਾ ਗਿਆ ਸੀ।

ਇਸਦਾ ਮਤਲਬ ਇਹ ਸੀ ਕਿ ਬਾਬਰੀ ਮਸਜਿਦ ਢਾਹੇ ਜਾਣ ਨਾਲ ਜੁੜੇ ਸਾਰੇ ਮਾਮਲਿਆਂ ਦੀ ਸੁਣਵਾਈ ਲਖਨਊ ਦੀ ਵਿਸ਼ੇਸ਼ ਅਦਾਲਤ ਵਿੱਚ ਹੋਵੇਗੀ।

**ਤਕਨੀਕੀ ਕਾਰਨਾਂ ਵਿੱਚ ਫਸਿਆ ਰਿਹਾ ਮਾਮਲਾ**

1996 ਵਿੱਚ ਲਖਨਊ ਦੀ ਵਿਸ਼ੇਸ਼ ਅਦਾਲਤ ਨੇ ਸਾਰੇ ਮਾਮਲਿਆਂ ਵਿੱਚ ਅਪਰਾਧਿਕ ਸਾਜ਼ਿਸ਼ ਦੀ ਧਾਰਾ ਜੋੜਨ ਦਾ ਹੁਕਮ ਦਿੱਤਾ। ਇਸ ਮਾਮਲੇ ਵਿੱਚ ਸੀਬੀਆਈ ਇੱਕ ਪੂਰੀ ਚਾਰਜਸ਼ੀਟ ਦਾਇਰ ਕਰਦੀ ਹੈ ਜਿਸ ਦੇ ਅਧਾਰ ’ਤੇ ਅਦਾਲਤ ਇਸ ਨਤੀਜੇ ’ਤੇ ਪਹੁੰਚਦੀ ਹੈ ਕਿ ਲਾਲ ਕ੍ਰਿਸ਼ਨ ਅਡਵਾਨੀ ਸਣੇ ਸਾਰੇ ਆਗੂਆਂ ’ਤੇ ਅਪਰਾਧਿਕ ਸਾਜ਼ਿਸ਼ ਰਚਣ ਦੇ ਇਲਜ਼ਾਮ ਤੈਅ ਕਰਨ ਲਈ ਪਹਿਲੀ ਨਜ਼ਰ ਵਿੱਚ ਹੀ ਕਾਫ਼ੀ ਸਬੂਤ ਸਨ।

ਵਿਸ਼ੇਸ਼ ਅਦਾਲਤ ਨੇ ਇਲਜ਼ਾਮ ਤੈਅ ਕਰਨ ਲਈ ਆਪਣੇ ਹੁਕਮ ਵਿੱਚ ਕਿਹਾ ਕਿ ਸਾਰੇ ਮਾਮਲੇ ਇੱਕੋ ਘਟਨਾ ਨਾਲ ਸਬੰਧਤ ਹਨ, ਇਸ ਲਈ ਸਾਰੇ ਮਾਮਲਿਆਂ ਵਿੱਚ ਸਾਂਝਾ ਮੁਕੱਦਮਾ ਚਲਾਉਣ ਦਾ ਅਧਾਰ ਬਣਦਾ ਹੈ।

ਪਰ ਲਾਲ ਕ੍ਰਿਸ਼ਨ ਅਡਵਾਨੀ ਸਣੇ ਦੂਜੇ ਮੁਲਜ਼ਮਾਂ ਨੇ ਇਸ ਨਿਰਦੇਸ਼ ਖਿਲਾਫ਼ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ।

12 ਫਰਵਰੀ 2001 ਨੂੰ ਹਾਈ ਕੋਰਟ ਨੇ ਸਾਰੇ ਮਾਮਲਿਆਂ ਦੀ ਸਾਂਝੀ ਚਾਰਜਸ਼ੀਟ ਨੂੰ ਤਾਂ ਸਹੀ ਮੰਨਿਆ ਪਰ ਇਹ ਵੀ ਕਿਹਾ ਕਿ ਲਖਨਊ ਦੀ ਵਿਸ਼ੇਸ਼ ਅਦਾਲਤ ਨੂੰ ਅੱਠ ਨਾਮਜ਼ਦ ਮੁਲਜ਼ਮਾਂ ਦੇ ਨਾਲ ਦੂਜੇ ਕੇਸਾਂ ਦੀ ਸੁਣਵਾਈ ਕਰਨ ਦਾ ਅਧਿਕਾਰ ਨਹੀਂ ਹੈ ਕਿਉਂਕਿ ਇਸ ਦੇ ਗਠਨ ਦੀ ਨੋਟੀਫਿਕੇਸ਼ਨ ਵਿੱਚ ਕੇਸ ਨੰਬਰ ਸ਼ਾਮਲ ਨਹੀਂ ਸੀ। ਸੌਖੇ ਸ਼ਬਦਾਂ ਵਿੱਚ ਅਡਵਾਨੀ ਅਤੇ ਹੋਰ ਹਿੰਦੂਵਾਦੀ ਆਗੂਆਂ ਵਿਰੁੱਧ ਮਾਮਲਾ ਕਾਨੂੰਨੀ ਦਾਅ-ਪੇਚ ਅਤੇ ਤਕਨੀਕੀ ਕਾਰਨਾਂ ਵਿੱਚ ਫਸਿਆ ਰਿਹਾ। ਦਰਅਸਲ ਮੁਲਜ਼ਮਾਂ ਦੇ ਵਕੀਲ ਇਹ ਸਾਬਤ ਕਰਨ ਵਿੱਚ ਅਸਫ਼ਲ ਰਹੇ ਕਿ ਉੱਤਰ ਪ੍ਰਦੇਸ਼ ਸਰਕਾਰ ਦੀਆਂ ਪ੍ਰਸ਼ਾਸਨਿਕ ਖਾਮੀਆਂ ਕਾਰਨ ਉਨ੍ਹਾਂ ਖ਼ਿਲਾਫ਼ ਗ਼ਲਤ ਤਰੀਕੇ ਨਾਲ ਇਲਜ਼ਾਮ ਲਗਾਏ ਗਏ। ਇਸ ਕਥਿਤ ਪ੍ਰਸ਼ਾਸਨਿਕ ਗਲਤੀ ਦਾ ਇਸਤੇਮਾਲ ਅਡਵਾਨੀ ਅਤੇ ਹੋਰ ਮੁਲਜ਼ਮਾਂ ਨੇ ਅਪਰਾਧਿਕ ਸਾਜਿਸ਼ ਦੇ ਇਲਜ਼ਾਮ ਨੂੰ ਹਟਾਉਣ ਲਈ ਕੀਤਾ ਕਿਉਂਕਿ ਇਹ ਇਲਜ਼ਾਮ ਸਿਰਫ਼ ਐੱਫ਼ਆਈਆਰ ਨੰਬਰ 197 ਦੇ ਮਾਮਲੇ ਵਿੱਚ ਦਾਇਰ ਕੀਤੇ ਗਏ ਸਨ। ਹਾਈ ਕੋਰਟ ਨੇ ਸੀਬੀਆਈ ਨੂੰ ਨਿਰਦੇਸ਼ ਦਿੱਤੇ ਕਿ ਜੇ ਉਨ੍ਹਾਂ ਕੋਲ ਅਡਵਾਨੀ ਅਤੇ ਹੋਰਨਾਂ ਖ਼ਿਲਾਫ਼ ਅਪਰਾਧਕ ਸਾਜ਼ਿਸ਼ ਰਚਣ ਦੇ ਸਬੂਤ ਹਨ ਤਾਂ ਉਹ ਰਾਏਬਰੇਲੀ ਅਦਾਲਤ ਵਿੱਚ ਸਪਲੀਮੈਂਟਰੀ ਚਾਰਜਸ਼ੀਟ ਦਾਖਲ ਕਰੇ।

**ਰਿਹਾਅ ਹੋਏ ਲਾਲ ਕ੍ਰਿਸ਼ਨ ਅਡਵਾਨੀ**

ਸਾਲ 2003 ਵਿੱਚ ਸੀਬੀਆਈ ਨੇ ਐੱਫ਼ਆਈਆਰ 198 ਤਹਿਤ ਅੱਠ ਮੁਲਜ਼ਮਾਂ ਖ਼ਿਲਾਫ਼ ਸਪਲੀਮੈਂਟਰੀ ਚਾਰਜਸ਼ੀਟ ਦਾਖਲ ਕੀਤੀ।

ਹਾਲਾਂਕਿ ਬਾਬਰੀ ਮਸਜਿਦ ਨੂੰ ਢਾਹੁਣ ਦੀ ਅਪਰਾਧਿਕ ਸਾਜਿਸ਼ ਦੇ ਇਲਜ਼ਾਮ ਨੂੰ ਸੀਬੀਆਈ ਇਸ ਵਿੱਚ ਨਹੀਂ ਜੋੜ ਸਕੀ ਕਿਉਂਕਿ ਬਾਬਰੀ ਮਸਜਿਦ ਢਾਹੁਣ ਵਿੱਚ ਅਪਰਾਧਕ ਸਾਜਿਸ਼ ਵਾਲੀ ਐੱਫ਼ਆਈਆਰ ਨੰਬਰ 197 ਅਤੇ ਭੜਕਾਊ ਭਾਸ਼ਨ ਵਾਲੀ ਐੱਫ਼ਆਈਆਰ ਵੱਖਰੀ ਸੀ। ਇਸ ਦੌਰਾਨ ਰਾਇਬਰੇਲੀ ਅਦਾਲਤ ਨੇ ਲਾਲ ਕ੍ਰਿਸ਼ਨ ਅਡਵਾਨੀ ਦੀ ਸੁਣਵਾਈ ਦੀ ਅਪੀਲ ਮਨਜ਼ੂਰ ਕਰਦਿਆਂ ਉਨ੍ਹਾਂ ਨੂੰ ਇਹ ਕਹਿੰਦੇ ਹੋਏ ਇਲਜ਼ਾਮਾਂ ਤੋਂ ਰਿਹਾਅ ਕਰ ਦਿੱਤਾ ਕਿ ਉਨ੍ਹਾਂ ਖਿਲਾਫ਼ ਮਾਮਲਾ ਚਲਾਉਣ ਲਈ ਇੰਨੇ ਸਬੂਤ ਨਹੀਂ ਹਨ। ਪਰ ਸਾਲ 2005 ਵਿੱਚ ਅਲਾਹਾਬਾਦ ਹਾਈ ਕੋਰਟ ਨੇ ਰਾਇਬਰੇਲੀ ਕੋਰਟ ਦੇ ਨਿਰਦੇਸ਼ ਨੂੰ ਰੱਦ ਕਰਦਿਆਂ ਕਿਹਾ ਕਿ ਅਡਵਾਨੀ ਅਤੇ ਹੋਰਨਾਂ ਖ਼ਿਲਾਫ਼ ਕੇਸ ਚਲਦੇ ਰਹਿਣਗੇ। ਇਹ ਮਾਮਲਾ ਅਦਾਲਤ ਵਿੱਚ ਅੱਗੇ ਜ਼ਰੂਰ ਵਧਿਆ ਪਰ ਇਸ ਵਿੱਚ ਕੋਈ ਅਪਰਾਧਕ ਸਾਜ਼ਿਸ਼ ਰਚਣ ਦੇ ਇਲਜ਼ਾਮ ਨਹੀਂ ਸੀ।

ਸਾਲ 2005 ਵਿੱਚ ਰਾਇਬਰੇਲੀ ਅਦਾਲਤ ਨੇ ਕੇਸ ਵਿੱਚ ਇਲਜ਼ਾਮ ਤੈਅ ਕੀਤੇ ਅਤੇ ਸਾਲ 2007 ਵਿੱਚ ਇਸ ਮਾਮਲੇ ਵਿੱਚ ਪਹਿਲੀ ਗਵਾਹੀ ਹੋਈ।

ਇਸ ਦੇ ਦੋ ਸਾਲਾਂ ਬਾਅਦ ਲਿਬ੍ਰਾਹਨ ਕਮਿਸ਼ਨ ਨੇ ਵੀ ਆਪਣੀ 900 ਪੰਨਿਆਂ ਦੀ ਰਿਪੋਰਟ ਸੌਂਪੀ ਜਿਸ ਨੂੰ ਬਾਅਦ ਵਿੱਚ ਜਨਤਕ ਕੀਤਾ ਗਿਆ।

ਇਸ ਰਿਪੋਰਟ ਵਿੱਚ ਸੰਘ ਪਰਿਵਾਰ, ਵਿਸ਼ਵ ਹਿੰਦੂ ਪਰਿਸ਼ਦ, ਬਜਰੰਗ ਦਲ ਅਤੇ ਭਾਜਪਾ ਦੇ ਮੁੱਖ ਆਗੂਆਂ ਨੂੰ ਉਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਮੰਨਿਆ ਜਿਨ੍ਹਾਂ ਕਾਰਨ ਬਾਬਰੀ ਢਾਹੁਣ ਦੀ ਘਟਨਾ ਹੋਈ ਸੀ। ਸਾਲ 2010 ਵਿੱਚ ਦੋਹਾਂ ਮਾਮਲਿਆਂ ਨੂੰ ਵੱਖ ਕਰਨ ਦਾ ਹੇਠਲੀ ਅਦਾਲਤ ਦਾ ਫੈਸਲਾ ਅਲਾਹਾਬਾਦ ਹਾਈ ਕੋਰਟ ਨੇ ਵੀ ਕਾਇਮ ਰੱਖਿਆ। ਸਾਲ 2001 ਵਿੱਚ ਸੀਬੀਆਈ ਨੇ ਇਸ ਮਾਮਲੇ ਵਿੱਚ ਹਾਈ ਕੋਰਟ ਦੇ ਫੈਸਲੇ ਖਿਲਾਫ਼ ਇੱਕ ਮੁੜ ਵਿਚਾਰ ਪਟੀਸ਼ਨ ਦਾਇਰ ਕੀਤੀ ਸੀ।


ਹਾਈ ਕੋਰਟ ਨੇ ਕਿਹਾ ਕਿ ਇਸ ਮਾਮਲੇ ਵਿੱਚ ਦੋ ਤਰ੍ਹਾਂ ਦੇ ਮੁਲਜ਼ਮ ਸਨ – ਪਹਿਲੇ ਉਹ ਆਗੂ ਜੋ ਮਸਜਿਦ ਤੋਂ 200 ਮੀਟਰ ਦੀ ਦੂਰੀ ’ਤੇ ਮੰਚ ਤੋਂ ਕਾਰਸੇਵਕਾਂ ਨੂੰ ਭੜਕਾ ਰਹੇ ਸਨ ਅਤੇ ਦੂਜੇ ਖੁਦ ਕਾਰਸੇਵਕ।

ਯਾਨਿ ਕਿ ਲਾਲ ਕ੍ਰਿਸ਼ਨ ਅਡਵਾਨੀ ਅਤੇ ਹੋਰਨਾਂ ਆਗੂਆਂ ਦੇ ਨਾਮ ਅਪਰਾਧਿਕ ਸਾਜਿਸ਼ ਵਿੱਚ ਨਹੀਂ ਜੋੜੇ ਜਾ ਸਕਦੇ ਸੀ।


ਇਸ ਫ਼ੈਸਲੇ ਖਿਲਾਫ਼ ਸੀਬੀਆਈ ਨੇ ਸਾਲ 2011 ਵਿੱਚ ਸੁਪਰੀਮ ਕੋਰਟ ਦਾ ਰੁਖ ਕੀਤਾ ਅਤੇ 20 ਮਾਰਚ 2012 ਨੂੰ ਇੱਕ ਹਲਫ਼ਨਾਮਾ ਦਾਇਰ ਕੀਤਾ ਸੀ ਜਿਸ ਵਿੱਚ ਦੋਵਾਂ ਮਾਮਲਿਆਂ ਦੀ ਇਕੱਠੇ ਸੁਣਵਾਈ ਦੇ ਹੱਕ ਵਿੱਚ ਦਲੀਲ ਦਿੱਤੀ ਗਈ ਸੀ।

ਮਾਮਲੇ ਦੀ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਸਾਲ 2015 ਵਿੱਚ ਐੱਲਕੇ ਅਡਵਾਨੀ, ਊਮਾ ਭਾਰਤੀ, ਮੁਰਲੀ ਮਨੋਹਰ ਜੋਸ਼ੀ ਅਤੇ ਕਲਿਆਣ ਸਿੰਘ ਸਣੇ ਭਾਜਪਾ ਦੇ ਸੀਨੀਅਰ ਆਗੂਆਂ ਨੂੰ ਨੋਟਿਸ ਜਾਰੀ ਕਰਕੇ ਬਾਬਰੀ ਮਸਜਿਦ ਢਾਹੇ ਜਾਣ ਦੇ ਕੇਸ ਵਿੱਚ ਅਪਰਾਧਿਕ ਸਾਜਿਸ਼ ਨੂੰ ਨਾ ਹਟਾਉਣ ਦੀ ਸੀਬੀਆਈ ਦੀ ਪਟੀਸ਼ਨ ਦਾ ਜਵਾਬ ਦੇਣ ਲਈ ਕਿਹਾ।

2017 ਵਿੱਚ ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ ਅਤੇ ਸਾਜ਼ਿਸ਼ ਰਚਣ ਦੇ ਇਲਜ਼ਾਮ ਫਿਰ ਲਗਾਏ ਗਏ ਅਤੇ ਦੋਹਾਂ ਮਾਮਲਿਆਂ ਦੀ ਇੱਕੋ ਸਮੇਂ ਸੁਣਵਾਈ ਕਰਨ ਦੀ ਇਜਾਜ਼ਤ ਦਿੱਤੀ ਗਈ। ਸੁਪਰੀਮ ਕੋਰਟ ਨੇ ਇਸ ਵਿਵਾਦ ਨੂੰ ਹਮੇਸ਼ਾ ਲਈ ਖ਼ਤਮ ਕਰਦਿਆਂ ਲਾਲ ਕ੍ਰਿਸ਼ਨ ਅਡਵਾਨੀ ਅਤੇ 20 ਹੋਰਨਾਂ ਸਣੇ ਕਈ ਮੁਲਜ਼ਮਾਂ ਖ਼ਿਲਾਫ਼ ਸਾਜਿਸ਼ ਰਚਣ ਦਾ ਇਲਜ਼ਾਮ ਮੁੜ ਤੋਂ ਲਗਾਉਣ ਦਾ ਹੁਕਮ ਦਿੱਤਾ। ਸੁਪਰੀਮ ਕੋਰਟ ਦੇ ਫੈਸਲੇ ਦਾ ਇੱਕ ਅਹਿਮ ਪਹਿਲੂ ਇਹ ਵੀ ਸੀ ਕਿ ਅਦਾਲਤ ਨੇ ਸੁਣਵਾਈ ਪੂਰੀ ਕਰਨ ਲਈ ਇੱਕ ਡੈੱਡਲਾਈਨ (ਅੰਤਮ ਤਰੀਕ) ਤੈਅ ਕਰ ਦਿੱਤੀ। ਪਹਿਲਾਂ ਇਹ ਡੈੱਡਲਾਈਨ ਦੋ ਸਾਲਾਂ ਦੀ ਸੀ, ਜੋ ਪਿਛਲੇ ਸਾਲ ਅਪ੍ਰੈਲ ਵਿੱਚ ਖ਼ਤਮ ਹੋ ਰਹੀ ਸੀ ਪਰ ਬਾਅਦ ਵਿੱਚ ਇਸ ਨੂੰ ਨੌ ਮਹੀਨਿਆਂ ਤੱਕ ਵਧਾ ਦਿੱਤਾ ਗਿਆ ਸੀ। ਕੋਰੋਨਾ ਸੰਕਟ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੇ ਇਸ ਨੂੰ ਹੋਰ ਵਧਾਉਂਦੇ ਹੋਏ ਅਤੇ ਹਰ ਦਿਨ ਸੁਣਵਾਈ ਕਰਦੇ ਹੋਏ 31 ਅਗਸਤ ਤੱਕ ਸੁਣਵਾਈ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਇਸ ਤਰ੍ਹਾਂ ਬਾਬਰੀ ਮਸਜਿਦ ਢਾਹੇ ਜਾਣ ਦੇ ਕੇਸ ਵਿੱਚ ਕੁੱਲ 49 ਵਿਅਕਤੀਆਂ ਨੂੰ ਮੁਲਜ਼ਮ ਠਹਿਰਾਇਆ ਗਿਆ ਸੀ, ਜਿਸ ਵਿੱਚ ਹੁਣ ਤੱਕ 17 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸੀਬੀਆਈ ਨੇ ਬਾਕੀ ਬਚੇ ਲੋਕਾਂ ਤੋਂ ਪੁੱਛਗਿੱਛ ਪੂਰੀ ਕਰ ਲਈ ਹੈ। ਇਨ੍ਹਾਂ ਲੋਕਾਂ ਵਿੱਚ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਵਿਨੇ ਕਟਿਆਰ, ਊਮਾ ਭਾਰਤੀ, ਕਲਿਆਣ ਸਿੰਘ, ਰਾਮ ਵਿਲਾਸ ਵੇਦਾਂਤੀ, ਸਾਧਵੀ ਰਿਤਮੰਭਰਾ, ਚੰਪਤ ਰਾਇ, ਨ੍ਰਿਤਿਆ ਗੋਪਾਲ ਦਾਸ ਵਰਗੇ ਲੋਕ ਸ਼ਾਮਲ ਹਨ।









# ਕੋਰੋਨਾ ਵਾਇਰਸ ਦਾ ਜ਼ਹਿਰ



ਨੂਰਦੀਪ ਕੋਮਲ
Komalbajaj18526@gmail.com

ਸਮੁੱਚੀ ਦੁਨੀਆਂ ਵਿੱਚ ਕਰੋਨਾਵਾਇਰਸ ਨਾਂ ਦੀ ਬਿਮਾਰੀ ਦਾ ਕਹਿਰ ਜਾਰੀ ਹੈ। ਹੁਣ ਤਾਂ ਇਸ ਕਰੋਨਾਵਾਇਰਸ ਦਾ ਕਹਿਰ ਪੰਜਾਬ ਵਿੱਚ ਵੀ ਵਧੇਰੇ ਵੇਖਣ ਨੂੰ ਮਿਲਦਾ ਹੈ। ਕਰੋਨਾਵਾਇਰਸ ਨੇ ਮਨੁੱਖ ਦੇ ਮਾਨਸਿਕ ਤੇ ਸ਼ਰੀਰਕ ਪੱਖ ਦੇ ਨਾਲ-ਨਾਲ ਆਰਥਿਕ ਪੱਖ ਨੂੰ ਵੀ ਪ੍ਰਭਾਵਿਤ ਕੀਤਾ ਹੈ। ਵਿਸ਼ਵ ਸਿਹਤ ਸੰਸਥਾ ਵੱਲੋਂ ਇਸ ਵਾਇਰਸ ਨੂੰ ਕੋਵਿਡ-19 ਦਾ ਨਾਂ ਦਿੱਤਾ ਗਿਆ ਹੈ। ਇਹ ਇਕ ਅਜਿਹਾ ਵਾਇਰਸ ਹੈ ਜੋ ਨੱਕ, ਗਲੇ ਨੂੰ ਪ੍ਰਭਾਵਿਤ ਕਰਦਾ ਹੈ। ਇਹ ਇਨਫੈਕਸ਼ਨ ਬੜੀ ਤੇਜ਼ੀ ਨਾਲ ਫੈਲਦਾ ਹੈ। ਵਿਸ਼ਵ ਸਿਹਤ ਸੰਗਠਨ ਨੇ ਇਸ ਪੈਦਾ ਹੋਈ ਭਿਆਨਕ ਸਥਿੱਤੀ ਨੂੰ ਅੰਤਰਰਾਸ਼ਟਰੀ ਸਿਹਤ ਐਮਰਜੈਂਸੀ ਗਰਦਾਨਿਆ ਹੈ। ਸਮਾਜ ਵਿਚ ਸਮੇਂ-ਸਮੇਂ 'ਤੇ ਭਿਅੰਕਰ ਬਿਮਾਰੀਆਂ ਜਿਵੇਂ ਪਲੇਗ, ਮਲੇਰੀਆ, ਸਵਾਇਨ ਫਲਿਊ, ਸਾਰਸ, ਡੇਂਗੂ, ਜੀਕਾ ਵਾਇਰਸ ਆਦਿ ਫੈਲੀਆਂ ਹਨ ਅਤੇ ਮਨੁੱਖਤਾਂ ਨੇ ਵਿਸ਼ਵ ਪੱਧਰ 'ਤੇ ਇਹਨਾਂ ਭਿਆਨਕ ਬਿਮਾਰੀਆਂ ਦਾ ਸਾਹਮਣਾ ਕੀਤਾ। ਇਹਨਾਂ ਬਿਮਾਰੀਆਂ ਦਾ ਅਸਰ ਸਾਡੇ ਵਿਸ਼ਵ ਦੇ ਵਿਕਾਸ ਪੱਧਰ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਪਰ ਕਰੋਨਾਵਾਇਰਸ ਵਿਸ਼ਵ ਅਰਥ ਵਿਵਸਥਾ ਲਈ ਵੱਡੀ ਚੁਣੌਤੀ ਸਾਬਿਤ ਹੋਇਆ ਹੈ। ਵਿਸ਼ਵ ਸਿਹਤ ਸੰਸਥਾ ਡਬਲਿਯੂ ਐਚ ਓ ਨੇ ਇਸ ਵਾਇਰਸ ਨੂੰ ਮਾਹਵਾਰੀ ਵਜੋਂ ਲੈਂਦਿਆਂ ਐਡਵਾਈਜ਼ਰੀ ਜਾਰੀ ਕੀਤੀ ਹੈ। ਅੱਜ ਦੇਸ਼ ਭਰ ਦੇ ਲਾਕਡਾਊਨ ਹੋਣ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਬਿਮਾਰੀ ਕਿੰਨੀ ਭਿਆਨਕ ਹੈ।ਇਹ ਚਿੰਤਾ ਦਾ ਵਿਸ਼ਾ ਹੈ ਕਿ ਦਿਨੋਂ ਦਿਨੀ ਲੋਕ ਇਸਦੀ ਗਿਰਫ ਵਿਚ ਆ ਰਹੇ ਹਨ। ਆਵਾਜਾਈ ਦੇ ਸਾਧਨਾਂ ਨੂੰ ਬੰਦ ਕਰਨ ਦੇ ਨਾਲ-ਨਾਲ ਸਰਹੱਦਾਂ ਵੀ ਸੀਲ ਕਰ ਦਿੱਤੀਆਂ ਗਈਆਂ ਹਨ। ਇਸ ਵਾਇਰਸ ਤਹਿਤ ਧਾਰਮਿਕ ਸਥਾਨਾਂ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ ਪਰ ਲੋਕਾਂ ਦੇ ਬਚਾਅ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਦੇ ਇਸ ਨਿਰਣੇ ਨੂੰ ਚੰਗਾ ਫੈਸਲਾ ਕਹਿ ਸਕਦੇ ਹਾਂ।ਸਰਕਾਰ ਨੇ ਇਸ ਬਿਮਾਰੀ ਤੋਂ ਬਚਣ ਲਈ ਲੋਕਾਂ ਨੂੰ ਆਪਣੇ ਘਰਾਂ ਵਿੱਚ ਹੀ ਰਹਿਣ ਦੀ ਹਿਦਾਇਤ ਦਿੱਤੀ ਹੈ ਜਿਸ ਤਹਿਤ ਦੇਸ਼ ਭਰ ਵਿੱਚ ਕਰਫਿਊ ਲਗਾ ਦਿੱਤਾ ਗਿਆ ਹੈ। ਭਾਰਤ ਨੇ 24 ਮਾਰਚ ਤੋਂ ਲਾਕਡਾਊਣ ਕੀਤਾ ਹੈ ਜਦੋਂਕਿ ਪੰਜਾਬ ਵਿੱਚ 22 ਮਾਰਚ ਤੋਂ ਹੀ ਕਰਫਿਊ ਲਾਗੂ ਹੈ। ਕਰੋਨਾਵਾਇਰਸ ਦੀ ਸ਼ੁਰੂਆਤ ਚੀਨ ਦੇ ਸੂਬੇ ਵੂਹਾਨ ਵਿੱਚ ਦਿਸੰਬਰ 2019 ਵਿੱਚ ਹੋਈ ਸੀ ਤੇ ਭਾਰਤ ਵਿਚ ਇਸਦੀ ਸ਼ੁਰੂਆਤ ਕੇਰਲ ਜਿਲ੍ਹੇ ਵਿੱਚ ਜਨਵਰੀ 2019 ਵਿੱਚ ਹੋਈ ਸੀ। ਪੰਜਾਬ ਤਾਂ ਪੂਰੀ ਤਰ੍ਹਾਂ ਹੁਣ ਇਸ ਵਾਇਰਸ ਦੇ ਕਹਿਰ ਹੇਠ ਹੈ। ਪੰਜਾਬ ਵਿੱਚ ਮਰੀਜ਼ਾਂ ਦੀ ਗਿਣਤੀ ਲਗਾਤਾਰ ਵੱਧਣ ਕਾਰਨ ਸਿਹਤ ਵਿਭਾਗ ਲਈ ਵੀ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ। ਇਹ ਭਿਆਨਕ ਵਾਇਰਸ ਪੰਜਾਬ ਦੇ ਲਗਭਗ ਹਰ ਜਿਲ੍ਹੇ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਦਿਨੋਂ ਦਿਨ ਮਰੀਜਾਂ ਦੀ ਵੱਧਦੀ ਗਿਣਤੀ ਇਕ ਚੁਨੌਤੀ ਬਣ ਗਈ ਹੈ। ਪੰਜਾਬ ਵਿੱਚ ਕਰੋਨਾ ਦੇ ਵੱਧਦੇ ਕਹਿਰ ਦਾ ਕਾਰਨ ਲੋਕਾਂ ਦਾ ਇਸਨੂੰ ਹਲਕੇ ਵਿਚ ਲੈਣਾ ਹੈ। ਇਸ ਵਾਇਰਸ ਨੂੰ ਰੋਕਣ ਲਈ ਜਿਹੜੀਆਂ ਚੀਜ਼ਾਂ ਸਭ ਤੋਂ ਵੱਧ ਜ਼ਰੂਰੀ ਹਨ ਲੋਕ ਉਸਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਹਜ਼ੇ ਵੀ ਕੁਝ ਲੋਕ ਮਾਸਕ ਦਾ ਉਪਯੋਗ ਨਹੀਂ ਕਰ ਰਹੇ ਤੇ ਆਪਸੀ ਦੂਰੀ ਨਹੀਂ ਬਣਾ ਰਹੇ। ਜੂਨ ਮਹੀਨੇ ਤੋਂ ਮੌਲ, ਦੁਕਾਨਾਂ, ਧਾਰਮਿਕ ਸਥਾਨ, ਬਾਜ਼ਾਰ ਪਹਿਲਾਂ ਕੁਝ ਸਮੇਂ ਲਈ ਤੇ ਫੇਰ ਜਿਆਦਾ ਸਮੇਂ ਲਈ ਖੋਲ੍ਹੇ ਗਏ। ਵਿੱਦਿਅਕ ਸੰਸਥਾਵਾਂ ਤੇ ਸਿਨੇਮਾ ਘਰਾਂ ਨੂੰ ਛੱਡ ਕੇ ਬਾਕੀ ਸਭ ਦੀ ਖੁਲ੍ਹ ਦਿੱਤੀ ਗਈ ਜਿਸ ਦੌਰਾਨ ਇਹ ਕਰੋਨਾਵਾਇਰਸ ਦਾ ਕਹਿਰ ਪੰਜਾਬ ਵਿੱਚ ਵਧੇਰੇ ਵੇਖਣ ਨੂੰ ਮਿਲ ਰਿਹਾ ਹੈ। ਆਏ ਦਿਨ ਮਰੀਜਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਪੰਜਾਬ ਨੂੰ ਕਰੋਨਾਵਾਇਰਸ ਦੇ ਮਰੀਜਾਂ 'ਤੇ ਪਲਾਜ਼ਮਾ ਥੈਰੇਪੀ ਦੀ ਟਰਾਇਲ ਕਰਨ ਦੀ ਮਨਜੂਰੀ ਮਿਲ ਗਈ ਹੈ। ਪਲਾਜ਼ਮਾ ਥੈਰੇਪੀ ਲਈ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੇ ਅਮ੍ਰਿਤਸਰ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ, ਸ਼੍ਰੀ ਗੁਰੂ ਰਾਮ ਦਾਸ ਮੈਡੀਕਲ ਸਾਇੰਸ ਤੇ ਖੋਜ ਸੰਸਥਾ ਅਮ੍ਰਿਤਸਰ, ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ, ਕਰਿਸਚਨ ਮੈਡੀਕਲ ਕਾਲਜ ਤੇ ਹਸਪਤਾਲ, ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਵਾਇਰਸ ਇਕ ਅਜਿਹੀ ਬਿਮਾਰੀ ਹੈ ਜਿਸਦਾ ਇਲਾਜ਼ ਸਿਰਫ਼ ਪਰਹੇਜ਼ ਅਤੇ ਸਵੱਛਤਾ ਹੈ। ਇਸ ਵਾਇਰਸ ਨੂੰ ਲੈ ਕੇ ਲੋਕਾਂ ਅੰਦਰ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ। ਕਰੋਨਾਵਾਇਰਸ ਤੋਂ ਬਚਣ ਲਈ ਆਪਣੇ ਹੱਥਾਂ ਨੂੰ ਧੋਣ ਲਈ ਚੰਗੇ ਸਾਬੁਣ ਜਾ ਸੈਨੀਟਾਈਜ਼ਰ ਦੀ ਵਰਤੋਂ ਕਰੋ। ਇਸ ਤੋਂ ਇਲਾਵਾ ਕੋਈ ਵੀ ਸਰਜੀਕਲ ਮਾਸਕ ਨੂੰ ਇਸ ਤਰ੍ਹਾਂ ਡਿਜ਼ਾਇਨ ਨਹੀਂ ਕੀਤਾ ਗਿਆ ਕਿ ਉਹ ਵਾਇਰਲ ਪਾਰਕਿਲ ਨੂੰ ਬਲੌਕ ਕਰ ਸਕੇ ਪਰ ਇਹ ਇਨਫੈਕਟਿਡ ਵਿਅਕਤੀ ਨੂੰ ਵਾਇਰਸ ਫੈਲਾਉਣ ਤੋਂ ਰੋਕ ਸਕਦਾ ਹੈ। ਅਗਿਆਨਤਾ ਤੋਂ ਉੱਪਰ ਉੱਠ ਕੇ ਸਾਫ ਸਫਾਈ ਦਾ ਧਿਆਨ ਰੱਖਦਿਆ ਸਰਕਾਰੀ ਅਸੂਲਾਂ ਦੀ ਪਾਲਣਾ ਹੀ ਸਾਨੂੰ ਇਸ ਵਾਇਰਸ ਤੋਂ ਸੁਰੱਖਿਅਤ ਰੱਖ ਸਕਦੀ ਹੈ। ਲੋੜ ਹੈ ਕਿ ਅਜਿਹੇ ਸਮੇਂ ਦੌਰਾਨ ਲੋਕ ਸੰਜਮ ਬਣਾ ਕੇ ਰੱਖਣ। ਆਪਣੇ ਘਰਾਂ ਵਿੱਚ ਹੀ ਰਹਿਣ ਅਤੇ ਸਮਝਦਾਰੀ ਤੋਂ ਕੰਮ ਲੈਣ। ਉਹ ਇਸ ਲਾਕਡਾਊਨ ਦਾ ਫਾਇਦਾ ਆਪਣੇ ਘਰੇਲੂ ਕੰਮ, ਚੰਗੀਆਂ ਪੁਸਤਕਾਂ ਪੜ੍ਹ ਕੇ ਉਠਾਂ ਸਕਦੇ ਹਨ। ਚੰਗੀਆਂ ਪੁਸਤਕਾਂ ਉਹਨਾਂ ਦਾ ਇਸ ਮੁਸ਼ਕਲ ਘੜੀ ਵਿਚ ਹੌਂਸਲਾ ਬਣਾਈ ਰੱਖਣ ਵਿਚ ਸਹਾਈ ਹੋ ਸਕਦੀਆਂ ਹਨ। ਇਸ ਕਰੋਨਾਵਾਇਰਸ ਵਰਗੀ ਲਾਇਲਾਜ਼ ਬਿਮਾਰੀ 'ਤੇ ਕਾਬੂ ਸਰਕਾਰ ਅਤੇ ਆਮ ਜਨਤਾ ਦੇ ਸਹਿਯੋਗ ਨਾਲ ਹੀ ਪਾਇਆ ਜਾ ਸਕਦਾ ਹੈ। ਕਰੋਨਾਵਾਇਰਸ ਤੋਂ ਡਰਨ ਦੀ ਥਾਂ ਤੇ ਸੁਚੇਤ ਹੋਣ ਦੀ ਵਧੇਰੇ ਲੋੜ ਹੈ। ਦੁਨੀਆਂ ਭਰ ਵਿੱਚ ਕਰੋਨਾਵਾਇਰਸ ਦੀ ਲਪੇਟ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ 19 ਲੱਖ ਦੀ ਸੀਮਾ ਵੀ ਪਾਰ ਕਰ ਗਈ ਹੈ। ਇਸ ਵਾਇਰਸ ਦੇ ਕਹਿਰ ਤੋਂ ਲੋਕਾਂ ਨੂੰ ਰਾਹਤ ਦੇਣ ਲਈ ਸਰਕਾਰ ਕੁਝ ਲੋੜੀਂਦੇ ਕਦਮ ਚੁੱਕ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਂ ਸਰਕਾਰ ਵੱਲੋਂ ਘਰ-ਘਰ ਨੌਕਰੀ ਦੇਣ ਲਈ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ 2984 ਅਸਾਮੀਆਂ ਲਈ 31 ਅਗਸਤ ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਗੱਲ ਦਾ ਪ੍ਰਗਟਾਵਾ ਸ.ਬਲਬੀਰ ਸਿੰਘ ਨੇ ਇਕ ਪ੍ਰੈਸ ਕਾਨਫਰੰਸ ਰਾਹੀਂ ਕੀਤਾ। ਉਹਨਾਂ ਕਿਹਾ ਕਿ ਕਰੋਨਾਵਾਇਰਸ ਦੇ ਇਸ ਵੱਧਦੇ ਕਹਿਰ ਨਾਲ ਨੱਜਿਠਨ ਲਈ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ। ਉਹਨਾਂ ਇਹ ਵੀ ਦੱਸਿਆ ਕਿ ਵੱਡੇ ਪੱਧਰ ਤੇ ਹੋ ਰਹੀ ਭਰਤੀ ਤਹਿਤ ਮੈਡੀਕਲ ਅਫਸਰ ਜਨਰਲ 500,ਮੈਡੀਕਲ ਅਫਸਰ ਡੈਂਟਲ 35, ਰੇਡਿਓ ਗਰਾਫਰ 139, ਮਲਟੀਪਰਪਸ ਹੈਲਥ ਵਰਕਰ 200, ਟੈਕਨੀਸ਼ੀਅਨ 14, ਫਾਰਮਾਸਿਸਟ 482, ਓਪਰੇਸ਼ਨ ਥਿਏਟਰ ਸਹਾਇਕ 116 ਤੇ ਵਾਰਡ ਐਟੇਂਡਟ ਦੀਆਂ 800 ਅਸਾਮੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਅਸਾਮੀਆਂ ਭਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਡਾਕਟਰਾਂ, ਪੈਰਾਂ ਮੈਡੀਕਲ ਅਤੇ ਹੋਰ ਸਟਾਫ ਦੀ ਭਰਤੀ ਪੰਜਾਬ ਲੋਕ ਸੇਵਾ ਕਮਿਸ਼ਨ ਅਤੇ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਘੇਰੇ ਤਹਿਤ ਬਾਬਾ ਫਰੀਦ ਯੂਨੀਵਰਸਿਟੀ ਓਫ ਹੈਲਥ ਸਾਇੰਸਜ਼ ਫਰੀਦਕੋਟ ਰਾਹੀਂ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਇਸ ਮੁਸ਼ਕਲ ਘੜੀ ਦੌਰਾਨ ਵਧੇਰੇ ਸਹੂਲਤਾਂ ਉਪਲਬੱਧ ਕਰਵਾਉਣ ਦਾ ਉਪਰਾਲਾ ਕਰ ਰਹੀ ਹੈ। ਬਿਮਾਰੀ ਭਾਵੇਂ ਲਗਾਤਾਰ ਵੱਧ ਰਹੀ ਹੈ ਪਰ ਬਚਾਅ ਦੇ ਤਰੀਕੇ ਆਮ ਹਨ ਜੋ ਸੁਖਾਲੇ ਤਰੀਕੇ ਨਾਲ ਅਪਣਾਏ ਜਾ ਸਕਦੇ ਹਨ। ਕਰੋਨਾਵਾਇਰਸ ਲਈ ਸਰਕਾਰ ਨਿੱਤ ਹਿਦਾਇਤਾਂ ਜਾਰੀ ਕਰ ਰਹੀ ਹੈ। ਕਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਜਿੱਥੇ ਪ੍ਰਸ਼ਾਸਨ ਵੱਲੋਂ ਪੁਲਿਸ ਦੇ ਸਹਿਯੋਗ ਨਾਲ ਵੱਖ-ਵੱਖ ਉਪਰਾਲੇ ਕੀਤੇ ਗਏ ਨੇ ਓਥੇ ਹੀ ਕਰਫਿਊ ਨੂੰ ਲੈ ਕੇ ਸਾਰੀਆਂ ਕਾਨੂੰਨੀ ਹਦਾਇਤਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

ਬਿਹਤਰ ਇਹ ਹੀ ਹੋਵੇਗਾ ਕਿ ਲੋਕਾਂ ਦੁਆਰਾ ਇਸ ਵਾਇਰਸ ਵਰਗੀ ਦੈਂਤ ਬਿਮਾਰੀ ਨਾਲ ਨਜਿੱਠਣ ਲਈ ਸਰਕਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਦੂਜੇ ਪਾਸੇ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਇਸ ਕਰਫਿਊ ਦੌਰਾਨ ਲੋਕਾਂ ਨੂੰ ਜਰੂਰੀ ਵਸਤਾਂ ਦੀ ਪੂਰਤੀ ਕਰ ਕੇ ਆਰਥਿਕ ਰਾਹਤ ਦੇਣ, ਦਿਹਾੜੀਦਾਰ ਲੋਕ ਅਤੇ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਲੋਕਾਂ ਨੂੰ ਭੋਜਨ ਉਪਲਬੱਧ ਕਰਵਾਇਆ ਜਾਵੇ ਅਤੇ ਅਰਥਚਾਰੇ ਨੂੰ ਮੁੜ ਲੀਹ ਤੇ ਲਿਆਉਣ ਦਾ ਯਤਨ ਕਰੇ। ਦੂਜੇ ਪਾਸੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਸ ਮੁਸ਼ਕਿਲ ਘੜੀ ਵਿੱਚ ਸੰਜਮ ਤੋਂ ਕੰਮ ਲੈਂਦੇ ਹੋਏ ਸਰਕਾਰੀ ਨੀਤੀਆਂ ਦੀ ਪਾਲਣਾ ਕਰੇ। ਇਸ ਭਿਆਨਕ ਬਿਮਾਰੀ ਨੂੰ ਠੱਲ੍ਹ ਪਾਉਣ ਲਈ ਸਾਂਝਾ ਯਤਨ ਜ਼ਰੂਰੀ ਹੈ। ਭਾਰਤ ਜੋ ਜਨਸੰਖਿਆ ਦੇ ਆਧਾਰ ਤੇ ਵਿਸ਼ਵ ਵਿੱਚ ਦੂਜੇ ਸਥਾਨ 'ਤੇ ਹੈ ਇਸ ਬਿਮਾਰੀ ਨਾਲ ਨਜਿੱਠਣ ਲਈ ਨਿੱਤ ਨਵੇਂ ਉਪਰਾਲੇ ਕਰ ਰਿਹਾ ਹੈ। ਕਰੋਨਾ ਜੀਵਾਣੂਆਂ ਰਾਹੀਂ ਫੈਲ ਰਹੀ ਇਸ ਬਿਮਾਰੀ ਦਾ ਹਜ਼ੇ ਤੱਕ ਕੋਈ ਪੱਕਾ ਹੱਲ ਨਹੀਂ ਲੱਭਿਆ ਹੈ। ਕਈ ਮਾਹਿਰ ਵਿਗਿਆਨੀ ਤੇ ਸੰਸਥਾਵਾਂ ਇਲਾਜ਼ ਲੱਭਣ ਵਿੱਚ ਜੁੱਟੇ ਹੋਏ ਹਨ। ਇਸ ਲਈ ਸਾਡਾ ਇਹ ਫਰਜ਼ ਬਣਦਾ ਹੈ ਕਿ ਸਰਕਾਰ ਦੁਆਰਾ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ ਕੁਝ ਗੱਲਾਂ ਜਿਵੇਂ ਆਪਸੀ ਦੂਰੀ ਬਣਾ ਕੇ ਰੱਖਣਾ, ਮਾਸਕ ਦੀ ਵਰਤੋਂ ਕਰਨਾ, ਵਾਰ-ਵਾਰ ਸਾਬਣ ਨਾਲ ਹੱਥ ਧੋਨੇ, ਚੀਜ਼ਾਂ ਨੂੰ ਛੂਹਣ ਤੋਂ ਪਰਹੇਜ਼ ਕਰਨਾ ਤੇ ਆਪਸੀ ਸੰਪਰਕ ਨਾ ਬਣਾਉਣਾ ਹੈ। ਮੌਜੂਦਾ ਸਮੇਂ ਇਸ ਵਾਇਰਸ ਦੇ ਫੈਲਾਅ ਦਾ ਮੁੱਖ ਕਾਰਨ ਇਸ ਬਿਮਾਰੀ ਨੂੰ ਨਜ਼ਰਅੰਦਾਜ਼ ਕਰਦੇ ਹੋਏ ਸਰਕਾਰੀ ਹਿਦਾਇਤਾਂ ਨੂੰ ਨਾ ਮੰਨਣਾ ਹੈ। ਜਿੱਥੇ ਇਕ ਪਾਸੇ ਇਸ ਬਿਮਾਰੀ ਨਾਲ ਲੜਨ ਲਈ ਸਾਂਝੇ ਯਤਨਾਂ ਦੀ ਲੋੜ ਹੈ ਓਥੇ ਹੀ ਪਰਹੇਜ਼ ਇਸ ਤੋਂ ਬਚਾਅ ਦਾ ਇੱਕੋ ਇੱਕ ਹੱਲ ਹੈ। ਦੂਜਾ ਸ਼ਰੀਰ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣਾ ਵੀ ਬਹੁਤ ਜਰੂਰੀ ਹੈ ਜਿੰਨ੍ਹਾਂ ਸ਼ਰੀਰ ਤੰਦਰੁਸਤ ਹੋਵੇਗਾ ਓਨਾ ਹੀ ਉਸ ਵਿਚ ਬਿਮਾਰੀਆਂ ਨਾਲ ਲੜਨ ਦੀ ਸਫਲਤਾ ਵਧੇਰੇ ਹੋਵੇਗੀ। ਅਕਸਰ ਇਹ ਗੱਲ ਵੇਖਣ ਵਿੱਚ ਆਇਆ ਹੈ ਕਿ ਕਰੋਨਾਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿੱਚ ਵਧੇਰੇ ਬਜੁਰਗ ਸ਼ਾਮਿਲ ਹਨ। ਸ਼ਰੀਰਕ ਸਮਰੱਥਾ ਘੱਟ ਹੋਣ ਕਾਰਨ ਬਜੁਰਗ ਵਧੇਰੇ ਇਸ ਬਿਮਾਰੀ ਦੇ ਸ਼ਿਕਾਰ ਹਨ। ਦੂਜਾ ਸਾਨੂੰ ਚੰਗੀ ਖੁਰਾਕ ਤੇ ਕਸਰਤ ਨੂੰ ਆਪਣੀ ਰੁਟੀਨ ਵਿਚ ਸ਼ਾਮਿਲ ਕਰ ਲੈਣਾ ਚਾਹੀਦਾ ਹੈ ਤਾਂ ਜੋ ਇਸ ਬਿਮਾਰੀ ਨੂੰ ਹਰਾਇਆ ਜਾ ਸਕੇ। ਵਿਸ਼ਵ ਪੱਧਰ 'ਤੇ ਸਰਕਾਰ ਅਤੇ ਲੋਕਾਂ ਦੇ ਸਾਂਝੇ ਯਤਨਾਂ ਰਾਹੀਂ ਹੀ ਇਸ ਬਿਮਾਰੀਆਂ ਨੂੰ ਹਰਾਇਆ ਜਾ ਸਕਦਾ ਹੈ।



# ਨੇਕ ਮੁਆਸ਼ ਏ ਕਿਸਾਨ ਦੀ ਦਾਸਤਾਨ

ਨੇਕ ਮੁਆਸ਼ ਜੋ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ 'ਇਮਾਨਦਾਰੀ ਦੀ ਕਮਾਈ ਕਰਨ ਵਾਲਾ'। ਕਿਸਾਨ ਇਕ ਅਜਿਹਾ ਕਿਰਤੀ ਹੈ ਜਿਸ ਦੀ ਮਿਹਨਤ ਵਿਚ ਕਿਸੇ ਤਰ੍ਹਾਂ ਦੇ ਸ਼ੱਕ ਦੀ ਗੁਜ਼ਾਇਸ਼ ਨਹੀਂ ਹੈ। ਇਸ ਦੀ ਕਮਾਈ ਸੱਭ ਤੋਂ ਇਮਾਨਦਾਰ ਤੇ ਪਵਿੱਤਰ ਹੈ। ਸਮੇਂ ਦਾ ਸੱਚ ਜੋ ਵੀ ਇਮਾਨਦਾਰ ਹੈ ਸੱਭ ਤੋਂ ਵੱਧ ਤਕਲੀਫ਼ਾਂ ਦਾ ਸਾਹਮਣਾ ਉਸ ਨੂੰ ਹੀ ਕਰਨਾ ਪੈਂਦਾਂ ਹੈ। ਪੰਜਾਬ ਨੂੰ ਰਿ ਪੈਗ਼ੰਬਰਾਂ ਦੀ ਧਰਤੀ ਹੋਣ ਦੇ ਨਾਲ-ਨਾਲ ਸੂਰਬੀਰਾਂ ਦਾ ਰਣ ਖੇਤਰ ਵੀ ਕਿਹਾ ਜਾਂਦਾ ਹੈ, ਜਿੱਥੇ ਅਜਿਹੇ ਸੂਰਬੀਰਾਂ ਦਾ ਜਨਮ ਹੋਇਆ ਜਿਨ੍ਹਾਂ ਨੇ ਸੰਤ ਬਿਰਤੀ ਦੇ ਨਾਲ ਨਾਲ ਇਕ ਸਿਪਾਹੀ ਦੀ ਬਿਰਤੀ ਅਪਣਾ ਕੇ ਸਦਾ ਮਜ਼ਲੂਮਾਂ ਦੀ ਰੱਖਿਆ ਕੀਤੀ ਹੈ ਪਰ ਸਮੇਂ ਦੀਆਂ ਸਰਕਾਰਾਂ ਨੇ ਸਦਾ ਹੀ ਪੰਜਾਬ ਦੇ ਲੋਕਾਂ ਨਾਲ ਧੱਕਾ ਕਰ ਕੇ ਉਨ੍ਹਾਂ ਨੂੰ ਉਹ ਰਸਤਾ ਅਪਨਾਉਣ ਲਈ ਮਜ਼ਬੂਰ ਕੀਤਾ ਹੈ ਜੋ ਯੁੱਧ ਨਾਦ ਦਾ ਆਗਾਜ ਕਰਦਾ ਹੈ

ਇਹ ਸੂਰਬੀਰ ਸੰਤ ਤੋਂ ਹੀ ਸਿਪਾਹੀ ਬਣੇ ਨੇ ਆਪਣੇ ਹੱਕਾ ਲਈ। ਕੌਮ ਦੀਆਂ ਸਰਕਾਰਾਂ ਜੇ ਮਜ਼ਲੂਮਾਂ ਦੇ ਹੱਕਾਂ ਵਿਚ ਫੈਸਲੇ ਨਾ ਦੇਣ ਤਦ ਹੀ ਇਤਿਹਾਸ ਮੁੜ ਸਾਹਮਣੇ ਆ ਜਾਂਦਾ ਹੈ, ਅੱਜ ਉਹ ਕਿਰਤੀ ਸੜਕ 'ਤੇ ਹੈ ਜਿਸ ਵਗੈਰ ਇਨਸਾਨ ਜਿਉਂਦਾ ਨਹੀਂ ਰਹਿ ਸਕਦਾ ਤੇ ਉਹ ਹੈ ਕਿਸਾਨ , ਜੇ ਅਨਾਜ਼ ਪੈਦਾ ਕਰਨ ਵਾਲਾ ਹੀ ਧੱਕੇ ਖਾਣ ਲੱਗੇ ਫਿਰ ਸਾਡੀਆ ਆਉਣ ਵਾਲੀਆਂ ਪੀੜ੍ਹੀਆਂ 'ਤੇ ਇਸ ਦਾ ਕਿ ਪ੍ਰਭਾਵ ਪਵੇਗਾ। ਇਸ ਹਾਲਾਤ ਨੂੰ ਦੇਖ ਕੇ ਇੰਝ ਲਗਦਾ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਧਰਤੀ 'ਤੇ ਆਨਾਜ਼ ਦੀ ਪੈਦਾਵਾਰ ਨਹੀਂ ਹੋਵੇਗੀ। ਕਿਉਂਕਿ ਵੱਡੀ ਗਿਣਤੀ ਵਿਚ ਅੱਜ ਦੇ ਕਿਸਾਨਾਂ ਦੀ ਸੋਚ ਇਹੋ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਸ ਕਿੱਤੇ ਵਿਚ ਨਹੀਂ ਲਾਵੇਗਾ, ਦੂਜਾ ਜਦੋਂ ਬਣਦਾ ਮੁੱਲ ਕਿਸਾਨਾਂ ਦੀ ਫ਼ਸਲ ਦਾ ਨਹੀਂ ਮਿਲੇਗਾ ਤਦ ਉਹ ਜ਼ਮੀਨਾਂ ਵੇਚਣ 'ਤੇ ਮਜ਼ਬੂਰ ਹੋ ਜਾਣਗੇ। ਪਿਛਲੇ ਕੁਝ ਕੁ ਸਮੇਂ ਦੌਰਾਨ ਸਰਕਾਰ ਨੇ ਪੰਜਾਬ ਨਾਲ ਬਹੁਤ ਬੁਰਾ ਵਰਤਾਉ ਕੀਤਾ , ਜਿੱਥੇ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਨਾਲ ਧੱਕਾ ਕੀਤਾ ਉਥੇ ਅੱਜ ਕਿਸਾਨਾਂ ਮਜ਼ਦੂਰਾਂ ਨਾਲ ਧੱਕਾ ਹੋ ਰਿਹਾ ਹੈ। ਜੇਕਰ ਇਨ੍ਹਾਂ ਹਾਲਾਤਾਂ 'ਤੇ ਕਾਬੂ ਨਾ ਪਾਇਆ ਗਿਆ ਫੇਰ ਹੋ ਸਕਦਾ ਆਉਣ ਵਾਲੇ ਸਮੇਂ ਵਿਚ ਪੰਜਾਬ ਨੂੰ ਕਿਸੇ ਹੋਰ ਵੱਡੇ ਜ਼ੁਲਮ ਦਾ ਸਾਹਮਣਾ ਕਰਨਾ ਪੈ ਜਾਵੇ। ਸਰਕਾਰਾਂ ਨੇ ਹਮੇਸ਼ਾ ਹੀ ਕਿਸਾਨੀ ਦੀ ਅਣਦੇਖੀ ਕੀਤੀ ਹੈ, ਜ਼ਮੀਨੀ ਗ੍ਰਹਿਣ ਬਿਲ ਅਤੇ ਬੇਮੌਸਮੀ ਬਰਸਾਤ ਦੇ ਕਾਰਨ ਫ਼ਸਲਾਂ ਦੇ ਝਾੜ ਵਿਚ ਕਮੀ ਕਰਕੇ ਪੰਜਾਬ ਦੇ ਕਿਸਾਨਾਂ ਸਿਰ ਕਰਜਾ ਦਿਨ ੍ਰਤੀ ਦਿਨ ਵੱਧ ਰਿਹਾ ਜਿਸ ਦੇ ਨਤਿਜੇ ਵਜੋਂ ਅਨੇਕਾਂ ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ। ਖੇਤੀਬਾੜੀ ਸਬੰਧੀ ਗ਼ਲਤ ਸਰਕਾਰੀ ਨੀਤੀਆਂ ਕਰਕੇ ਪਿਛਲੇ ਕੁਝ ਅਰਸੇ ਤੋਂ ਲੱਖਾਂ ਦੀ ਗਿਣਤੀ ਵਿੱਚ ਛੋਟੇ ਕਿਸਾਨ ਆਪਣੀ ਜ਼ਮੀਨ ਗਵਾ ਬੈਠੇ ਹਨ। ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋਇਆ ਕਿਸਾਨ ਜਦੋਂ ਕਿਤੇ ਆਤਮਹੱਤਿਆ ਕਰਦਾ ਹੈ ਤਾਂ ਰਾਜਸੀ ਪਾਰਟੀਆਂ ਇਸ ਨੂੰ ਮੁੱਦਾ ਬਣਾ ਕੇ ਸਿਆਸਤ ਕਰਦੀਆਂ ਹਨ, ਪਰ ਨਤੀਜਾ ਕੁੱਝ ਨਹੀਂ ਨਿਕਲਦਾ। 1990 ਤੋਂ ਬਾਅਦ ਜਿਸ ਕਿਸਮ ਦਾ ਵਰਤਾਰਾ ਕਿਸਾਨੀ ਨਾਲ ਕੀਤਾ ਜਾ ਰਿਹਾ ਹੈ, ਉਸ ਦਾ ਸਿੱਟਾ ਇਹ ਨਿਕਲਿਆ ਕਿ ਕਿਰਤ ਕਰਨ ਵਾਲੇ ਜਿਨ੍ਹਾਂ ਹਿੱਸਿਆਂ ਦੇ ਕਾਰਨ ਦੇਸ਼ ਦੀ ਤਰੱਕੀ ਹੋਈ, ਉਹ ਅੱਜ ਭਿਆਨਕ ਤਰਾਸਦੀ ਵੱਲ ਧੱਕੇ ਜਾ ਰਹੇ ਹਨ। ਸਰਕਾਰਾਂ ਚੋਣਾਂ ਦੌਰਾਨ ਤਾਂ ਕਰਜ਼ਾ ਮੁਆਫੀ ਦੇ ਮਤੇ ਪਾਸ ਕਰਵਾਉਦੀਂਆਂ, ਪਰ ਇਸ ਨੂੰ ਲਾਗੂ ਕਰਨ ਦਾ ਕੋਈ ਨਿਸ਼ਚਤ ਸਮਾਂ ਨਹੀਂ ਦਿੰਦੀ। ਜਿਸ ਨਾਲ ਕਰਜ਼ੇ ਦਾ ਭਾਰ ਇਨ੍ਹਾਂ ਕਿਸਾਨਾਂ 'ਤੇ ਹੋਰ ਵੱਧ ਜਾਂਦਾ ਹੈ ਤੇ ਖੁਦਕੁਸ਼ੀ ਦਾ ਆਕੜਾਂ ਵੀ ਵਧੇਰੇ ਹੋ ਜਾਂਦਾ ਹੈ। ਕਰੋਨਾ ਦੀ ਭਿਆਨਕ ਮਹਾਂਮਾਰੀ ਦਾ ਸਾਹਮਣਾ ਪਹਿਲਾ ਹੀ ਇਹ ਵਰਗ ਬਹੁਤ ਮੁਸ਼ਕਲ ਹਾਲਾਤਾਂ ਵਿਚ ਰਹਿ ਕੇ ਕਰ ਰਿਹਾ. ਤੇ ਹੁਣ ਸਰਕਾਰਾਂ ਦੀਆਂ ਨਵੀਆਂ ਨੀਤੀਆਂ ਨੇ ਇਸ ਵਰਗ 'ਤੇ ਜ਼ਬਰ ਸ਼ੁਰੂ ਕਰ ਦਿੱਤਾ। ਅਜਿਹੇ ਸਮੇਂ ਵਿਚ ਅਰਨੈਸਟੋ ਚੀ ਗੁਵੇਰਾ ਦੇ ਕਿਹੇ ਸ਼ਬਦ ਕਿ, "ਸਾਨੂੰ ਲੜਾਈ ਵਿਚ ਧੱਕਿਆ ਜਾ ਰਿਹਾ ਹੈ ਅਤੇ ਸਾਡੇ ਕੋਲ ਇਸ ਤੋਂ ਸਿਵਾ ਕੋਈ ਰਾਹ ਨਹੀਂ ਕਿ ਅਸੀਂ ਘੋਲ ਦੀਆਂ ਤਿਆਰੀਆਂ ਕਰੀਏ ਅਤੇ ਪਹਿਲਕਦਮੀ ਲੈਣ ਦੀ ਜੁਰਅਤ ਕਰੀਏ।" ਸਾਡੀ ਕੌਮ ਨੂੰ ਸਰਕਾਰ ਖ਼ੁਦ ਹੀ ਅਜਿਹੇ ਰਾਹ 'ਤੇ ਪਾ ਰਹੀ ਹੈ ਜਿੱਥੇ ਸੰਘਰਸ਼ ਦੇ ਨਾਲ ਜੇ ਹਥਿਆਰ ਵੀ ਚੁੱਕਣੇ ਪਏ ਤਾਂ ਨੌਜਵਾਨ ਉਹ ਵੀ ਚੁੱਕ ਸਕਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ,

ਚੂੰ ਕਾਰ ਅਜ਼ ਹਮਹ  
ਹੀਲਤੇ ਦਰ  
ਗੁਜ਼ਸ਼ਤ  
ਹਲਾਲ ਅਸਤ  
ਬੁਰਦਨ ਬ  
ਸ਼ਮਸ਼ੀਰ ਦਸਤ।।

ਭਾਵ, ਜੇ ਗੱਲ ਪਿਆਰ ਸੰਘਰਸ਼ ਨਾਲ ਹੀ ਹੱਲ ਹੁੰਦੀ ਫੇਰ ਤਲਵਾਰ ਦੇ ਮੁੱਠੇ ਨੂੰ ਹੱਥ ਪਾਉਣਾ ਹੀ ਪੈਂਦਾਂ ਹੈ। ਸਾਡੇ ਗੁਰੂ ਸਹਿਬਾਨਾਂ ਨੇ ਇਹ ਹੀ ਇਲਮ ਦਿੱਤਾ ਹੈ ਕਿ ਪਹਿਲਾ ਮਸਲੇ ਦਾ ਹੱਲ ਪਿਆਰ ਨਾਲ ਕੀਤਾ ਜਾਂਦਾ ਹੈ ਜੇ ਉਹ ਮਸਲਾ ਪਿਆਰ ਨਾਲ ਨਹੀ ਹੱਲ ਹੁੰਦਾ ਫੇਰ ਹਥਿਆਰ ਚੁੱਕਣ ਵਿਚ ਕੁਝ ਵੀ ਗਲਤ ਗੱਲ ਨਹੀਂ। ਸੋ ਸਰਕਾਰਾਂ ਜੇ ਕਿਸਾਨੀ ਸੰਘਰਸ਼ ਨੂੰ ਰਹਿੰਦੇ ਸਮੇਂ ਵਿਚ ਹੀ ਸਮਝ ਲੈਣ ਤਾਂ ਪਿਆਰ ਸਤਿਕਾਰ ਬਣਿਆ ਰਹੇਗਾ, ਨਹੀਂ ਸੰਘਰਸ਼ ਨੂੰ ਸਰਕਾਰ ਦੇ ਕੰਨ੍ਹਾਂ ਤੱਕ ਪਹੁੰਚਾਣ ਲਈ ਉਹ ਰਸਤਾ ਅਪਨਾਉਣਾ ਪੈਣਾ ਜਿਸ ਨੂੰ ਹਰ ਸਿੱਖ ਨਿੱਡਰ ਹੋ ਕੇ ਮੰਨਦਾ ਹੈ।

**ਸਰਬਜੀਤ ਕੌਰ 'ਸਰਬ'**

# ਸਿੱਖਿਆ ਪ੍ਰਣਾਲੀ ਵਿਚ ਲੋੜੀਂਦੇ ਬਦਲਾਅ ਦੀ ਜਰੂਰਤ



ਲੋਕ ਅੱਜ-ਕੱਲ੍ਹ ਆਪਣੀ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਦੀ ਵਰਤੋਂ ਨਹੀਂ ਕਰਦੇ ਤਾਂ ਇਸ ਵਿਚ ਸਾਡੀ ਸਿੱਖਿਆ ਪ੍ਰਣਾਲੀ ਦਾ ਦੋਸ਼ ਵੀ ਹੈ। ਸਕੂਲ ਭਾਸ਼ਾ ਦੀ ਜਾਣਕਾਰੀ ਅਤੇ ਬੋਲਚਾਲ ਸਿਖਾਉਂਦੇ ਹਨ ਅਤੇ ਕਾਲਜ ਤੇ ਯੂਨੀਵਰਸਿਟੀਆਂ ਸੰਵਾਦ ਨੂੰ ਪਰਪੱਕ ਕਰਦੀਆਂ ਹਨ, ਪਰ ਮੌਜੂਦਾ ਸਿੱਖਿਆ ਪ੍ਰਬੰਧ ਵਿਚ ਸੰਵਾਦ ਨਾਲੋਂ ਸਿਲੇਬਸ ਭਾਰੂ ਹੈ। ਪੜ੍ਹਣ-ਪੜ੍ਹਾਉਣ ਦੇ ਚੱਕਰ ਵਿਚ ਵਧੇਰੇ ਵਿਦਿਆਰਥੀ ਆਪਣੇ ਮੌਲਿਕ ਵਿਚਾਰਾਂ ਨੂੰ ਪ੍ਰਗਟ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਨੈਨੋਟੈਕਨੋਲੋਜੀ ਦੇ ਯੁੱਗ ਵਿਚ ਭਾਸ਼ਾ ਦਾ ਸਰੂਪ ਬਦਲ ਰਿਹਾ ਹੈ। ਸੰਵਾਦ ਲਈ ਸਿਆਣਪ, ਸੁਣਨ ਅਤੇ ਅਧਿਐਨ ਦੀ ਲੋੜ ਹੁੰਦੀ ਹੈ। ਇਹ ਸਭ ਪ੍ਰਦਾਨ ਕਰਨ ਦਾ ਸਭ ਤੋਂ ਉੱਤਮ ਮਾਧਿਅਮ ਸਿੱਖਿਆ ਹੀ ਹੈ। ਇਸ ਲਈ ਸੰਵਾਦ ਦੇ ਮੱਦੇਨਜ਼ਰ ਸਿੱਖਿਆ ਪ੍ਰਣਾਲੀ ਵਿਚ ਲੋੜੀਂਦੇ ਬਦਲਾਅ ਕਰਨੇ ਸਮੇਂ ਦੀ ਸਭ ਤੋਂ ਵੱਡੀ ਮੰਗ ਹੈ।

ਸ਼ਬਦ ਮਨੁੱਖ ਅੰਦਰ ਮਨੁੱਖਤਾ ਜਗਾਉਣ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਇਨਕਲਾਬੀ ਵਿਚਾਰਧਾਰਾ ਨਾਲ ਨਾ ਸਿਰਫ਼ ਜ਼ੁਲਮ ਦੇ ਤਾਂਡਵ ਨੂੰ ਠੱਲ੍ਹ ਪਾਈ ਸਗੋਂ ਸਮੇਂ ਦੇ ਜ਼ਾਲਮ ਹਾਕਮਾਂ ਨੂੰ ਸਿੱਧੇ ਰਾਹ ਵੀ ਪਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬੀ ਕੌਮ ਨੂੰ ਸ਼ਬਦ ਗੁਰੂ ਦੇ ਲੜ ਲਗਾ ਕੇ ਸ਼ਬਦ ਸ਼ਕਤੀ ਦੀ ਅਹਿਮੀਅਤ ਨੂੰ ਹੋਰ ਪ੍ਰਚੰਡਤਾ ਅਤੇ ਪਾਕੀਜ਼ਗੀ ਬਖ਼ਸ਼ੀ। ਆਵਾਜ਼ ਮਨੁੱਖਤਾ ਦਾ ਸਾਂਝਾ ਹੁੰਗਾਰਾ ਹੈ। ਆਪਣੀ ਸਰਬਸਾਂਝੀ ਹੋਂਦ ਨੂੰ ਖੁਸ਼ਹਾਲ ਅਤੇ ਸੁਰੱਖਿਅਤ ਰੱਖਣ ਲਈ ਲਬ ਖੋਲ੍ਹਣੇ ਪੈਣਗੇ ਅਤੇ ਚੁੱਪ ਤੋੜਣੀ ਪਵੇਗੀ। ਖ਼ੌਫ਼ ਅਤੇ ਦਬਾਅ ਥੱਲੇ ਪਲਣ ਵਾਲੀ ਮਾਨਸਿਕਤਾ ਬਿਮਾਰ, ਬੌਣੀ ਅਤੇ ਅਵਿਕਸਿਤ ਸ਼ਖ਼ਸੀਅਤ ਨੂੰ ਜਨਮ ਦਿੰਦੀ ਹੈ। ਤੰਦਰੁਸਤ, ਸਿਰਜਣਾਤਮਿਕ, ਸ਼ਕਤੀਸ਼ਾਲੀ ਤੇ ਇਨਕਲਾਬੀ ਸ਼ਖ਼ਸੀਅਤ ਦੀ ਉਸਾਰੀ ਅਤੇ ਸਾਫ਼ ਸੁਥਰੇ ਸਮਾਜ ਦੀ ਸਿਰਜਣਾ ਲਈ ਸਹੀ ਗ਼ਲਤ ਦੀ ਪਛਾਣ ਕਰਕੇ ਆਵਾਜ਼ ਉਠਾਉਣੀ ਸਮੇਂ ਦੀ ਲੋੜ ਹੈ।

ਸਮਾਜਿਕ ਜੀਵ ਹੋਣ ਨਾਤੇ ਸਾਡਾ ਮੁੱਢਲਾ ਫ਼ਰਜ਼ ਹੈ ਕਿ ਸਮਾਜ ਦੀ ਭਲਾਈ ਅਤੇ ਤਰੱਕੀ ਲਈ ਸੰਵੇਦਨਾ ਭਰਪੂਰ ਅਤੇ ਗੰਭੀਰ ਹੋ ਕੇ ਵਿਚਾਰ ਮੰਥਨ ਕਰੀਏ। ਜਮਹੂਰੀਅਤ ਦੀ ਖ਼ੂਬਸੂਰਤੀ ਹੀ ਸੰਵਾਦ ਵਿਚ ਹੈ। ਜਮਹੂਰੀਅਤ ਦੀ ਰੱਖਿਆ ਲਈ ਜਮਹੂਰੀ ਢੰਗ ਨਾਲ ਵਿਚਾਰ ਵਿਟਾਂਦਰਾ ਹੀ ਸਭ ਵਰਗਾਂ ਦੀ ਆਵਾਜ਼ ਬੁਲੰਦ ਕਰਨ ਦਾ ਇਕੋ ਇਕ ਮਾਧਿਅਮ ਹੈ। ਮਨੁੱਖੀ ਹੋਂਦ ਅਤੇ ਗੌਰਵ ਲਈ ਆਵਾਜ਼ ਉਠਾਉਣੀ ਕਿਰਿਆਸ਼ੀਲ ਸਮਾਜਿਕ ਸੰਵੇਦਨਾ ਹੈ। ਸੋਚ ਤੇ ਸੱਚ ਨਿਧੜਕ ਤੇ ਨਿਰਪੱਖ ਜ਼ਿੰਦਗੀ ਵਿਚੋਂ ਹੀ ਪਨਪਦੇ ਹਨ। ਸੱਚ ਮਨੁੱਖ ਨੂੰ ਹਉਮੈਂ ਅਤੇ ਦੁਸ਼ਵਾਰੀਆਂ ਤੋਂ ਕੋਹਾਂ ਦੂਰ ਲੈ ਜਾਂਦਾ ਹੈ। ਇਹ ਮਨ ਵਿਚ ਪਣਪਦੀਆਂ ਅਹਿਸਾਸਾਂ ਦੀਆਂ ਸੂਖ਼ਮ ਤਰੰਗਾਂ ਨੂੰ ਅਪ੍ਰੋਖ ਹੀ ਸਾਡੀ ਵਿਵਸਥਾ ਦੀ ਤਰਜਮਾਨੀ ਕਰਦੇ ਗ਼ਲਤ ਸਿਧਾਂਤਾਂ ਖ਼ਿਲਾਫ਼ ਸੁਲਗ਼ਦੀ ਚੰਗਿਆੜੀ ਬਣਾ ਕੇ ਸਮਾਜ ਨੂੰ ਡੂੰਘੇ ਅਤੇ ਜਟਿਲ ਸੰਕਟਾਂ ਤੋਂ ਬਚਾਉਂਦਾ ਹੈ।ਮਨੁੱਖ ਸਿਰਜਣਾਤਮਿਕ ਸ਼ਕਤੀ ਨਾਲ ਭਰਪੂਰ ਹੈ। ਜੇਕਰ ਅਸੀਂ ਮਾਨਵੀ ਚੇਤਨਾ ਦਾ ਨਾਅਰਾ ਬੁਲੰਦ ਕਰਨ ਲਈ ਬੋਲਦੇ ਹਾਂ ਤਾਂ ਜ਼ਿੰਦਗੀ ਦਾ ਸੁਹੱਪਣ ਕਾਇਮ ਰੱਖ ਸਕਦੇ ਹਾਂ। ਵਾਦ-ਵਿਵਾਦ ਵਿਚ ਤਰਕ ਦੇ ਨਾਲ ਨਾਲ ਜ਼ੁਬਾਨ ਦੀ ਮਿਠਾਸ ਅਤੇ ਬੋਲਣ ਦਾ ਸਲੀਕਾ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਕਿਸੇ ਵੀ ਜੰਗ ਦਾ ਅੰਤ ਆਪਸੀ ਗੱਲਬਾਤ ਰਾਹੀਂ ਹੀ ਕੱਢਿਆ ਜਾ ਸਕਦਾ ਹੈ। ਸਹੀ ਸਮੇਂ ਸਹੀ ਢੰਗ ਨਾਲ ਕੀਤੀ ਗੱਲਬਾਤ ਨਾਲ ਬਹੁਤ ਸਾਰੇ ਕਲੇਸ਼ਾਂ ਤੋਂ ਮੁਕਤੀ ਮਿਲਦੀ ਹੈ। ਸਾਡਾ ਸ਼ਕਤੀਸ਼ਾਲੀ ਅਤੇ ਪ੍ਰਪੱਕ ਪ੍ਰਵਚਨ ਹੀ ਸਮਾਜ ਨੂੰ ਮਜ਼ਬੂਤ ਆਧਾਰ ਪ੍ਰਦਾਨ ਕਰ ਸਕਦਾ ਹੈ।

ਸਮਾਜ ਵਿਚ ਸਹਿਜੇ ਹੀ ਆ ਰਹੀਆਂ ਦੁਸ਼ਵਾਰੀਆਂ ਅਤੇ ਕਦਰਾਂ-ਕੀਮਤਾਂ ਦੇ ਨਿਘਾਰ ਵਿਰੁੱਧ ਆਵਾਜ਼ ਉਠਾ ਕੇ ਅਸੀਂ ਖ਼ੁਦ ਨੂੰ ਹੀ ਨਹੀਂ ਸਗੋਂ ਸਮਾਜ ਨੂੰ ਵੀ ਖੇੜਾ ਅਤੇ ਵਿਸਮਾਦ ਬਖ਼ਸ਼ ਸਕਦੇ ਹਾਂ। ਆਪਣੀ ਹੋਂਦ ਦੀ ਮੌਲਿਕ, ਸੁਤੰਤਰ ਅਤੇ ਵਿਲੱਖਣ ਨੁਹਾਰ ਨੂੰ ਕਾਇਮ ਰੱਖਣ ਲਈ ਵਿਚਾਰਧਾਰਕ ਅਮਲ ਲਾਜ਼ਮੀ ਹਨ। ਇਹ ਅਮਲ ਲੋਕ-ਹਿੱਤ ਦੀ ਦਿਸ਼ਾ ਵਿਚ ਹੋਣੇ ਚਾਹੀਦੇ ਹਨ। ਸਦੀਵੀ ਸਮਾਜਿਕ ਖ਼ੁਸ਼ਹਾਲੀ ਲਈ ਸਾਨੂੰ ਗੁਰੂਆਂ-ਪੀਰਾਂ ਦੀ ਵਿਚਾਰਧਾਰਾ ਤੋਂ ਸੇਧ ਲੈਣੀ ਚਾਹੀਦੀ ਹੈ। ਆਪਣੀ ਬੋਲਣ ਦੀ ਆਜ਼ਾਦੀ ਦੇ ਹੱਕ ਨੂੰ ਸਹੀ ਢੰਗ ਨਾਲ ਇਸਤੇਮਾਲ ਕਰਨਾ ਸਾਡਾ ਇਖ਼ਲਾਕੀ ਫ਼ਰਜ਼ ਹੈ। ਮਹਿਜ਼ ਬੋਲਣ ਲਈ ਨਹੀਂ ਬੋਲਣਾ ਚਾਹੀਦਾ ਸਗੋਂ ਉਨ੍ਹਾਂ ਸਾਰੇ ਸੂਖ਼ਮ ਅਹਿਸਾਸਾਂ ਨੂੰ ਆਵਾਜ਼ ਦੇਣੀ ਚਾਹੀਦੀ ਹੈ

**ਵਿਜੈ ਗਰਗ**  
**ਸਾਬਕਾ ਪੀਈਐਸ-1, ਮਲੋਟ**

# ਆਖਰੀ ਚਿਰਾਗ

ਸਾਉਣ ਦਾ ਮਹੀਨਾ ਹੋਣ ਕਰਕੇ, ਸਾਰੀ ਰਾਤ ਮੀਂਹ ਨਾ ਹਟਿਆ। ਸਗੋਂ ਜਿਉਂ ਜਿਉਂ ਦਿਨ ਚੜ ਰਿਹਾ ਸੀ, ਮੀਂਹ ਹੋਰ ਤੇਜ਼ ਹੋ ਰਿਹਾ ਸੀ। ਹਲਵਾਈ ਹਵੇਲੀ ਦੇ ਵਰਾਂਡੇ ਵਿੱਚ ਤੜਕੇ ਦੇ ਹੀ ਮਠਿਆਈਆਂ ਤੇ ਸਬਜ਼ੀਆਂ ਦੀ ਤਿਆਰੀ ਕਰ ਰਹੇ ਸਨ। ਜਿਉਂ ਹੀ ਲੋਅ ਲੱਗੀ ਤਾਂ ਸਾਰੇ ਸੋਚੀਂ ਪੈ ਗਏ ਕਿ ਵਰ ?ਦੇ ਮੀਂਹ ਵਿੱਚ ਟੈਂਟ ਕਿੱਥੇ ਲਾਈਏ। ਹੋਰ ਘੜੀ ਨੂੰ ਲੋਕਾਂ ਤੇ ਰਿਸ਼ਤੇਦਾਰਾਂ ਆ ਜਾਣਾ ਸੀ। ਢਾਡੀ ਜਥੇ ਵਾਲੇ ਤਾਂ ਪਹੁੰਚਣ ਹੀ ਵਾਲੇ ਸਨ।।

ਨੇੜੇ ਕੋਈ ਵੱਡਾ ਗੁਰਦਵਾਰਾ ਵੀ ਨਹੀਂ ਸੀ।ਅਸਲ ਵਿੱਚ ਅੱਜ ਹਰਬੰਸ ਸਿੰਘ ਦਾ ਭੋਗ ਸੀ। ਉਸਦੇ ਚਾਰ ਪੁੱਤਰ ਤੇ ਦੋ ਧੀਆਂ ਸਨ। ਸਾਰੇ ਵਿਆਹੇ ਹੋਏ, ਬਾਲ ਬਚਿੱਆਂ ਵਾਲੇ ਸਨ। ਉਸਦੀ ਪਤਨੀ ਦੀ ਮੌਤ ਕਈ ਸਾਲ ਪਹਿਲਾਂ ਹੋ ਚੁੱਕੀ ਸੀ, ਜਦੋਂ ਬੱਚੇ ਅਜੇ ਨਿਆਣੇ ਹੀ ਸਨ। ਜ਼ਮੀਨ ਵਿੱਚ ਹੀ ਚੰਗੀ ਵੱਡੀ ਕੋਠੀ ਪਾ, ਢਾਣੀ ਤੇ ਡੇਰਾ ਬਣਾਇਆ ਹੋਇਆ ਸੀ। ਦਸ ਦਿਨ ਪਹਿਲਾਂ, ਹਰਬੰਸ ਸਿੰਘ ਚੰਗਾ ਭਲਾ, ਤੁਰਦਾ ਫਿਰਦਾ, ਨਿਰੋਗ ਦੁਪਿਹਰ ਦੀ ਰੋਟੀ ਖਾ ਆਪਣੇ ਕਮਰੇ ਵਿੱਚ ਆਰਾਮ ਕਰਨ ਲਈ ਲੰਮਾ ਪੈ ਗਿਆ।ਵੱਡੀ ਨੂੰਹ ਸ਼ਾਮ ਦੀ ਚਾਹ ਲੈਕੇ ਕਮਰੇ ਅੰਦਰ ਵੜੀ ਤਾਂ ਉਸਨੇ ਹਮੇਸ਼ਾ ਵਾਂਗ "ਭਾਪਾ ਜੀ, ਉਠੋ ਚਾਹ ਪੀ ਲਉ" ਕਿਹਾ ਤਾਂ ਅੱਗੋਂ ਕੋਈ ਹੁੰਗਾਰਾ ਨਾ ਮਿਲਿਆ। ਨੂੰਹ ਨੇ ਪਹਿਲਾਂ ਨਾਲੋਂ ਜਰਾ ਉੱਚੀ ਅਵਾਜ਼ ਫ਼ੇਰ ਕਿਹਾ, "ਭਾਪਾ ਜੀ ". ਉਹ ਹੈਰਾਨ ਹੋਈ ਕਿ ਭਾਪਾ ਜੀ ਤਾਂ ਮਾੜੇ ਜਿਹੇ ਖੜਾਕ ਸੁਣ ਉੱਠ ਜਾਂਦੇ ਨੇ। ਉਸਨੇ ਆਪਣੇ ਮੁੰਡੇ ਗੋਪੀ ਨੂੰ ਆਵਾਜ਼ ਮਾਰੀ, " ਵੇ ਗੋਪੀ, ਆਪਣੇ ਡੈਡੀ ਨੂੰ ਹਾਕ ਮਾਰੀ, ਭਾਪਾ ਜੀ ਬੋਲਦੇ ਨਹੀਂ "। ਭੱਜਕੇ ਗੋਪੀ ਤੇ ਉਹਦਾ ਪਿਉ ਮਿੰਦਰ ਅੰਦਰ ਆਏ। ਮਿੰਦਰ ਨੇ ਹਰਬੰਸ ਸਿੰਘ ਦੀ ਬਾਂਹ ਫ਼ੜੀ,ਪਰ ਉਹ ਤਾਂ ਖੌਰੇ ਕਦੋਂ ਦਾ ਮੁਕਿੱਆ ਪਿਆ ਸੀ। ਲੈ ਐਡੀ ਸੌਖੀ ਮੌਤ ਸਾਰੇ ਹੈਰਾਨ ਹੋ ਗਏ।

ਹਰਬੰਸ ਸਿੰਘ ਸੱਤ ਭੈਣ ਭਰਾ ਸਨ। ਬਾਕੀ ਤਾਂ ਸਾਰੇ ਗੁਜ਼ਰ ਚੁੱਕੇ ਸੀ ਪਰੰਤੂ ਹਰਬੰਸ ਸਿੰਘ ਤੇ ਉਹਦੀ ਛੋਟੀ ਭੈਣ ਕਿਰਪਾਲੋ ਹੀ ਬਚੇ ਸਨ। ਕਿਰਪਾਲੋ ਦਾਗਾਂ ਤੇ ਆਈ ਤਾਂ ਭਤੀਜਿਆਂ ਨੇ ਰੱਖ ਲਿਆ ਅਖੇ ਭੂਆ ਜੀ, ਤੁਸੀਂ ਤਾਂ ਭੋਗ ਤੱਕ ਰਹੋ। ਹਰਬੰਸ ਸਿੰਘ ਦੇ ਕਮਰੇ ਵਿੱਚ ਪਾਠ ਰਖਾ ਦਿੱਤਾ। ਪਾਠੀ ਸਿੰਘ ਪਾਠ ਕਰਦਾ ਤਾਂ ਸਿਰਫ਼ ਕਿਰਪਾਲੋ ਹੀ ਬੈਠੀ ਸੁਣਦੀ। ਘਰ ਦੇ ਬਾਕੀ ਜੀਅ ਤਾਂ ਜਿੱਦਾਂ ਗਾਉਣ ਤੇ ਆਏ ਹੋਣ। ਦਿਨ ਰਾਤ ਨਿਆਣਿਆਂ ਦਾ ਰੌਲਾ ਨਾ ਮੁੱਕਦਾ। ਰਸੋਈ ਵਿੱਚੋਂ ਹਰ ਵੇਲੇ ਔਰਤਾਂ ਦੇ ਹੱਸਣ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ। ਕਿਰਪਾਲੋ ਨੂੰ ਏਦਾਂ ਲੱਗਦਾ ਜਿਵੇਂ ਹਰਬੰਸ ਸਿੰਘ ਕਈ ਸਾਲਾਂ ਦਾ ਮੁੱਕ ਚੁੱਕਾ ਹੋਵੇ।

ਉਧਰ ਮੀਂਹ ਰੁਕਣ ਦਾ ਨਾਮ ਨਹੀਂ ਸੀ ਲੈ ਰਿਹਾ। ਭੂਆ ਨੇ ਸੋਚੀਂ ਪਏ ਭਤੀਜਿਆਂ ਨੂੰ ਦੱਸਿਆ ਕਿ ਅਜਕੱਲ ਤਾਂ ਲੋਕ ਭੋਗ ਵੀ ਪੈਲੇਸਾਂ ਵਿੱਚ ਪਾ ਲੈਂਦੇ ਹਨ। ਇਹ ਸੁਣ ਛੋਟਾ ਬਿੰਦਰ ਬੋਲਿਆ, " ਲੈ ਭੂਆ ਤੂੰ ਪਹਿਲਾਂ ਕਿਉਂ ਨਹੀਂ ਬੋਲੀ ?" ਤੇ ਉਸਨੇ ਨਾਲ ਹੀ, ਮੇਨ ਸੜਕ ਉੱਤੇ ਪੈਂਦੇ ਇੱਕ ਆਮ ਜਿਹੇ ਪੈਲੇਸ ਦੇ ਮਾਲਕ ਨਾਲ ਫੋਨ ਤੇ ਗੱਲ ਕਰ, ਭੋਗ ਪੈਲੇਸ ਵਿੱਚ ਪਾਉਣ ਦਾ ਪਰੋਗਰਾਮ ਪੱਕਾ ਕਰ ਲਿਆ। ਫਟਾਫਟ ਹਲਵਾਈਆਂ ਦਾ ਸਾਰਾ ਸਮਾਨ ਟਰਾਲੀ ਤੇ ਲੱਦ ਪੈਲੇਸ ਪੁਚਾ ਦਿੱਤਾ। ਸਾਰੇ ਤਿਆਰ ਹੋਣ ਲੱਗ ਪਏ। ਘਰ ਦੀਆਂ ਔਰਤਾਂ, ਕੋਈ ਸੂਟ ਪਰੈਸ ਕਰਨ ਲੱਗੀ, ਕਿਸੇ ਦਾ ਜੂੜਾ ਠੀਕ ਨਹੀਂ ਸੀ ਹੋ ਰਿਹਾ, ਕੋਈ ਮੂੰਹ ਨੂੰ ਕਰੀਮ ਲਾ ਰਹੀ ਸੀ, ਕਿਸੇ ਕੋਲ ਫਿੱਕੇ ਰੰਗ ਦੀ ਲਿਪਸਟਿਕ ਨਹੀਂ ਸੀ, ਕਿਸੇ ਦੇ ਪਰਸ ਦੀ ਜਿੱਪ ਖਰਾਬ ਸੀ ਅਤੇ ਕਿਸੇ ਦੀ ਜੁੱਤੀ ਨਵੀਂ ਨਹੀਂ ਸੀ। ਛੋਟੀ ਨੂੰਹ ਥਰੈਡਿੰਗ ਕਰਾਉਣ ਲਈ ਪਾਰਲਰ ਵਾਲੀ ਨੂੰ ਫੋਨ ਕਰ ਰਹੀ ਸੀ। ਇਹ ਸਿਲਸਿਲਾ ਉਦੋਂ ਮੁਕਿੱਆ ਜਦੋਂ ਮਿੰਦਰ ਨੇ ਉਨ੍ਹਾਂ ਨੂੰ ਸਾਂਝਾ ਜਿਹਾ ਘੂਰਿਆ, " ਬਈ ਥੋਡੀ ਸਾਰੀਆਂ ਦੀ ਤਿਆਰੀ ਨਹੀਂ ਹੋਈ ਹਜੇ ?ਵਿਆਹ ਤੇ ਤਾਂ ਨਹੀਂ ਚੱਲੀਆਂ ਤੁਸੀਂ ਭੋਗ ਆ ਭਾਪੇ ਦਾ ਬੈਠੋ ਗੱਡੀਆਂ ਵਿੱਚ ਛੇਤੀਂ "।

ਚੰਗਾ ਤਕੜਾ ਭੋਗ ਪਿਆ। ਕਿਸੇ ਵਧੀਆ ਵਿਆਹ ਵਰਗੇ ਪਕਵਾਨ ਬਣੇ। ਭੋਗ ਪਿਆ ਤਾਂ ਸਾਰੇ ਰਿਸ਼ਤੇਦਾਰ ਢਾਣੀ ਤੇ ਪਹੁੰਚ ਗਏ। ਮਿੰਦਰ ਤੇ ਉਹਦੀ ਵਹੁਟੀ ਸਭ ਨੂੰ ਜਲੇਬੀਆਂ ਵਾਲੇ ਲਿਫਾਫੇ ਫੜਾ ਰਹੇ ਸਨ। ਬਾਕੀ ਨੂੰਹਾਂ ਦੇ ਪੇਕੇ ਆਪਣੇ ਧੀਆਂ ਜਵਾਈਆਂ ਨੂੰ ਕੱਪੜੇ ਤੇ ਗਹਿਣੇ ਪੈਸੇ ਦੇ ਰਹੇ ਸਨ। ਕੁੜੀਆਂ ਸੂਟ ਲੈਣ ਤੇ ਵੇਖਣ ਵਖਾਉਣ ਵਿੱਚ ਰੁੱਝ ਗਈਆਂ। ਕਿਸੇ ਨੂੰ ਸੂਟ ਪਸੰਦ ਸੀ ਤੇ ਕੋਈ ਨੱਕ ਬੁੱਲ ਵਟ ਰਹੀ ਸੀ। ਕਈ ਤਾਂ ਸੂਟ ਬਦਲਵਾ ਵੀ ਰਹੀਆਂ ਸਨ। ਇੱਕ ਹਿਸਾਬ ਦਾ ਘਸਮਾਣ ਜਿਹਾ ਪੈ ਗਿਆ। ਹਰਬੰਸ ਸਿੰਘ ਦੇ ਤੁਰ ਜਾਣ ਦਾ ਗ਼ਮ ਨਾ ਤਾਂ ਕਿਸੇ ਨੂੰਹ ਨੂੰ ਸੀ ਤੇ ਨਾ ਹੀ ਕਿਸੇ ਧੀ ਨੂੰ। ਏਨੇ ਨੂੰ ਮਿੰਦਰ ਨੇ ਭੂਆ ਦੋ ਲਿਫਾਫੇ ਫੜਾਉਂਦਿਆਂ ਕਿਹਾ, " ਆਹ ਲਉ ਭੂਆ ਜੀ ਜਲੇਬੀਆਂ ਤੇ ਥੋਡਾ ਸੂਟ, ਸੂਟ ਸਵਾਂ ਲਿਉ, ਥੋਡੇ ਪਾਉਣ ਵਾਲਾ ? ਈ ਆ"।ਜਦ ਨੂੰ ਕਿਰਪਾਲੋ ਦਾ ਪੁੱਤਰ ਆਪਣੀ ਮਾਂ ਦੀ ਬਾਂਹ ਫੜਕੇ ਕਹਿਣ ਲੱਗਾ, " ਚੱਲ ਬੀਬੀ, ਚੱਲੀਏ ਹੁਣ ! ਭੋਗ ਤਾਂ ਪੈ ਗਿਆ "। ਕਿਰਪਾਲੋ ਗੱਡੀ ਵਿੱਚ ਬੈਠਦਿਆਂ ਹੀ ਅੱਖਾਂ ਪੂੰਝਣ ਲੱਗ ਪਈ।। ਉਸਦੇ ਮੁੰਡੇ ਨੇ ਮਾਂ ਨੂੰ ਸਮਝਾਇਆ, " ਲੈ ਬੀਬੀ ! ਮਾਮਾ ਸਾਰੀ ਕਬੀਲਦਾਰੀ ਨਜਿੱਠ ਕੇ ਗਿਆ ਹੈ, ਤੂੰ ਕਾਸਨੂੰ ਰੋਨੀਂ ਆਂ ? ਕਿਰਪਾਲੋ ਨੇ ਭਰਾ ਦੀ ਪੈਲੀ, ਕੋਠੀ ਤੇ ਪਰਿਵਾਰ ਵੱਲ ਆਖਰੀ ਝਾਤ ਮਾਰੀ ਤੇ ਅੱਖਾਂ ਭਰ ਲੰਮਾ ਹੌਕਾ ਲੈਂਦਿਆਂ ਬੋਲੀ, "ਮੇਰੇ ਪਿਉ ਦਾ ਆਖਰੀ ਚਿਰਾਗ ਵੀ ਬੁਝ ਗਿਆ"। ਕਾਰ ਦੀ ਰਫਤਾਰ ਤੇਜ਼ ਹੋ ਗਈ। ਕਿਰਪਾਲੋ ਨੂੰ ਲੱਗਾ ਜਿਵੇਂ ਉਹ ਵੀ ਉਨੀ ਹੀ ਤੇਜ਼ ਭਰਾ ਦੇ ਪਿੱਛੇ ਦੌੜੀ ਜਾ ਰਹੀ ਹੋਵੇ।

**ਰਜਿੰਦਰ ਕੌਰ ਪੰਨੂ**  
**9501392150**

# ਇੱਕ ਬੁਰੀ ਬਿਮਾਰੀ



**ਮਾਸਟਰ ਸੰਜੀਵ ਧਰਮਾਣੀ**  
**ਸ੍ਰੀ ਅਨੰਦਪੁਰ ਸਾਹਿਬ**  
**9478561356**

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਮਨੁੱਖੀ ਸਮਾਜਿਕ ਰਿਸ਼ਤਿਆਂ ਦੇ ਸੰਗਲੀਬੱਧ ਪ੍ਰਬੰਧ ਨੂੰ ' ਸਮਾਜ ' ਕਿਹਾ ਜਾਂਦਾ ਹੈ। ਮਨੁੱਖ ਆਪਣੀਆਂ ਪ੍ਰਵਿਰਤੀਆਂ , ਸੋਚ , ਭਾਵਨਾਵਾਂ ਤੇ ਅਹਿਸਾਸ ਦੀ ਭਾਵਨਾ ਦੀ ਹੋਂਦ ਸਦਕਾ ਹੀ ਸਮਾਜਿਕ - ਪ੍ਰਾਣੀ ਅਖਵਾਉਂਦਾ ਹੈ। ਮਨੁੱਖ ਦੇ ਖਿਆਲਆਤ ਹੀ ਉਸ ਦਾ ਅਤੇ ਉਸ ਦੇ ਪਰਿਵਾਰ ਦਾ ਜੀਵਨ ਪੱਧਰ ਤੇ ਰਿਸ਼ਤਿਆਂ ਦੀ ਮਿਆਦ ਸੁਨਿਸ਼ਚਿਤ ਕਰਦੇ ਹਨ। ਸਮੇਂ ਅਤੇ ਸਥਿਤੀ ਅਨੁਸਾਰ ਮਾਨਵ ਅੰਦਰ ਕਈ ਵਾਰ ਨਕਾਰਾਤਮਕ ਪ੍ਰਵਿਰਤੀਆਂ ਵੀ ਪੈਦਾ ਹੋਣ ਲੱਗ ਪੈਂਦੀਆਂ ਹਨ , ਜੋ ਕਿ ਉਸ ਦੇ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਨੂੰ ਖੋਰਾ ਲਗਾਉਂਦੀਆਂ ਹਨ। ਅਜਿਹੇ ਹੀ ਖਿਆਲਆਤਾਂ ਵਿੱਚੋਂ ਇੱਕ ਹੈ : ਸ਼ੱਕ ਦੀ ਭਾਵਨਾ , ਸ਼ੰਕਾਲੂ ਪ੍ਰਵਿਰਤੀ। ਸਾਡੇ ਰਿਸ਼ਤਿਆਂ ਦਾ ਸਮੁੱਚਾ ਤਾਣਾ - ਬਾਣਾ ਆਪਸੀ ਪਿਆਰ , ਭਾਵਨਾਵਾਂ ਦੀ ਕਦਰ , ਅਹਿਸਾਸ ਤੇ ਵਿਸ਼ਵਾਸ ਦੀਆਂ ਤੰਦਾਂ 'ਤੇ ਟਿਕਿਆ ਹੋਇਆ ਹੁੰਦਾ ਹੈ। ਜੇਕਰ ਇਹ ਸਾਂਝ ਦੀਆਂ ਤੰਦਾਂ ਢਿੱਲੀਆਂ ਹੋ ਜਾਣ ਤਾਂ ਆਪਸੀ ਰਿਸ਼ਤੇ - ਨਾਤੇ ਖੜੋਤ ਦੀ ਸਥਿਤੀ ਵਿੱਚ ਆ ਜਾਂਦੇ ਹਨ। ਅਹਿਸਾਸ ਤਾਂ ਹੈ ਹੀ ਰਿਸ਼ਤਿਆਂ ਦੀ ਬੁਨਿਆਦ । ਅਹਿਸਾਸ ਨਮੀ - ਭਰਪੂਰ ਮੁੱਠੀ ਵਿੱਚ ਪਕੜੀ ਹੋਈ ਰੇਤ ਵਾਂਗਰਾਂ ਹੈ , ਜੋ ਰੇਤ ਨੂੰ ਮੁੱਠੀ ਵਿੱਚੋਂ ਹੇਠਾਂ ਡਿੱਗਣ ਹੀ ਨਹੀਂ ਦੇਂਦੀ। ਪਰ ਮਨੁੱਖੀ ਸੁਭਾਅ ਵਿਚਲੀ ਸ਼ੱਕ ਦੀ ਪ੍ਰਵਿਰਤੀ ਮਨੁੱਖੀ ਰਿਸ਼ਤਿਆਂ , ਆਪਸੀ ਪਿਆਰ , ਭਾਵਨਾਵਾਂ ਤੇ ਅਹਿਸਾਸਾਂ ਨੂੰ ਘੁਣ ਵਾਂਗ ਖਾ ਜਾਂਦੀ ਹੈ ਤੇ ਪੱਲੇ ਰਹਿ ਜਾਂਦੀ ਹੈ ਬੇਜਾਨ ਤੇ ਭਾਵਨਾਵਾਂ - ਵਿਹੂਣੀ ਜ਼ਿੰਦਗੀ। ਸ਼ੱਕ ਸਾਡੇ ਵਿਆਹੁਤਾ ਜੀਵਨ ਜਾਂ ਦੂਸਰੇ ਰਿਸ਼ਤਿਆਂ 'ਤੇ ਵੀ ਆਪਣਾ ਬੁਰਾ ਤੇ ਮਾਰੂ ਪ੍ਰਭਾਵ ਪਾਉਂਦਾ ਹੈ। ਕਈ ਵਾਰ ਇਹ ( ਸ਼ੱਕ ) ਮਨੁੱਖ ਨੂੰ ਅਸੱਭਿਅਕ , ਅਸਮਾਜਿਕ ਤੇ ਕਰੂਰ ਵੀ ਬਣਾ ਦਿੰਦਾ ਹੈ। ਸਿੱਟੇ ਵਜੋਂ ਮਨੁੱਖ ਆਪਸੀ ਰਿਸ਼ਤਿਆਂ ਤੇ ਸਮਾਜਿਕ ਤਾਣੇ - ਬਾਣੇ ਨੂੰ ਵੀ ਨੁਕਸਾਨ ਪਹੁੰਚਾ ਬੈਠਦਾ ਹੈ। ਆਪਸੀ ਪ੍ਰੇਮ - ਪਿਆਰ ਦੀ ਘਾਟ , ਅਸਹਿਯੋਗ , ਦੁੱਖਦਾਈ ਘਟਨਾਵਾਂ ਦਾ ਵਾਪਰਨਾ , ਰਿਸ਼ਤਿਆਂ ਦਾ ਵਖਰੇਵਾਂ , ਸਮਾਜਿਕ ਸਦਭਾਵਨਾ ਨੂੰ ਠੇਸ ਪਹੁੰਚਣਾ ਆਦਿ ਇਹ ਸਭ ਸ਼ੱਕੀ ਸੁਭਾਅ ਤੇ ਸ਼ੱਕ ਦੀ ਪ੍ਰਵਿਰਤੀ ਸਦਕਾ ਹੀ ਉਪਜਦੇ ਹਨ। ਸ਼ੱਕ ਅਜਿਹਾ ਔਗੁਣ ਹੈ ਜੋ ਆਪਸੀ , ਘਰੇਲੂ ਜਾਂ ਸਮਾਜਿਕ ਸੰਬੰਧਾਂ ਨੂੰ ਖਤਮ ਕਰ ਦੇਣ ਦੀ ਸਮਰੱਥਾ ਰੱਖਦਾ ਹੈ। ਇਸ ਲਈ ਜਦੋਂ ਵੀ ਰਿਸ਼ਤਿਆਂ ਦੀ ਚਮਕ ਅਤੇ ਸਾਂਝ 'ਤੇ ਸ਼ੱਕ ਦੀ ਜਾਂ ਗ਼ਲਤਫਹਿਮੀ ਦੀ ਧੂੜ ਜੰਮਣ ਲੱਗ ਜਾਵੇ ਤਾਂ ਉਸ ਨੂੰ ਆਪਸੀ ਵਿਚਾਰ - ਵਟਾਂਦਰੇ ਨਾਲ ਤੇ ਮਿਲ - ਬੈਠ ਕੇ ਸ਼ੰਕਾਵਾਂ ਅਤੇ ਗਲਤਫਹਿਆਂ ਦੂਰ ਕਰਕੇ ਸਾਫ਼ ਕਰ ਲੈਣਾ ਚਾਹੀਦਾ ਹੈ ; ਕਿਉਂਕਿ ਸਮਰਪਣ , ਵਿਸ਼ਵਾਸ , ਅਹਿਸਾਸ ਅਤੇ ਆਪਸੀ ਪਿਆਰ ਭਾਵਨਾ ਦੇ ਆਧਾਰ 'ਤੇ ਹੀ ਰਿਸ਼ਤੇ ਟਿਕੇ ਰਹਿੰਦੇ ਹਨ ਅਤੇ ਰਿਸ਼ਤੇ ਨਾਤਿਆਂ ਦੇ ਆਧਾਰ 'ਤੇ ਹੀ ਸੁਖਾਵਾਂ ਸਮਾਜਿਕ ਤੇ ਸਕਾਰਾਤਮਿਕ ਜੀਵਨ ਬਸਰ ਸੰਭਵ ਹੋ ਸਕਦਾ ਹੈ।

" ਇੱਕ ਬੁਰੀ ਬੀਮਾਰੀ ਸ਼ੱਕ ,  
ਜੀਵਨ ਨੂੰ ਨਰਕ ਬਣਾਵੇ ,  
ਪੱਲੇ ਰਹਿਣ ਨਾ ਦੇਵੇ ਕੱਖ।  
ਸ਼ੱਕ ਉਜਾੜੇ ਜ਼ਿੰਦਗੀ ,  
ਪੈਦਾ ਕਰੇ ਕਈ ਬੁਰਾਈਆਂ ,  
ਸ਼ੱਕ ਦਾ ਚਸ਼ਮਾ ਲਾ ਕੇ ਬੰਦਾ ,  
ਕਰਦਾ ਕਈ ਕੁਤਾਹੀਆਂ।  
ਸ਼ੱਕ ਤੋਂ ਤੋਬਾ ਕਰਕੇ ,  
ਜ਼ਿੰਦਗੀ ਬਣਾਓ ਖੁਸ਼ਗਵਾਰ ,  
ਮਿਲ - ਬੈਠ ਦੂਰ ਕਰੋ ਮੱਤਭੇਦ ,  
ਜ਼ਿੰਦਗੀ ਬਣੇਗੀ ਖ਼ੁਸ਼ਗਵਾਰ ,  
ਜ਼ਿੰਦਗੀ ਬਣੇਗੀ ਖ਼ੁਸ਼ਗਵਾਰ ,  
ਜ਼ਿੰਦਗੀ ਬਣੇਗੀ ਖ਼ੁਸ਼ਗਵਾਰ ....।

# ਭਾਈਚਾਰਕ ਸਾਂਝ, ਆਤਮ ਨਿਰਭਰਤਾ ਤੇ ਸਿੱਖਿਆ ਦੀ ਮੂਰਤ ਸਨ ਮਹਾਤਮਾ ਗਾਂਧੀ



ਮਹਾਤਮਾ ਗਾਂਧੀ ਭਾਰਤ ਵਿਚ 'ਬਾਪੂ' ਜਾਂ 'ਰਾਸ਼ਟਰਪਿਤਾ' ਦੇ ਨਾਂ ਵਜੋਂ ਬਹੁਤ ਮਸ਼ਹੂਰ ਹਨ। ਉਹਨਾਂ ਦਾ ਪੂਰਾ ਨਾਂ ਮੋਹਨਦਾਸ ਕਰਮਚੰਦ ਗਾਂਧੀ ਹੈ। ਉਹ ਇਕ ਮਹਾਨ ਅਜ਼ਾਦੀ ਘੁਲਾਟੀਏ ਸਨ, ਜਿਹਨਾਂ ਨੇ ਭਾਰਤ ਨੂੰ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਰਾਸ਼ਟਰਵਾਦ ਦੇ ਨੇ ਤਾ ਦੇ ਤੌਰ 'ਤੇ ਅਗਵਾਈ ਕੀਤੀ ਹੈ। ਉਹਨਾਂ ਦਾ ਜਨਮ 1869 ਈ: ਨੂੰ ਭਾਰਤ ਦੇ ਪੋਰਬੰਦਰ 'ਚ 2 ਅਕਤੂਬਰ 1869 ਈ: ਨੂੰ ਹੋਇਆ ਸੀ। ਉਹ 30 ਜਨਵਰੀ 1948 ਈ: ਨੂੰ ਅਕਾਲ ਚਲਾਣਾ ਕਰ ਗਏ ਸੀ। ਐਮ.ਕੇ. ਹਿੰਦੂ ਕਾਰਕੁਨ, ਨੱਥੂ ਰਾਮ ਗੋਡਸੇ ਵਲੋਂ ਗਾਂਧੀ ਦੀ ਹੱਤਿਆ ਕੀਤੀ ਗਈ ਸੀ,
ਜਿਸ ਨੂੰ ਬਾਅਦ ਵਿਚ ਭਾਰਤ ਸਰਕਾਰ ਵਲੋਂ ਫਾਂਸੀ ਦੀ ਸਜ਼ਾ ਦਿਤੀ ਗਈ ਸੀ। ਉਸ ਨੂੰ ਰਬਿੰਦਰਨਾਥ ਟੈਗੋਰ ਵਲੋਂ 1948 ਨੂੰ 'ਰਾਸ਼ਟਰ ਦਾ ਸ਼ਹੀਦ' ਇਕ ਹੋਰ ਨਾਂ ਦਿਤਾ ਗਿਆ ਹੈ। ਮਹਾਤਾਮਾ ਗਾਂਧੀ ਨੂੰ ਜੀਵਨ ਦੇ ਸਾਰੇ ਮਹਾਨ ਕੰਮਾਂ ਅਤੇ ਮਹਾਨਤਾ ਦੇ ਕਾਰਨ ਮਹਾਤਮਾ ਕਿਹਾ ਜਾਂਦਾ ਹੈ। ਉਹ ਇਕ ਮਹਾਨ ਅਜ਼ਾਦੀ ਘੁਲਾਟੀਏ ਅਤੇ ਅਹਿੰਸਕ ਅੰਦੋਲਨਕਾਰ ਸਨ, ਜਿਹੜੇ ਬ੍ਰਿਟੇਨ ਰਾਜ ਤੋਂ ਅਜ਼ਾਦੀ ਲਈ ਭਾਰਤ ਦੀ ਅਗਵਾਈ ਕਰਦੇ ਹੋਏ ਹਮੇਸ਼ਾ ਉਨ੍ਹਾਂ ਦੀ ਜ਼ਿੰਦਗੀ ਦੇ ਬਾਵਜੂਦ ਅਹਿੰਸਾ ਦਾ ਪਾਲਣ ਕਰਦੇ ਸਨ।
ਉਹ 1969 ਈ: ਵਿਚ ਭਾਰਤ ਦੇ ਗੁਜਰਾਤ ਦੇ ਪੋਰਬੰਦਰ ਵਿਖੇ 1869 ਵਿਚ ਪੈਦਾ ਹੋਏ ਸੀ। ਇੰਗਲੈਂਡ ਵਿਚ ਕਾਨੂੰਨ ਦੀ ਪੜ੍ਹਾਈ ਕਰਦਿਆਂ ਉਹ ਸਿਰਫ਼ 18 ਸਾਲ ਦੀ ਉਮਰ ਦੇ ਸਨ। ਬਾਅਦ ਵਿਚ ਉਹ ਦੱਖਣੀ ਅਫ਼ਰੀਕਾ ਦੀ ਬਰਤਾਨਵੀ ਬਸਤੀ ਵਿਚ ਅਪਣੇ ਕਾਨੂੰਨ ਦਾ ਅਭਿਆਸ ਕਰਨ ਲਈ ਚਲੇ ਗਏ। ਦੱਖਣੀ ਅਫਰੀਕਾ ਵਿਚ ਗਾਂਧੀ ਨੂੰ ਭਾਰਤੀਆਂ ਨਾਲ ਭੇਦਭਾਵ ਦਾ ਸਹਾਮਣਾ ਕਰਨਾ ਪਿਆ। ਸ਼ੁਰੂ ਵਿਚ ਉਸ ਨੂੰ ਬਾਕਾਇਦਾ ਟਿਕਟ ਹੋਣ ਦੇ ਬਾਵਜੂਦ ਪਹਿਲੀ ਸ਼੍ਰੇਣੀ ਦੇ ਡੱਬੇ ਵਿਚ ਸਫਰ ਕਰਦਿਆਂ ਰੇਲਗੱਡੀ ਤੋਂ ਬਾਹਰ ਸੁੱਟ ਦਿਤਾ ਗਿਆ ਸੀ।
ਇਕ ਯੂਰਪੀ ਮੁਸਾਫਰ ਦੇ ਅੰਦਰ ਆਉਣ ਲਈ ਉਸ ਨੂੰ ਕੁੱਟ ਮਾਰ ਵੀ ਝਲਣੀ ਪਈ ਸੀ। ਉਨ੍ਹਾਂ ਨੇ ਅਪਣੀ ਇਸ ਯਾਤਰਾ ਵਿਚ ਹੋਰ ਮਸ਼ਕਲਾਂ ਦਾ ਸਾਹਮਣਾ ਕੀਤਾ। ਇਸੇ ਤਰ੍ਹਾਂ ਹੀ ਬਹੁਤ ਸਾਰੀਆਂ ਘਟਨਾਵਾਂ ਵਿਚੋਂ ਇਕ ਹੈ ਜਦੋਂ ਅਦਾਲਤ ਨੇ ਗਾਂਧੀ ਜੀ ਨੂੰ ਪਗੜੀ ਉਤਾਰਨ ਲਈ ਆਦੇਸ਼ ਦਿਤਾ ਸੀ ਜਿਸ ਨੂੰ ਗਾਂਧੀ ਜੀ ਨੇ ਨਹੀਂ ਮੰਨਿਆ। ਇਹ ਸਾਰੀਆਂ ਘਟਨਾਵਾਂ ਗਾਂਧੀ ਜੀ ਦੇ ਜੀਵਨ ਵਿਚ ਇਕ ਮੋੜ ਬਣ ਗਈਆਂ। ਇਸ ਲਈ ਉਨ੍ਹਾਂ ਨੇ ਅਜਿਹੇ ਗਲਤ ਕਾਨੂੰਨਾਂ ਵਿਚ ਕੁਝ ਸਕਾਰਾਤਮਕ ਤਬਦੀਲੀਆਂ ਕਰਨ ਲਈ ਇਕ ਸਿਆਸੀ ਕਾਰਕੁਨ ਬਣਨ ਦਾ ਫ਼ੈਸਲਾ ਕੀਤਾ।
ਗਾਂਧੀ ਜੀ ਨੇ ਸੱਭ ਤੋਂ ਪਹਿਲੀ ਕਿਤਾਬ ਗੁਜਰਾਤੀ ਵਿਚ ਹਿੰਦ ਸਵਰਾਜ ਸਿਰਲੇਖ ਹੇਠ 1909 ਵਿਚ ਛਪੀ। ਇਹ ਕਿਤਾਬ 1910 ਵਿਚ ਅੰਗਰੇਜ਼ੀ ਵਿਚ ਛਪੀ ਅਤੇ ਇਸ ਉਤੇ ਲਿਖਿਆ ਸੀ, ਕੋਈ ਹੱਕ ਰਾਖਵੇਂ ਨਹੀਂ। ਮਹਾਤਮਾਂ ਗਾਂਧੀ ਦੀ ਆਤਮਕਥਾ ਹੈ। ਇਹ ਆਤਮਕਥਾ ਉਨ੍ਹਾਂ ਨੇ ਗੁਜਰਾਤੀ ਵਿਚ ਲਿਖੀ ਸੀ। ਇਹ ਹਫਤਾਵਾਰ ਕਿਸ਼ਤਾਂ ਵਿਚ ਲਿਖੀ ਗਈ ਸੀ ਅਤੇ ਉਨ੍ਹਾਂ ਦੇ ਰਸਾਲੇ ਨਵਜੀਵਨ ਵਿਚ 1925 ਈ ਤੋਂ ਲੈ ਕੇ 1929 ਤੱਕ ਛਪੀ ਸੀ। ਅੰਗਰੇਜ਼ੀ ਅਨੁਵਾਦ ਉਨ੍ਹਾਂ ਦੇ ਦੂਜੇ ਰਸਾਲੇ 'ਯੰਗ ਇੰਡੀਆ' ਵਿਚ ਵੀ ਕਿਸ਼ਤਵਾਰ ਛਪੀ। ਇਹ ਸਵਾਮੀ ਆਨੰਦ ਅਤੇ ਗਾਂਧੀ ਜੀ ਦੇ ਹੋਰ ਸਹਿ-ਕਰਮੀਆਂ ਵਲੋਂ ਉਨ੍ਹਾਂ ਨੂੰ ਅਪਣੀਆਂ ਜਨ-ਮਹਿਮਾਂ ਦੀ ਪਿਛੋਕੜ ਦੀ ਵਿਆਖਿਆ ਕਰਨ ਲਈ ਜ਼ੋਰ ਦੇਣ 'ਤੇ ਲਿਖੀ ਗਈ ਸੀ। 1999 ਈ ਵਿਚ ਗਲੋਬਲ ਰੂਹਾਨਾ ਅਤੇ ਧਾਰਮਿਕ ਅਥਾਰਟੀਜ ਦੀ ਇਕ ਕਮੇਟੀ ਨੇ ਇਸ ਕਿਤਾਬ ਨੂੰ 20ਵੀਂ ਸਦੀ ਦੀਆਂ 100 ਸੱਭ ਤੋਂ ਵਧੀਆਂ ਕਿਤਾਬਾਂ ਵਿਚੋਂ ਇਕ ਵਜੋਂ ਚੁਣਿਆ ਗਿਆ।
ਮਹਾਤਮਾ ਗਾਂਧੀ ਆਪਣੇ ਜੀਵਨ ਵਿੱਚ ਸੱਚ ਤੇ ਅਹਿੰਸਾ ਦੇ ਰਸਤੇ ਉੱਤੇ ਚੱਲਦੇ ਸਨ। ਉਨ੍ਹਾਂ ਦੇ ਇਸ ਸਿਧਾਂਤ ਨੂੰ ਪੂਰੀ ਦੁਨੀਆ ਅੱਜ ਵੀ ਅਪਣਾਉਂਦੀ ਹੈ। ਇਹੀ ਵਜ੍ਹਾ ਹੈ ਕਿ ਉਨ੍ਹਾਂ ਦਾ ਜਨਮ ਦਿਨ ਅੰਤਰਰਾਸ਼ਟਰੀ ਅਹਿੰਸਾ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਦਾ ਜੀਵਨ ਆਪਣੇ ਆਪ ਵਿੱਚ ਇੱਕ ਪ੍ਰੇਰਨਾ ਦਾਇਕ ਹੈ। ਉਨ੍ਹਾਂ ਦੇ ਇਸ ਜਨਮ ਦਿਨ ਦੇ ਮੌਕੇ 'ਤੇ ਪੜ੍ਹੋ, ਉਨ੍ਹਾਂ ਦੇ ਦਸ ਅਨਮੋਲ ਵਿਚਾਰ ਜਿਨ੍ਹਾਂ 'ਤੇ ਅਮਲ ਕੀਤਾ ਜਾਵੇ ਤਾਂ ਦੁਨੀਆ ਹੋਰ ਵਧੀਆ ਹੋ ਸਕਦੀ ਹੈ।

1. ਇੱਦਾਂ ਜ਼ਿੰਦਗੀ ਜੀਓ ਜਿਵੇਂ ਤੁਸੀਂ ਕੱਲ ਮਰਨਾ ਹੈ ਅਤੇ ਸਿੱਖੋ ਇੱਦਾਂ ਜਿਵੇਂ ਤੁਸੀਂ ਹਮੇਸ਼ਾ ਜ਼ਿੰਦਾ ਰਹਿਣਾ ਹੈ
2. ਡਰ ਸ਼ਰੀਰ ਦੀ ਬਿਮਾਰੀ ਨਹੀਂ ਹੈ, ਇਹ ਆਤਮਾ ਨੂੰ ਮਾਰਦਾ ਹੈ
3. ਵਿਸ਼ਵਾਸ ਕਰਨਾ ਇੱਕ ਗੁਣ ਹੈ, ਅਵਿਸ਼ਵਾਸ ਕਮਜ਼ੋਰੀ ਦੀ ਨਿਸ਼ਾਨੀ ਹੈ
4. ਜੋ ਸਮੇਂ ਨੂੰ ਬਚਾਉਂਦੇ ਹਨ ਉਹ ਧਨ ਬਚਾਉਂਦੇ ਹਨ ਅਤੇ ਬਚਾਇਆ ਹੋਇਆ ਧਨ ਕਮਾਏ ਹੋਏ ਧਨ ਦੇ ਬਰਾਬਰ ਮਹੱਤਵਪੂਰਨ ਹੈ
5. ਅੱਖ ਦੇ ਬਦਲੇ ਅੱਖ ਪੂਰੇ ਵਿਸ਼ਵ ਨੂੰ ਅੰਨਾ ਬਣਾ ਦੇਵੇਗੀ
6. ਆਜ਼ਾਦੀ ਦਾ ਕੋਈ ਮਤਲਬ ਨਹੀਂ ਜੇਕਰ ਇਸ ਵਿੱਚ ਗਲ਼ਤੀ ਕਰਨ ਦੀ ਆਜ਼ਾਦੀ ਸ਼ਾਮਿਲ ਨਾ ਹੋਵੇ
7. ਪ੍ਰਸੰਨਤਾ ਹੀ ਇਕਲੌਤਾ ਇਤਰ ਹੈ ਜਿਸ ਨੂੰ ਤੁਸੀਂ ਦੂਸਰਿਆਂ ਤੇ ਛਿੜਕਦੇ ਹੋ ਤਾਂ ਕੁਝ ਬੂੰਦਾਂ ਤੁਹਾਡੇ ਤੇ ਵੀ ਪੈਂਦੀਆਂ ਹਨ
8. ਪਹਿਲਾਂ ਉਹ ਤੁਹਾਡੇ ਤੇ ਧਿਆਨ ਨਹੀਂ ਦੇਣਗੇ ਫਿਰ ਤੁਹਾਡੇ ਤੇ ਹੱਸਣਗੇ ਫਿਰ ਤੁਹਾਡੇ ਨਾਲ ਲੜਨਗੇ ਅਤੇ ਉਦੋ ਤੁਸੀਂ ਜਿੱਤ ਜਾਓਗੇ
9. ਵਿਅਕਤੀ ਦੀ ਪਛਾਣ ਉਸਦੇ ਕੱਪੜਿਆਂ ਨਾਲ ਨਹੀਂ ਉਸਦੇ ਚਰਿੱਤਰ ਨਾਲ ਹੁੰਦੀ ਹੈ
10. ਤੁਸੀਂ ਜੋ ਵੀ ਕਰਦੇ ਹੋ ਉਹ ਘੱਟ ਮਹੱਤਵਪੂਰਨ ਹੋਸਕਦਾ ਹੈ ਪਰ ਸਭ ਤੋ ਮਹੱਤਵਪੂਰਨ ਇਹ ਹੈ ਕਿ ਤੁਸੀ ਕੁਝ ਕਰੋ

ਕਿਉ ਛਪਦੀ ਹੈ ਭਾਰਤੀ ਮੁਦਰਾ ਤੇ ਮਹਾਤਮਾ ਗਾਂਧੀ ਦੀ ਤਸਵੀਰ

ਭਾਰਤੀ ਮੁਦਰਾ ਤੇ ਮਹਾਤਮਾ ਗਾਂਧੀ ਜੀ ਦੀ ਤਸਵੀਰ ਛਪਣ ਦੀ ਸ਼ੁਰੂਆਤ ਉਸ ਸਮੇਂ ਹੋਈ ਸੀ, ਜਦੋਂ ਭਾਰਤੀ ਰਿਜ਼ਰਵ ਬੈਂਕ ਦੇ ਹਿਸਾਬ ਨਾਲ ਸਾਲ 1996 'ਚ ਮਹਾਤਮਾ ਗਾਂਧੀ ਦੀ ਤਸਵੀਰ ਵਾਲੇ ਨੋਟ ਪ੍ਰਚਲਨ 'ਚ ਆਏ ਸੀ। ਉਸ ਦੇ ਬਾਅਦ 5,10,20,100,500 ਅਤੇ 1000 ਰੁਪਏ ਦੇ ਨੋਟ ਛਾਪੇ ਜਾਣ ਲੱਗੇ। ਉਸ ਸਮੇਂ ਅਸ਼ੋਕ ਸਤੰਭ ਦੀ ਜਗ੍ਹਾ ਬਾਪੂ ਭਾਵ ਮਹਾਤਮਾ ਗਾਂਧੀ ਦੀ ਫੋਟੋ ਅਤੇ ਅਸ਼ੋਕ ਸੰਤਭ ਦੀ ਫੋਟੋ ਨੋਟ ਦੇ ਖੱਬੇ ਪਾਸੇ ਪ੍ਰਿੰਟ ਕੀਤੀ ਜਾਣ ਲੱਗੀ।
1987 'ਚ ਮਹਾਤਮਾ ਗਾਂਧੀ ਦੀ ਤਸਵੀਰ ਨੂੰ 1996 ਤੋਂ ਪਹਿਲਾਂ ਵਾਟਰਮਾਰਕ ਦੇ ਰੂਪ 'ਚ ਵਰਤਿਆ ਜਾਂਦਾ ਸੀ। ਜੋ ਕਿ ਨੋਟ ਦੇ ਖੱਬੇ ਪਾਸੇ ਦਿਖਾਈ ਦਿੰਦੀ ਸੀ। ਪਰ ਬਾਅਦ 'ਚ ਹਰ ਨੋਟ 'ਚ ਗਾਂਧੀ ਜੀ ਦੀ ਤਸਵੀਰ ਨੂੰ ਛਾਪਿਆ ਜਾਣ ਲੱਗਾ।
ਉੱਥੇ ਇਕ ਆਰ.ਟੀ.ਆਈ. 'ਚ ਇਹ ਗੱਲ ਸਾਹਮਣੇ ਆਈ ਸੀ ਕਿ ਸਾਲ 1993 'ਚ ਆਰ.ਬੀ.ਆਈ. ਨੇ ਨੋਟ ਦੇ ਖੱਬੇ ਪਾਸੇ ਮਹਾਤਮਾ ਗਾਂਧੀ ਦਾ ਚਿੱਤਰ ਛਾਪਣ ਦੀ ਸਿਫਾਰਿਸ਼ ਕੇਂਦਰ ਸਰਕਾਰ ਨੂੰ ਕੀਤੀ ਸੀ। ਪਰ ਗਾਂਧੀ ਜੀ ਦੀ ਤਸਵੀਰ ਨੂੰ ਲੈ ਕੇ ਕਈ ਵਾਰ ਬਹਿਸ ਹੋਈ ਸੀ ਕਿ ਉਨ੍ਹਾਂ ਦੀ ਜਗ੍ਹਾ ਕਿਸੇ ਸੁਤੰਤਰਤਾ ਸੈਨਾਨੀ ਦੀ ਤਸਵੀਰ ਕਿਉਂ ਨਹੀਂ ਹੈ।
ਅਸਲ 'ਚ ਮਹਾਤਮਾ ਗਾਂਧੀ ਜੀ ਨੂੰ ਰਾਸ਼ਟਰੀ ਪ੍ਰਤੀਕ ਦੇ ਰੂਪ 'ਚ ਮੰਨਿਆ ਜਾਂਦਾ ਹੈ। ਗਾਂਧੀ ਜੀ ਉਸ ਸਮੇਂ ਰਾਸ਼ਟਰ ਦਾ ਚਿਹਰਾ ਸੀ। ਇਸ ਲਈ ਉਨ੍ਹਾਂ ਦੇ ਨਾਂ 'ਤੇ ਫੈਸਲਾ ਲਿਆ ਗਿਆ। ਕਿਉਂਕਿ ਹੋਰ ਸੈਨਾਨੀਆਂ ਦੇ ਨਾਂ 'ਤੇ ਖੇਤਰੀ ਵਿਵਾਦ ਹੋ ਸਕਦਾ ਸੀ, ਪਰ ਇਸ ਸਵਾਲ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਅਧਿਕਾਰਕ ਜਾਣਕਾਰੀ ਨਹੀਂ ਦਿੱਤੀ ਗਈ ਹੈ। ਨੋਟ 'ਚ ਛੱਪਣ ਵਾਲੀ ਗਾਂਧੀ ਦੀ ਤਸਵੀਰ 1946 'ਚ ਖਿੱਚੀ ਗਈ ਸੀ ਜੋ ਕਿ ਉਨ੍ਹਾਂ ਦੀ ਅਸਲੀ ਤਸਵੀਰ ਹੈ। ਗਾਂਧੀ ਜੀ ਦੀ ਇਹ ਤਸਵੀਰ ਉਸ ਸਮੇਂ ਲਈ ਗਈ ਸੀ ਜਦੋਂ ਉਹ ਲਾਰਡ ਫਰੈਡਰਿਕ ਪੈਥਿਕ ਲਾਰੈਂਸ ਵਿਕਟਰੀ ਹਾਊਸ 'ਚ ਆਏ ਸੀ।



ਸਕਾਊਟ ਮਾਸਟਰ ਸੰਦੀਪ ਕੰਬੋਜ
ਸੰਪਰਕ ਨੰਬਰ- 98594-00002


# ਕਰੋਨਾ ! ਵਾਤਾਵਰਣ , ਪ੍ਰਵਾਸੀ ਮਜ਼ਦੂਰ

ਕਰੋਨਾ ਵਾਇਰਸ ਕਰਕੇ ਪੂਰੇ ਵਿਸ਼ਵ ਵਿੱਚ ਹਾਹਾਕਾਰ ਮੱਚੀ ਹੋਈ ਹੈ ।ਤਕਰੀਬਨ 22 ਮਾਰਚ ਤੋਂ ਪੂਰੇ ਭਾਰਤ ਵਿੱਚ ਤਾਲਾਬੰਦੀ ਕੀਤੀ ਹੋਈ ਸੀ ।ਸਰਕਾਰ ਨੇ ਕੁਝ ਚੀਜ਼ਾਂ ਤੇ ਛੋਟ ਦਿੱਤੀ ਹੈ ।ਤਾਲਾਬੰਦੀ ਦੌਰਾਨ ਕੁਦਰਤ ਦਾ ਮਨਮੋਹਕ ਨਜ਼ਾਰਾ ਵੇਖਣ ਨੂੰ ਮਿਲਿਆ ।ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਪ੍ਰਦੂਸ਼ਣ ਦਾ ਪੱਧਰ ਸੁਧਰਿਆ ਹੈ। ਲੋਕ ਸਵੱਸਥ ਹੋ ਰਹੇ ਹਨ ।ਕਿਉਂਕਿ ਫੈਕਟਰੀਆਂ ਦੀਆਂ ਚਿਮਨੀਆਂ ਵਿਚੋਂ ਨਿਕਲਣ ਵਾਲਾ ਧੂੰਆਂ , ਭੱਠੇ ਤਕਰੀਬਨ ਬੰਦ ਹੀ ਹਨ। ਸ਼ਹਿਰੀ ਖੇਤਰਾਂ ਤੋਂ ਬਰਫ ਨਾਲ ਲੱਦੀਆਂ ਹੋਈਆਂ ਪਹਾੜੀਆਂ ਦੇਖਣ ਨੂੰ ਮਿਲੀਆਂ। ਕੁਦਰਤ ਨਵੀਂ ਨਵੇਲੀ ਵਹੁਟੀ ਦੀ ਤਰ੍ਹਾਂ ਸੱਜ ਗਈ ।ਚਿੱਟੀ ਬੇਈ, ਕਾਲਾ ਸੰਘਾ ਡਰੇਨ ਦਾ ਪਾਣੀ ਸਾਫ ਸੁਥਰਾ ਹੋਇਆ। ਬਿਆਸ ਦਰਿਆ ਵਿੱਚ ਡਾਲਫਿਨ ਮੱਛੀਆਂ ਅਨੰਦ ਮਾਣਦੀਆਂ ਹੋਈਆਂ ਦੇਖੀਆਂ ਗਈਆਂ । ਹਰੀਕੇ ਪੱਤਣ ਤੇ ਵਿਦੇਸ਼ੀ ਪੰਛੀ ਅਠਖੇਲੀਆਂ ਕਰਦੇ ਹੋਏ ਨਜ਼ਰ ਆ ਰਹੇ ਹਨ ।ਡੂਮਣੇ ਦੇ ਛੱਤੇ ਬੱਚਿਆਂ ਲਈ ਖਿੱਚ ਦਾ ਕੇਂਦਰ ਬਣ ਰਹੇ ਹਨ ।ਡੁੱਲ੍ਹੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ ।ਨਿੱਜੀ ਸਵਾਰਥਾਂ ਖਾਤਰ ਇਨਸਾਨ ਨੇ ਕੁਦਰਤ ਨਾਲ ਛੇੜਛਾੜ ਕੀਤੀ ।ਜੇ ਇੰਨਾ ਕੁਝ ਹੋ ਕੇ ਵੀ ਇਨਸਾਨ ਨਹੀਂ ਸੁਧਰਿਆ ਤਾਂ ਉਹ ਇਨਸਾਨ ਕਹਾਉਣ ਦੇ ਲਾਇਕ ਨਹੀਂ ਹੈ ।ਕਿਸਾਨ ਵੀ ਪ੍ਰਣ ਕਰਨ ਕਿ ਉਹ ਖੇਤਾਂ ਵਿੱਚ ਨਾੜ ਨੂੰ ਅੱਗ ਨਹੀਂ ਲਗਾਉਣਗੇ ਕਿਉਂਕਿ ਨਾੜ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਤਾਂ ਪ੍ਰਦੂਸ਼ਿਤ ਹੁੰਦਾ ਹੀ ਹੈ ਤੇ ਨਾਲ ਜਾਨ ਮਾਲ ਦਾ ਵੀ ਨੁਕਸਾਨ ਹੁੰਦਾ ਹੈ ।ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ ਇਹ ਹਰਿਆ ਭਰਿਆ ਕੁਦਰਤੀ ਨਜ਼ਾਰੇ ਨੂੰ ਇਨਸਾਨ ਬਰਕਰਾਰ ਰੱਖ ਪਾਏਗਾ ਜਾਂ ਫਿਰ ਨਿੱਜੀ ਸੁਆਰਥਾਂ ਖਾਤਰ ਇਸ ਨੂੰ ਤਬਾਹ ਕਰ ਦੇਵੇਗਾ ।ਤਾਲਾਬੰਦੀ ਦਾ ਸਭ ਤੋਂ ਜ਼ਿਆਦਾ ਅਸਰ ਪ੍ਰਵਾਸੀ ਮਜ਼ਦੂਰਾਂ ਤੇ ਪਿਆ ।ਪਾਪੀ ਪੇਟ ਨੇ ਇਨ੍ਹਾਂ ਪਰਵਾਸੀਆਂ ਨੂੰ ਪਹਿਲੇ ਆਪਣੀ ਜਨਮ ਭੂਮੀ ਛੱਡਣ ਲਈ ਮਜ਼ਬੂਰ ਕੀਤਾ। ਫਿਰ ਕਿਰਤ ਦੀ ਖਾਤਰ ਦੂਜੇ ਪ੍ਰਦੇਸ਼ਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ।ਹੁਣ ਕੀ ਪਤਾ ਸੀ ਕਿ ਵਾਪਸ ਇਨ੍ਹਾਂ ਨੂੰ ਭਾਰੀ ਮਸ਼ੱਕਤ ਦਾ ਸਾਹਮਣਾ ਕਰਕੇ ਵਾਪਸ ਆਪਣੀ ਜਨਮ ਭੂਮੀ ਤੇ ਜਾਣਾ ਪਵੇਗਾ ।ਪ੍ਰਵਾਸੀ ਮਜ਼ਦੂਰਾਂ ਦੀ ਜ਼ਿੰਦਗੀ ਨਰਕ ਬਣ ਗਈ ।ਪਹਿਲਾਂ ਕਣਕ ਦੀ ਵਾਢੀ ਪ੍ਰਭਾਵਿਤ ਹੋਈ । ਝੋਨੇ ਦੇ ਸਮੇਂ ਵੀ ਕਿਸਾਨਾਂ ਨੂੰ ਮੁਸੀਬਤ ਦਾ ਸਾਹਮਣਾ ਕਰਨਾ ਪਿਆ।ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਤੈਅ ਕਰਦੇ ਹੋਏ ਪ੍ਰਵਾਸੀ ਮਜ਼ਦੂਰ ਹੱਡ ਚੀਰਵੀ ਲੂ ਵਿੱਚ ਆਪਣੇ ਪ੍ਰਦੇਸ਼ਾਂ ਨੂੰ ਚਾਲੇ ਪਾ ਰਹੇ ਹਨ ।ਗਰਭਵਤੀ ਔਰਤਾਂ ਰਸਤੇ ਵਿੱਚ ਹੀ ਬੱਚਿਆਂ ਨੂੰ ਜਨਮ ਦਿਤਾ।ਪਰਵਾਸੀ ਬੀਮਾਰ ਮਾਂ ਪਿਓ ਨੂੰ ਮੋਢੇ ਤੇ ਚੁੱਕ ਕੇ ਹਜ਼ਾਰਾਂ ਹਜ਼ਾਰਾਂ ਕੋਸਾਂ ਦਾ ਪੈਂਡਾ ਤੈਅ ਕਰਦੇ ਨਜ਼ਰ ਆਏ।ਅਪਾਹਜ ਬੰਦਿਆਂ ਨੇ ਹਜ਼ਾਰਾਂ ਹਜ਼ਾਰਾਂ ਕਿਲੋਮੀਟਰ ਦਾ ਪੈਂਡਾ ਤੈਅ ਕੀਤਾ। ਅਜਿਹੀਆਂ ਖ਼ਬਰਾਂ ਵੇਖਣ ਨੂੰ ਮਿਲੀਆ।ਪੁਲਿਸ ਦੀ ਮਾਰ ਤੋਂ ਬਚਣ ਲਈ ਇਨ੍ਹਾਂ ਪਰਵਾਸੀ ਮਜ਼ਦੂਰਾਂ ਨੇ ਰੇਲਵੇ ਟਰੈਕਾਂ ਦਾ ਸਹਾਰਾ ਲਿਆ।ਟਰੱਕਾਂ, ਬੱਸਾਂ ਵਿੱਚ ਤੂੜੀ ਦੀ ਤਰ੍ਹਾਂ ਪ੍ਰਵਾਸੀ ਮਜ਼ਦੂਰ ਭਰੇ ਗਏ। ਡਿਸਟੈਂਸਿੰਗ ਦੀਆਂ ਧੱਜੀਆਂ ਉੱਡੀਆਂ।ਥੱਕੇ ਹਾਰੇ ਪ੍ਰਵਾਸੀ ਮਜ਼ਦੂਰ ਰੇਲਵੇ ਟਰੈਕਾਂ ਤੇ ਸੋ ਗਏ।ਇਹ ਭਾਣਾ ਮਹਾਰਾਸ਼ਟਰ ਦੇ ਔਰੰਗਾਬਾਦ ਜ਼ਿਲੇ ਵਿੱਚ ਵਾਪਰਿਆ। ਜਿੱਥੇ 16 ਮਜ਼ਦੂਰਾਂ ਨੂੰ ਮਾਲ ਗੱਡੀ ਨੇ ਕੁਚਲ ਦਿੱਤਾ ।ਹੌਂਸਲੇ ਨੂੰ ਤਾਂ ਅਜੇ ਵੀ ਪ੍ਰਵਾਸੀ ਮਜ਼ਦੂਰਾਂ ਨੇ ਢੇਰੀ ਨਹੀਂ ਟਾਇਆ ।ਤਕਰੀਬਨ ਦੋ ਸੌ ਦੇ ਕਰੀਬ ਪ੍ਰਵਾਸੀ ਮਜ਼ਦੂਰ ਹਾਦਸਿਆਂ ਚ ਸ਼ਿਕਾਰ ਹੋ ਗਏ ।ਹਾਲਾਂਕਿ ਸੂਬਾ ਸਰਕਾਰ ਨੇ ਕੇਂਦਰ ਸਰਕਾਰਾਂ ਨਾਲ ਮਿਲ ਕੇ ਰੇਲ ਗੱਡੀਆਂ ਵਿੱਚ ਚਲਾਈਆਂ ਸਨ ,ਪਰ ਆਬਾਦੀ ਦੇ ਹਿਸਾਬ ਨਾਲ ਇਹ ਸਾਧਨ ਛੋਟੇ ਪੈ ਗਏ।ਮਹਾਂਮਾਰੀ ਦੇ ਦੌਰਾਨ ਪੈਦਾ ਹੋਇਆ ਇਹ ਸੰਕਟ ਛੇਤੀ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ ।



**ਸੰਜੀਵ ਸਿੰਘ ਸੈਣੀ, ਮੁਹਾਲੀ**

# ਖੁਸ਼ੀ



ਮਨੁੱਖ ਦੇ ਹਰੇਕ ਕੰਮ ਦਾ ਮਨੋਰਥ ਖੁਸ਼ੀ ਹੈ। ਅਮੀਰੀ, ਸ਼ੋਹਰਤ ,ਕੁਰਬਾਨੀ ਸਭ ਦੀ ਤਹਿ ਵਿੱਚ ਖੁਸ਼ੀ ਦੀ ਲਾਲਸਾ ਹੁੰਦੀ ਹੈ। ਸਭ ਕੁੱਝ ਹੁੰਦਿਆਂ ਹੋਇਆ ਵੀ ਖੁਸ਼ੀ ਦੀ ਭਾਲ ਲਗਾਤਾਰ ਚਲਦੀ ਰਹਿੰਦੀ ਹੈ। ਖੁਸ਼ੀ ਦੁਨੀਆਂ ਵਿੱਚ ਬੇਅੰਤ ਹੈ, ਜਿਵੇਂ ਬਿਜਲੀ ਹਰੇਕ ਵਸਤੂ ਵਿੱਚ ਹੈ, ਓਵੇਂ ਖੁਸ਼ੀ ਵੀ ਹਰੇਕ ਵਸਤੂ ਵਿੱਚ ਲੁਕੀ ਪਈ ਹੈ ਕੋਈ ਵੀ ਜਾਨਦਾਰ ਜਾਂ ਬੇਜ਼ਾਨ ਚੀਜ਼ ਨਹੀਂ ਜਿਸ ਵਿੱਚ ਖੁਸ਼ੀ ਨਾ ਹੋਵੇ। ਖੁਸ਼ੀ ਲੱਭਣ ਲਈ ਪਾਰਖੂ ਅੱਖ ਦੀ ਲੋੜ ਹੈ ਖੁਸ਼ੀ ਦੁਰਲੱਭ ਨਹੀਂ, ਸਿਰਫ਼ ਸਾਡਾ ਇਹਦੇ ਬਾਰੇ ਅਨੁਮਾਨ ਠੀਕ ਨਹੀਂ। ਜਿਸ ਆਦਮੀ ਨੂੰ ਆਪਣੇ ਰਾਹ ਵਿੱਚ ਕਿਸੇ ਥਾਂ ਵੀ ਖੁਸ਼ੀ ਨਹੀਂ ਮਿਲਦੀ ਉਹ ਗੁੰਮਰਾਹ ਹੈ। ਬਹੁਤ ਲੋਕਾਂ ਨੂੰ ਖੁਸ਼ੀ ਇਸ ਕਰਕੇ ਨਹੀਂ ਮਿਲਦੀ। ਕਿਉਂਕਿ ਉਹ ਆਪਣੀ ਖੁਸ਼ੀ ਲਈ ਜਿਉਂਦੇ ਹਨ ਕੋਈ ਐਸ਼ੋ-ਆਰਾਮ ਦੀ ਸ਼ਕਲ ਵਿੱਚ ਇਸ ਨੂੰ ਲੱਭਦਾ ਹੈ ,ਕੋਈ ਹੁਸਨ ਵਿਚੋਂ ,ਕੋਈ ਖਾਣ ਪਹਿਨਣ ਆਦਿ ਵਿਚੋਂ ਖੁਸ਼ੀ ਨੂੰ ਤਲਾਸ਼ਦੇ ਹਨ। ਅਸਲ ਵਿੱਚ ਇਨ੍ਹਾਂ ਸਭ ਚੀਜ਼ਾਂ, ਵਸਤੂਆਂ ਵਿੱਚੋਂ ਖੁਸ਼ੀ ਨਹੀਂ ਲੱਭਦੀ। ਖੁਸ਼ੀ ਦੀ ਪੀਂਘ ਵਿੱਚ ਤਾਂ ਕੁਦਰਤ ਦੇ ਰੰਗ ਰਲੇ ਮਿਲੇ ਹੁੰਦੇ ਹਨ। ਦੂਜਿਆਂ ਨੂੰ ਦੋਸ਼ ਦੇਣ ਦੀ ਆਦਤ, ਹੋਰਾਂ ਵਿੱਚ ਨੁਕਸ ਕੱਢਣ ਦੀ ਆਦਤ ਖਿਲਾਫ਼ ਕੰਢਿਆਂ ਦੀ ਵਾੜ ਹੈ, ਜਿਸ ਵਿਚੋਂ ਬਹੁਤ ਖੁਸ਼ੀਆਂ ਅੰਦਰ ਨਹੀਂ ਆ ਸਕਦੀਆਂ, ਤੇ ਜਿਹੜੀਆਂ ਆਉਂਦੀਆਂ ਹਨ, ਉਹੋ ਝਰੀਟੀਆਂ ਜਾਂਦੀਆਂ ਹਨ। ਕਈ ਵਾਰ ਅਸੀਂ ਵੱਡੀ ਖੁਸ਼ੀ ਦੇ ਚੱਕਰ ਵਿੱਚ ਨਿੱਕੀਆਂ-ਨਿੱਕੀਆਂ ਖੁਸ਼ੀਆਂ ਵੀ ਗਵਾ ਦਿੰਦੇ ਹਾਂ। ਨਿੱਕੀਆਂ ਖੁਸ਼ੀਆਂ ਦੀ ਚੋਖੀ ਜਾਂਚ ਵੱਡੀਆਂ ਖੁਸ਼ੀਆਂ ਦੀ ਪ੍ਰਾਪਤੀ ਕਰਵਾ ਸਕਦੀ ਹੈ। ਵੱਡੀਆਂ ਖੁਸ਼ੀਆਂ ਨਿੱਕੀਆਂ ਖੁਸ਼ੀਆਂ ਦਾ ਜਮ੍ਹਾਂ-ਜੋੜ ਹਨ। ਨਿੱਕੇ-ਨਿੱਕੇ ਧਾਗਿਆਂ ਨੂੰ ਜੋੜ ਕੇ ਵੱਡੀਆਂ ਮਜ਼ਬੂਤ ਪੀਂਘਾਂ ਝੂਟੀਆਂ ਜਾ ਸਕਦੀਆਂ ਹਨ ਜਿਨ੍ਹਾਂ ਨਾਲ ਅਕਾਸ਼ਾ ਨੂੰ ਛੂਹਿਆ ਜਾ ਸਕਦਾ। ਦੁਨੀਆਂ ਵਿੱਚ ਖੁਸ਼ੀਆਂ ਦੀ ਘਾਟ ਨਹੀਂ। ਪੰਛੀਆਂ ਦੇ ਖੰਭਾਂ ਵਿੱਚ ਖੁਸ਼ੀ ਹੈ, ਫੁੱਲਾਂ ਦੀਆਂ ਪੱਤੀਆਂ ਵਿੱਚ ਖੁਸ਼ੀ ਹੈ, ਬੱਚਿਆਂ ਦੀ ਮੁਸਕਾਨ ਵਿੱਚ ਖੁਸ਼ੀ ਹੈ, ਪਿਆਰ ਮੰਗਦੀਆਂ ਅੱਖਾਂ ਵਿੱਚ ਖੁਸ਼ੀ ਹੈ, ਗਲਵੱਕੜੀ ਲਈ ਖੁੱਲੀਆਂ ਬਾਹਾਂ ਵਿੱਚ ਖੁਸ਼ੀ ਹੈ ਮਾਂ ਦੀ ਗੋਦ ਵਿੱਚ ਖੁਸ਼ੀ ਹੈ,ਬਾਪ ਦੀ ਘੂਰ ਵਿੱਚ ਖੁਸ਼ੀ ਹੈ, ਕੁਦਰਤ ਦੀ ਅਮੀਰੀ ਵਿੱਚ ਅਨੇਕਾਂ ਖੁਸ਼ੀਆਂ ਹਨ ਕਿਸੇ ਦੀ ਖੁਸ਼ੀ ਵਿੱਚ ਖੁਸ਼ੀ ਹੈ ਕਿਸੇ ਦੀ ਸਹਾਇਤਾ ਵਿੱਚ ਖੁਸ਼ੀ ਹੈ। ਪਰ ਬਹੁਤ ਘੱਟ ਲੋਕਾਂ ਨੇ ਇਸ ਨੂੰ ਮਹਿਸੂਸ ਕੀਤਾ ਤੇ ਮਾਣਿਆ ਹੈ। ਉਨ੍ਹਾਂ ਥਾਵਾਂ ਤੇ ਉਨ੍ਹਾਂ ਸ਼ਕਲਾਂ ਵਿੱਚ ਇਨ੍ਹਾਂ ਨੂੰ ਲੱਭਿਆ ਜਾਂਦਾ ਹੈ ਜਿਸ ਨਾਲ ਇਸਦਾ ਕੋਈ ਵਾਸਤਾ ਨਹੀਂ ਹੁੰਦਾ। ਖੁਸ਼ੀ ਲਈ ਸਹਿਜ ਬਹੁਤ ਜ਼ਰੂਰੀ ਹੈ। ਜ਼ਿੰਦਗੀ ਦੇ ਰਸਤੇ ਕਦੋਂ ਤੇ ਕਿੱਧਰ ਨੂੰ ਮੁੜ ਜਾਂਦੇ ਹਨ, ਸਾਨੂੰ ਬਿਲਕੁੱਲ ਵੀ ਅਨੁਮਾਨ ਨਹੀਂ ਹੁੰਦਾ। ਕਦੇ- ਕਦੇ ਜ਼ਿੰਦਗੀ 'ਚ ਅਜਿਹੇ ਰੰਗ ਵੀ ਦੇਖਣੇ ਪੈਂਦੇ ਹਨ ਜਿਨ੍ਹਾਂ ਦੀ ਉਮੀਦ ਵੀ ਨਹੀਂ ਹੁੰਦੀ। ਜ਼ਿੰਦਗੀ 'ਚ ਉਤਰਾਅ-ਚੜਾਅ ਆਉਂਣੇ ਜ਼ਰੂਰੀ ਹਨ ਜਿਨ੍ਹਾਂ ਵਿਚੋਂ ਅਸੀਂ ਖੁਸ਼ੀਆ ਅਸੀਂ ਆਪ ਹੀ ਲੱਭਣੀਆਂ ਹੁੰਦੀਆਂ ਹਨ। ਦੁੱਖੀ ਹੋਣ ਲਈ ਅਸੀਂ ਬਹੁਤ ਬਹਾਨੇ ਘੜ ਲੈਂਦੇ ਹਾਂ। ਪਰ ਸੱਚ ਤਾਂ ਇਹ ਹੈ ਕਿ ਖੁਸ਼ੀ ਅਜਿਹੀ ਚੀਜ਼ ਨਹੀਂ। ਜਿਸਨੂੰ ਲੱਭਿਆ ਜਾ ਸਕੇ, ਇਹ ਇੱਕ ਭਾਵ ਹੈ ਜਿਸਦੀ ਸਿਰਜਣਾ ਅਸੀਂ ਖ਼ੁਦ ਕਰਨੀ ਹੈ। ਸੁਖੀ ਆਦਮੀ ਉਹ ਨਹੀਂ ਹੁੰਦਾ, ਜਿਸਨੂੰ ਅਨੁਕੂਲ ਹਾਲਾਤ ਮਿਲਦੇ ਹਨ, ਸਗੋਂ ਸੁਖੀ ਉਹ ਹੈ ਜੋ ਹਾਲਾਤਾਂ ਨੂੰ ਅਨਕੂਲ ਕਰਨਾ ਜਾਣਦਾ ਹੈ। ਆਪਣੇ ਮਨ ਅੰਦਰਲੇ ਉਸ ਬਚਪਨ ਦੇ ਬੱਚੇ ਨੂੰ ਜਿਉਂਦਾ ਰੱਖੋ ਉਸਨੂੰ ਮਰਨ ਨਾ ਦੇਵੋ। ਜ਼ਿੰਦਗੀ ਬਹੁਤ ਖੂਬਸੂਰਤ ਹੈ, ਇਨ੍ਹਾਂ ਸੋਹਣੇ ਪਲਾਂ ਨੂੰ ਬੱਚਿਆਂ ਵਾਂਗ ਜੀਓ।

ਅੰਮ੍ਰਿਤ ਅੰਬੀ,ਮੋ-9478752404



# ਦਸਤਾਰ-ਵੱਖਰੀ ਸਾਨ ਪੰਜਾਬੀ ਦੀ

ਪੰਜਾਬ ਦੇ ਅਮੀਰ ਸੱਭਿਆਚਾਰ ਦੇ ਸਦਕੇ ਸੰਸਾਰ ਵਿੱਚ ਪੰਜਾਬੀਆ ਦੀ ਵੱਖਰੀ ਪਹਿਚਾਣ ਹੈ। ਇਹਨਾ ਦੇ ਹਰ ਰੰਗ ਨੂੰ ਦੂਸਰੇ ਰਾਜਾ ਤੇ ਦੇਸ਼ਾ ਦੇ ਵਸਨੀਕ ਬੜੇ ਚਾਂਵਾ ਨਾਲ ਮਾਣਦੇ ਤੇ ਸਤਿਕਾਰ ਦਿੰਦੇ ਹਨ। ਵਿਰਸੇ ਵਿੱਚ ਮਿਲੇ ਸੰਸਕਾਰਾ ਕਾਰਨ ਮੇਹਨਤੀ ਸੁਭਾਅ ,ਖਾਣ-ਪੀਣ ,ਰਿਹਣ-ਸਹਿਣ ਤੇ ਸਜਣ-ਫੱਬਣ ਦੀ ਸੌਕੀਨਾ ਦਾ ਦੁਨੀਆ ਵਿੱਚ ਕੋਈ ਸਾਨੀ ਨਹੀ। ਇਸ ਸਭ ਕੁਝ ਦੇ ਨਾਲ ਬੇਅੰਤ ਕੁਰਬਾਨੀਆ ਤੋ ਬਾਅਦ ਗੁਰੂਆ ਵਲੋ ਬਖਸ਼ੀ ਅਲੌਕਿਕ ਸੌਗਾਤ " ਦਸਤਾਰ " ਇਹਨਾ ਦੀ ਸਾਨ ਤੇ ਸਵੈਮਾਨ ਨੂੰ ਹੋਰ ਵਧਾ ਦਿੰਦੀ ਹੈ। ਜਿਸ ਨੂੰ ਦੁਨੀਆ ਵਿਚ ਵੱਖ-2 ਨਾਵਾਂ ਨਾਲ ਜਿਵੇ ਫਰੈਂਚ ਵਿੱਚ ਟਰਬਨ ਜਾ ਟਲਬੈਂਡ ,ਲਤੀਨੀ ਵਿੱਚ ਮਈਟਰ ,ਤੁਰਕੀ ਵਿੱਚ ਸਾਰਿਕ ,ਰੋਮਾਨੀ ਵਿਚ ਟੁਲੀਪਨ ਅਤੇ ਜਰਮਨ ਜਾ ਇੰਗਲਿਸ ਵਿੱਚ ਟਰਬਨ ਤੇ ਠੇਠ ਪੰਜਾਬੀ ਵਿੱਚ ਪੱਗ ਜਾ ਦਸਤਾਰ ਕਿਹਾ ਜਾਦਾ ਹੈ। ਇਹ ਇਕੱਲਾ ਸਿਰ ਢਕਣ ਦਾ ਕੱਪੜਾ ਨਹੀ। ਸਗੋ ਖਾਸ ਵਸਤਰ ਹੈ ਜਿਸਦੀ ਸੰਭਾਲ ਤੇ ਸਜਾਉਣ ਸਮੇ ਪੂਰਨ ਧਿਆਨ ਰੱਖਿਆ ਜਾਦਾ ਹੈ। ਕੁਲ ਜਹਾਨ ਦਾ ਇਤਿਹਾਸ ਗਵਾਹ ਹੈ। ਕਿ ਜਦ ਵੀ ਪੱਗ ਵੱਲ ਉਗਲ ਉਠੀ ਤਾ ਪੰਜਾਬੀ ਕੌਮ ਨੇ ਏਕਤਾ ਨਾਲ ਉਸਦਾ ਮੂੰਹ ਤੋੜਵਾ ਜਵਾਬ ਦਿੱਤਾ। ਮਸਾਲ ਵਜੋ ਫਰਵਰੀ 2016 ਵਿਚ ਫਰਾਂਸ ਸਰਕਾਰ ਨੇ ਜਨਤਕ ਥਾਵਾ ਤੇ ਦਸਤਾਰ ਸਜਾਕੇ ਜਾਣ ਦੀ ਮਨਾਹੀ ਕੀਤੀ। ਪਰ ਸਥਾਨਕ ਅਤੇ ਦੁਨੀਆ ਭਰ ਤੋ ਪੰਜਾਬੀਆ ਦੇ ਰੋਅ ਅੱਗੇ ਝੁਕਦੀ ਸਰਕਾਰ ਨੂੰ ਸਿੱਖਾ ਦੇ ਧਾਰਮਿਕ ਚਿੰਨਾ ਦੀ ਆਜ਼ਾਦੀ ਸਬੰਧੀ ਕਨੂੰਨ ਬਣਾਉਣੇ ਪਏ। ਇਸੇ ਤਰਾ ਯੂਐਸਏ ਏਅਰਫੋਰਸ ਵਿੱਚ ਹਰਪ੍ਰੀਤਇੰਦਰ ਸਿਘ ਬਾਜਵਾ ਫਸਟ ਕਲਾਸ ਏਅਰਮੈਨ ਭਰਤੀ ਹੋਏ। ਪਰ ਅਮਰੀਕੀ ਕਨੂੰਨ ਅਨੁਸਾਰ ਸਾਬਤ ਸਬੂਤ ਸਿੱਖ ਨੂੰ ਨੌਕਰੀ ਕਰਨ ਦੀ ਮਨਾਹੀ ਜਾ ਧਰਮ ਤਿਆਗ ਕੇ ਨੌਕਰੀ ਦੀ ਸਰਤ ਸੀ। ਸ਼ਾਲ ਭਰ ਚੱਲੇ ਲੰਮੇ ਕਨੂੰਨੀ ਸੰਘਰਸ ਜਿੱਤਣ ਤੋ ਬਾਅਦ 2018 ਨੂੰ ਅਮਰੀਕੀ ਇਤਿਹਾਸ ਵਿੱਚ ਪਹਿਲੀ ਵਾਪਰਿਆ। ਜਦੋ ਦਸਤਾਰ,ਕੇਸ਼ ਤੇ ਦਾੜੀ ਸੰਪੂਰਨ ਸਿੱਖ ਸੇਵਾਵਾ ਨਿਭਾ ਰਿਹਾ ਹੈ। ਇਥੋ ਤੱਕ ਅਮਰੀਕਿਨ ਸਿਵਲ ਲਿਬਰਟੀਜ ਯੂਨੀਅਨ ਨੇ ਪੱਗ ਨੂੰ ਸਿੱਖਾ ਦੇ ਸਿਰ ਦਾ ਤਾਜ ਆਖ ਪ੍ਰਸੰਸਾ ਕੀਤੀ।



ਪੰਜਾਬੀ ਕੌਮ ਦਾ ਦਸਤਾਰ ਪ੍ਰਤੀ ਮੋਹ ਆਪ ਮੁਹਾਰੇ ਝਲਕਦਾ ਹੈ। ਜਦੋ ਹੋਸ ਸੰਭਾਲਨ ਤੋ ਬਾਅਦ ਬੱਚਾ ਦਸ਼ਤਾਰ ਸਾਭਣ ਤੇ ਸਜਾਉਣ ਲਾਇਕ ਹੋ ਜਾਵੇ ਤਾ ਬਕਾਇਦਾ "ਦਸਤਾਰ ਬੰਦੀ" ਦਾ ਸਮਾਗਮ ਰੱਖ ਖੁਸੀ ਮਨਾਈ ਜਾਦੀ ਹੈ। ਘਰ ਪ੍ਰਕਾਸ ਕਰਵਾ ਕੇ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਅਰਦਾਸ ਉਪਰੰਤ ਜਾ ਗੁਰਦੁਵਾਰੇ ਮੱਥੇ ਟੇਕ ਕੇ ਇਸ ਰਸਮ ਨੂੰ ਪੂਰੀ ਕਰ ਨਾਨਕੇ ਪਹਿਲੀ ਪੱਗ ਬੱਚੇ ਨੂੰ ਭੇਟ ਕਰਦੇ ਹਨ। ਦਸਤਾਰ ਸਜਾਉਣ ਵਾਲਾ ਕਦੇ ਨੰਗੇ ਸਿਰ ਘਰੋ ਬਾਹਰ ਨਹੀ ਜਾਦਾ। ਸਗੋ ਪਰਨੇ ਜਾ ਕੇਸ਼ਕੀ ਨਾਲ ਹਮੇਸਾ ਸਿਰ ਢੱਕ ਕੇ ਰੱਖਦਾ ਹੈ। ਪੁਰਾਣੇ ਸਮੇ ਵਿੱਚ ਬਜੁਰਗ ਭਾਵੇ ਮੁੰਡਾ ਜਾ ਕੁੜੀ ਦਾ ਨੰਗੇ ਸਿਰ ਘਰੋ ਬਾਹਰ ਜਾਣਾ ਚੰਗਾ ਨਹੀ ਮੰਨਦੇ ਸਨ। ਅਜੋਕੇ ਦੌਰ ਵਿੱਚ ਨੌਜਵਾਨ ਕਲੱਬ ਤੇ ਸਿੱਖ ਸੰਸਥਾਵਾ ਸੋਹਣੀ ਪੱਗ ਬੰਨਣ ਦੇ ਮੁਕਾਬਲੇ ਕਰਵਾਉਦੇ ਹਨ ਤਾ ਜੋ ਨਵੀ ਪੀੜੀ ਇਸ ਪ੍ਰਤੀ ਅਕਰਸ਼ਿਤ ਹੋ ਜਾਵੇ। ਇਹਨਾ ਮੁਕਾਬਲਿਆ ਦੀ ਨੀਹ ਦਸਵੇ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਟਾਂ ਸਾਹਿਬ ਤੋ ਸੁਰੂ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਇਹ ਮੁਕਾਬਲੇ ਹੁੰਦੇ ਰਹੇ। ਸੋਹਣੀ ਦਸਤਾਰ ਵਾਲੇ ਨੂੰ ਇਨਾਮ ਵੀ ਦਿੱਤੇ ਜਾਦੇ ਸਨ। ਅੱਜ ਇਹਨਾ ਮੁਕਬਲਿਆ ਦਾ ਘੇਰਾ ਪੂਰੀ ਦੁਨੀਆ ਵਿੱਚ ਫੈਲਿਆ ਹੋਇਆ ਹੈ। ਉਂਜ ਪੰਜਾਬੀ ਗਇਕੀ ਦੇ ਬੋਲ ਤੇ ਫਿਲਮਾਂਕਣ ਅੱਤ ਦਰਜੇ ਦੇ ਨੀਵੇਂ ਹਨ। ਪਰ ਦਸਤਾਰ ਦੇ ਸਦਕੇ ਕਈ ਗਇਕ ਫਿਲਮੀ ਦੁਨੀਆ ਤੇ ਵਿਦੇਸਾ ਵਿੱਚ ਅਖਾੜੇ ਲਗਾ ਚੰਗਾ ਨਾਅ ਅਤੇ ਡਾਲਰ ਕਮਾ ਰਹੇ ਹਨ।

ਸਿੱਖਾ ਵਾਗ ਮੁਸਲਮਾਨਾ ਵਿੱਚ ਵੀ ਪੱਗ ਸਜਾਉਣ ਦੀ ਰਵਾਇਤ ਹੈ ਹੁਣ ਵੀ ਕਈ ਮੋਲਵੀ, ਪੱਕੇ ਨਮਾਜੀ ਜਾ ਬਜੁਰਗ ਪਾਲਣਾ ਕਰ ਰਹੇ ਹਨ। ਪਰ ਨਵੀ ਪੀੜੀ ਨੇ ਇਸ ਨੂੰ ਸਿਰੇ ਤੋ ਨਿਕਰਿਆ ਹੈ। ਜਦੋ ਕਿ ਇਸ ਕੌਮ ਵਿੱਚ ਵੀ ਸੁਰੂਆਤ ਅਧਿਆਤਮਿਕ ਗੁਰੂ ਪੈਗੰਬਰ ਮੁਹੰਮਦ ਸਾਹਿਬ ਵਲੋ ਕੀਤੀ ਗਈ। ਜੋ ਪੱਗ ਨੂੰ ਬਾਦਸਾਹੀ,ਵਡੱਪਣ,ਸੁੱਚਤਾ ਤੇ ਉੱਚਤਾ ਦੇ ਪ੍ਰਤੀਕ ਮੰਨਦੇ ਸਨ। ਬਾਅਦ ਵਿੱਚ ਹਜਰਤ ਮੁਹੰਮਦ ਸਾਹਿਬ ਨੇ ਇਸ ਨੂੰ ਫਰਿਸਤਿਆ ਦੀ ਨਿਸਾਨੀ ਆਖ ਆਪਣੇ ਮਜਹਬ ਦੇ ਲੋਕਾ ਨੂੰ ਲਿਬਾਸ ਨਾਲ ਦਸਤਾਰ ਸਜਾਉਣ ਲਈ ਵੀ ਪ੍ਰੇਰਿਤ ਕੀਤਾ। ਸੱਚੀ ਸਰਧਾ ਅਤੇ ਨੇਕਨੀਤੀ ਦੇ ਰਾਹ ਤੇ ਚਲਦਿਆ ਕੌਮ ਦਾ ਧਾਰਮਿਕ ਚਿੰਨ ਨਾ ਬਣ ਸਕੀ। ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਈਸਵੀ ਨੂੰ ਖਾਲਸਾ ਪੰਥ ਦੀ ਸਾਜਨਾ ਕਰ ਪੰਜ ਕੰਕਾਰਾ ਨੂੰ ਪਹਿਨਣ ਤੇ ਸਿਰ ਢਕ ਕੇ ਰੱਖਣ ਦੀ ਪਾਲਣਾ ਨਾਲ ਕੇਸਕੀ ਜਾ ਦਸਤਾਰ ਵੀ ਸਿੱਖਾ ਦਾ ਅਨਿੱਖੜਵਾ ਅੰਗ ਬਣ ਗਈ। ਸਭ ਧਰਮਾ ਦੇ ਗੁਰੂਆ ਨੇ ਦਸਤਾਰ ਨੂੰ ਬੜੇ ਸਤਿਕਾਰ ਤੇ ਅਦਬ ਨਾਲ ਸਜਾਇਆ। ਪਰ ਸਿੱਖ ਧਰਮ ਵਿੱਚ ਇਸਦਾ ਆਪਣਾ ਹੀ ਇਕ ਵੱਖਰਾ ਹੀ ਮੁਕਾਮ ਹੈ। ਪੰਜਾਬ ਦੇ ਗੁਆਢੀ ਰਾਜ ਰਾਜਸਥਾਨ ਵਿੱਚ ਵੀ ਪੱਗ ਨੂੰ ਖਾਸ ਤਵੱਜੋ ਦਿੰਦੇ ਹਨ। ਇਹ ਉਹਨਾ ਦਾ ਕੋਈ ਧਾਰਮਿਕ ਚਿੰਨ ਨਹੀ। ਪਰ ਦਸਤਾਰ ਨੂੰ ਰਾਜਾਸਾਹੀ ਠਾਠ ਤੇ ਟੋਹਰ ਦਾ ਹਿੱਸਾ ਜਰੂਰ ਮੰਨਦੇ ਤੇ ਦਸਤਾਰ ਲਈ ਪਗੜੀ ਸਬਦ ਦੀ ਵਰਤੋ ਕਰਦੇ ਹਨ। ਰਾਜਸਥਾਨੀ ਪ੍ਰੰਪਰਾ ਅਨੁਸਾਰ ਕੁਝ ਜਾਤਾ ਜਾ ਕਬੀਲਿਆ ਲਈ ਵੀ ਖਾਸ ਰੰਗ ਬੰਨਣੇ ਤੈਅ ਕੀਤੇ ਹੋਏ ਹਨ। ਚਿੱਟਾ ਰੰਗ ਬਿਸਨੋਈ ,ਕਬੀਲੇ ਬਹੁਰੰਗੀ ਧਾਰੀਆ ਅਤੇ ਪਸ਼ੂ ਚਾਰਨੇ ਲਾਲ ਰੰਗ ਦੀ ਪਗੜੀ ਸਜਾਉਦੇ , ਜੋਧਪੁਰੀ ਸਾਹੀ ਠਾਠ ਵਾਲੀ ਪੱਗ ਨਾਲ ਲੰਮਾ ਸਮਲਾ (ਲੱਕ ਤੱਕ) ਅਤੇ ਕੋਟ ਜਾ ਅਚਕਨ ਪਾਉਣ ਦੀ ਪੁਰਾਤਨ ਰੀਤ ਅੱਜ ਵੀ ਬਖੂਬੀ ਨਿਭਾ ਰਹੇ ਹਨ। ਗੁਜਰਾਤ ਵਿੱਚ ਖਾਸ ਮੌਕਿਆ ਤੇ ਦਸਤਾਰ ਸਜਾਉਣ ਦਾ ਪ੍ਰਚਲਨ ਹੈ। ਉਹ ਆਪਣੀ ਭਾਸਾ ਵਿੱਚ ਸਾਫਾ ਬੋਲਦੇ ਹਨ। ਜੋ ਗੋਲ ਅਕਾਰੀ ਅੰਦਾਜ ,ਬਹੁਰੰਗੀ ਧਾਰੀਆ ਤੇ ਫੁੱਲ-ਬੁਟੀਆ ਵਾਲਾ ਹੁੰਦਾ ਹੈ।

ਪੰਜਾਬ ਦੇ ਸਮਾਜਿਕ ,ਧਾਰਮਿਕ ,ਰਾਜਨੀਤਿਕ ਅਤੇ ਸੱਭਿਆਚਾਰ ਖੇਤਰ ਵਿੱਚ ਵੀ ਦਸਤਾਰ ਦਾ ਅਹਿਮ ਯੋਗਦਾਨ ਹੈ। ਸਿੱਖ ਕੌਮ ਲਈ ਇਕ ਧਾਰਮਿਕ ਚਿੰਨ ਹੈ। ਪਰ ਨਾਲੋ ਨਾਲ ਨੀਲਾ ਤੇ ਕੇਸਰੀ ਰੰਗ ਵੀ ਇਸ ਧਰਮ ਨਾਲ ਜੁੜੇ ਹੋਏ ਹਨ। ਨਿਹੰਗ ਸਿੰਘ ਨੀਲੇ ਬਾਣਿਆ ਦੇ ਨਾਲ 30 ਤੋ 70 ਮੀਟਰ ਦੇ ਦੁਮਾਲੇ ਸਜਾਉਦੇ। ਪਰ ਹੋਲੇ ਮਹੱਲੇ ਸਮੇ ਨਿਹੰਗ ਬਸੰਤੀ ਦਸਤਾਰ ਜਾ ਖਾਲਸਾਈ ਨਿਸਾਨੀਆ ਨਾਲ ਸਜਾਏ ਵੱਡ ਅਕਾਰੀ ਦੁਮਾਲੇ ਤੇ ਘੋਟੇ ਦੇ ਰਗੜੇ ਲਗਾ ਖੁਸੀਆ ਵਿੱਚ ਮਦਮਸਤ ਹੁੰਦੇ ਹਨ। ਗੁਰ ਗੋਬਿੰਦ ਦੀਆ ਲਾਡਲੀਆ ਫੋਜਾ ਯੁੱਧ ਦੋਰਾਨ ਕੇਸਰੀ ਦਸਤਾਰਾ ਸਜਾ ਕੇ ਬੇਖੋਫ ਵੈਰੀਆ ਨੂੰ ਢੇਰ ਕਰਦੀਆ ਸਨ। ਸਿੱਖਾ ਲਈ ਕੇਸਰੀ ਸਹਾਦਤ ਦਾ ਰੰਗ ਹੈ। ਨਿਰੰਕਾਰੀ ਸੰਪਰਦਾ ਦੇ ਲੋਕ ਸ਼ਫੇਦ ਬਾਣੇ ਨਾਲ ਸਫੇਦ ਪੋਚਵੀ ਗੋਲ਼ ਕੇਸਕੀ ਸਜਾਉਦੇ ਆ ਰਹੇ ਹਨ। ਆਜਾਦੀ ਦੇ ਉਪਾਸਕ ਤੇ ਵਿਦਵਾਨ ਸਹੀਦੇ-ਏ-ਆਜਮ ਸਰਦਾਰ ਭਗਤ ਸਿੰਘ ਅੰਗਰੇਜਾ ਵਿਰੁੱਧ ਸੰਘਰਸ ਸਮੇ ਬਸੰਤੀ ਰੰਗ ਦੀ ਦਸਤਾਰ ਸਜਾ ਨੋਜਵਾਨਾ ਨੂੰ ਬਰਤਾਨੀਆ ਸਾਮਰਾਜ ਦੀ ਖਿਲਾਫਤ ਲਈ ਇਕਮੁੱਠ ਕੀਤਾ ਸੀ। ਅੱਜ ਵੀ ਇਸ ਰੰਗ ਨੰ ਲੋਕੀ ਸਰਮਾਏਦਾਰੀ ,ਧਾਰਮਿਕ ਕੱਟੜਤਾ ਤੇ ਨਾਬਰਾਬਰੀ ਦੇ ਖਾਤਮੇ ਲਈ ਲਈ ਪ੍ਰੇਰਨਾ ਸ੍ਰੋਤ ਮੰਨਦੇ ਹਨ। ਕੁਲ ਦੁਨੀਆ ਵਿੱਚ ਦਸਤਾਰ ਨੇ ਸਰਦਾਰਾ ਨੂੰ ਨੇਕ ਦਿਲ ,ਜੁਲਮ ਖਿਲਾਫ ਠਟਣ ਤੇ ਮੱਦਦਗਾਰ ਹੋਣ ਵਾਲੀ ਕੌਮ ਦੀ ਪਹਿਚਾਣ ਦਿੱਤੀ। ਇਹ ਆਮ ਧਾਰਨਾ ਹੈ ਕਿ ਵਿਦੇਸ਼ਾ ਜਾ ਭਾਰਤ ਵਿੱਚ ਬਸ ਜਾ ਕੈਬ ਸਫਰ ਅਤੇ ਭੀੜ ਵਾਲੇ ਥਾਵੇ ਤੇ ਔਰਤਾ ਸਰਦਾਰ ਵਿਆਕਤੀ ਦੇ ਹੁੰਦਿਆ ਸੁਰੱਖਿਅਤ ਸਮਝਦੀਆ ਹਨ। ਜੋ ਬਿਨ ਬੋਲੇ ਹੀ ਫਖਰ ਤੇ ਰਖਵਾਲੇ ਹੋਣ ਦੀ ਗਵਾਹੀ ਹੈ।

**ਪੱਗ ਜਾਨ ਤੋ ਸਾਨੂੰ ਪਿਆਰੀ ਏ**
**ਸਿਰ ਸਜ ਗਈ ਤਾ ਜਿਮੇਵਾਰੀ ਭਾਰੀ ਏ**

ਰਾਜਨੀਤੀ ਵਿੱਚ ਦਸਤਾਰ ਦਾ ਬਾਕਮਾਲ ਰੂਪ ਹੈ। ਵਿਸਵਾਸ ,ਦ੍ਰਿੜਤਾ , ਸੁੱਚਤਾ ਤੇ ਨਿਰਵੈਰ ਦੇ ਗੁਣਾ ਕਾਰਨ ਕੁੱਝ ਪਗੜੀਧਾਰੀ ਸਿਆਸੀ ਲੀਡਰ ਉਪਰ ਲੋਕ ਜਲਦੀ ਵਿਸਵਾਸ ਕਰ ਲੈਦੇ ਹਨ। ਬਦਲੇ ਦੌਰ ਵਿੱਚ ਪਾਰਟੀਆ ਨੇ ਆਪਣਾ ਸੰਵਿਧਾਨ ਤੇ ਝੰਡਾ ਵਾਂਗ ਪੱਗਾ ਦੇ ਰੰਗ ਵੀ ਤੈਅ ਕਰ ਲਏ ਜਿਵੇ ਕਾਗਰਸ਼ੀ ਚਿੱਟੀ,ਆਕਾਲੀ ਨੀਲੀ,ਕਾਮਰੇਡ ਲਾਲ,ਆਪ ਬਸੰਤੀ ਤੇ ਕਿਸਾਨ ਜਥੇਬੰਦੀਆ ਹਰੇ ਰੰਗ ਨੂੰ ਪਹਿਲ ਦਿੰਦੀਆ ਹਨ। ਪੰਜਾਬ ਦੇ ਸਿਆਸ਼ੀ ਗਲਿਆਰਿਆ ਵੀ ਵਿੱਚ ਮਸਹੂਰ ਹੈ। ਕਿ ਪੰਜਾਬ ਵਿੱਚ ਰਾਜਨੀਤਿਕ ਪਾਰਟੀ ਬਦਲਣਾ ਕੋਈ ਅਸਮਾਨੋ ਤਾਰੇ ਤੋੜਨਾ ਨਹੀ , ਬੱਸ ਪੱਗ ਦਾ ਰੰਗ ਹੀ ਬਦਲਣਾ ਹੈ।

ਬਹੁਭਾਤੀ ਸੱਭਿਆਚਾਰ ਨੂੰ ਹੋਰ ਰੰਗੀਲਾ ਬਣਾਉਣ ਲਈ ਵੀ ਪੱਗਾ ਦੇ ਰੰਗਾ ਨੇ ਕੋਈ ਕਸ਼ਰ ਨਹੀ ਛੱਡੀ। ਜਿਵੇ ਭੰਗੜਾ ਗੂੜੇ ਰੰਗ ਦੀਆ ਜੈਕਟਾ ਨਾਲ ਮੇਲ ਖਾਦੀਆ ਟੇਡੀਆ ਸਮਲੇ ਤੇ ਫਰਲੇ ਵਾਲੀਆ ਪੱਗਾ ਤੋ ਬਿਨਾ ਨਹੀ ਸੋਭਦਾ। ਉਸੇ ਤਰਾ ਪੁਰਾਣੇ ਸਮੇ ਦੌਰਾਨ ਮੰਗਣੇ ਵਾਲੇ ਦਿਨ ਗੁਲਾਬੀ ਤੇ ਵਿਆਹ ਨੂੰ ਉਨਾਭੀ ਰੰਗ ਨੂੰ ਹੀ ਸੁਭ ਮੰਨਿਆ ਜਾਦਾ ਸੀ। ਨਵੇ ਜਮਾਨੇ ਦੇ ਫੈਂਸਨ ਵਿੱਚ ਪੱਗ ਨਾਲ ਸਰਟ ਜਾ ਟਾਈ ਦਾ ਮੇਲ (ਮੈਚਿੰਗ) ਪੂਰੀ ਦੁਨੀਆ ਵਿੱਚ ਮਸਹੂਰ ਹੈ। ਵਿਆਹ ਸਾਦੀ ਵਿੱਚ ਨਵੇ ਜੋੜੇ ਸਮੇਤ ਬਾਕੀ ਜੋੜਿਆ ਦੀਆ ਚੁੰਨੀਆ, ਸੂਟ ਤੇ ਲਹਿੰਗੇ ਵੀ ਪੱਗ ਨਾਲ ਮੇਲ ਖਾਦੇ ਆਮ ਹੀ ਦਿਖ ਜਾਦੇ ਹਨ।

**ਚੁੰਨੀ ਰੰਗਦੇ ਲਲਾਰੀਆ ਮੇਰੀ**
**ਵੇ ਸੱਜਣਾ ਦੀ ਪੱਗ ਨਾਲ ਦੀ**

ਖੁਸੀ ਸਮੇ ਗੂੜੇ ਤੇ ਗਮੀ ਸਮੇ ਫਿੱਕਾ ਰੰਗਾ ਦੀ ਰੀਤ ਅੱਜ ਵੀ ਨਿਰਵਿਘਨ ਪੁਗਾਈ ਜਾਦੀ ਹੈ। ਉਮਰੇ ਦੇ ਪੜਾਵਾ ਨਾਲ ਇਹ ਦਸਤਾਰਾ ਦੇ ਰੰਗ ਕੁਦਰਤੀ ਬਦਲ ਜਾਦੇ ਜਿਵੇ ਜਵਾਨੀ ਪਹਿਰੇ ਗੂੜੀਆ ਢਲਦੀ ਉਮਰੇ ਵਿਚ ਸਫੈਦ ,ਮੋਤੀਆ ਜਾ ਫਿੱਕੇ ਰੰਗ ਹੀ ਸੋਭਦੇ ਹਨ। ਪਹਿਲ਼ਾ ਮਾਵੇ ਵਾਲੀਆ ਨੋਕਦਾਰ ,ਪੋਚਵੀ ਤੇ ਪਟਿਆਲਾ ਸਾਹੀ ਪੱਗਾ ਦਾ ਦੌਰ ਰਿਹਾ। ਹੁਣ ਪਰਤ ਕੇ ਪੁਰਾਣੇ ਸਮੇ ਦੀ ਵਟਾ ਵਾਲੀ ਦਸਤਾਰ ਨੂੰ ਨੌਜਵਾਨ ਤਰਜੀਹ ਦਿੰਦੇ ਹਨ। ਉਂਜ ਵੀ ਪੱਗ ਦੇ ਅਕਾਰ ਜਾ ਅੰਦਾਜ ਕੋਈ ਨਿਸਚਤ ਨਹੀ ਸਭ ਦਾ ਆਪਣਾ ਹੀ ਉਤਮ ਤੇ ਮਨਭਾਉਦਾ ਸਟਾਇਲ ਹੁੰਦਾ ਹੈ। ਦਸਤਾਰ ਚੜਦੀ ਕਲਾ ਦੀ ਨਿਸਾਨੀ ਹੈ ਸੋ ਹਮੇਸਾ ਸਾਫ ਸੁਥਰੀ ਰੱਖਣਾ ਤੇ ਰੋਜ ਸਜਾਉਣਾ ਜਰੂਰੀ। ਪਰ ਪਹਿਲਾ ਸਜਾਈ ਪੱਗ ਨੂੰ ਟੋਪੀ ਵਾਗ ਸਿਰ ਉਪਰ ਪਾਉਣ ਤੋ ਗੁਰੇਜ ਕਰਨਾ ਚਾਹੀਦਾ ਹੈ।

ਭਾਰਤੀ ਫੌਜ ਵਿੱਚ ਸਿੱਖਾ ਦੇ ਨਿਡਰ ਜਜਬੇ ਤੇ ਧਾਰਮਿਕ ਸਰਧਾ ਦਾ ਮਾਣ ਸਤਿਕਾਰ ਕਰਦਿਆ ਸਰਕਾਰ ਨੇ ਵੱਖਰੀ ਰੈਜੀਮੈਂਟ ਸਥਾਪਤ ਕੀਤੀ ਹੋਈ ਹੈ। ਜਿਸ ਵਿੱਚ ਜਵਾਨ ਧਾਰਮਿਕ ਮਰਿਆਦਾ ਵਿਚ ਰਿਹ ਕੇ ਦੇਸ ਦਾ ਰਖਵਾਲੀ ਕਰਦੇ ਹਨ। ਅੱਜ ਵੀ ਕਈ ਚੇਲੇ ਗੁਰੂ ਧਾਰਨ ਸਮੇ ਪੱਗ ਭੇਟ ਕਰਕੇ ਸਗਿਰਦੀ ਹਾਸਿਲ ਕਰਦੇ ਹਨ। ਪੁਰਾਣੇ ਸਮੇ ਵਿੱਚ ਇਹ ਮਾਨ -ਤਾਣ ਜਿਆਦਾਤਰ ਗਇਕੀ ਤੇ ਪਹਿਲਵਾਨੀ ਅਖਾੜੇ ਦੀ ਪ੍ਰਚਿੱਲਤ ਰਵਾਇਤ ਸੀ। ਕੁਝ ਵਿਰਲੇ ਹੀ ਇਕੱਠੇ ਪੜਾਈ ਜਾ ਕੰਮ ਕਰਦੇ ਮਿੱਤਰ ਆਪਣੀ ਦੋਸਤੀ ਨੂੰ ਉਮਰਾ ਦੀ ਸਾਂਝ ਵਿੱਚ ਬਦਲਦਿਆ ਦਸਤਾਰਾ ਵਟਾ ਭਰਾਵਾ ਦੇ ਰਿਸਤੇ ਬਣਾਉਦੇ ਹਨ। ਇਹ ਪੱਗ ਵੱਟ ਭਰਾ ਹਰ ਖੁਸੀ ਗਮੀ ਨੂੰ ਖਿੜੇ ਮੱਥੇ ਸਿੰਝਦਿਆ ਦਸਤਾਰ ਦਾ ਰੁਤਬਾ ਕਾਇਮ ਰੱਖਦੇ ਹਨ। ਜੋ ਰਿਸਤਿਆ ਦੀ ਅਟੁੱਟ ਸਾਝ ਦਾ ਪ੍ਰਗਟਾਵਾ ਕਰਦੀ ਹੈ। ਇਥੋ ਤੱਕ ਗੁਰਬਾਣੀ ਵਿੱਚ ਵੀ ਦਸਤਾਰ ਦੀ ਉਸਤਤ ਕਰਦੇ ਹੋਏ ਇਕ ਸੱਚਾ ਦਸਤਾਰਧਾਰੀ ਸਿੱਖ ਨੂੰ ਹਮੇਸਾ ਨਿਮਰ , ਸਾਦਾ ਤੇ ਮਿੱਠੀ ਬੋ ਲੀ ਦਾ ਧਾਰਨੀ ਦੱਸ ਕੇ ਉਸਤਤ ਕੀਤੀ ਹੈ।

**ਖੂਭ ਤੇਰੀ ਪਗਰੀ ਮੀਠੇ ਤੇਰੇ ਬੋਲ**
**ਦੁਵਾਰਕਾ ਨਗਰੀ ਕਾਹੇ ਕੇ ਮਗੋਲ**

ਬਚਪਨ ਤੋ ਲੈ ਕੇ ਮਰਨ ਤੱਕ ਪੱਗ ਨਾਲ ਰਹਿਦੀ ਹੈ। ਘਰ ਵਿੱਚ ਬਜੁਰਗ ਦੀ ਮੌਤ ਤੋ ਬਾਅਦ ਵੱਡੇ ਪੁੱਤਰ ਨੂੰ ਪੱਗ ਦੇ ਕੇ ਅੱਗੇ ਕਬੀਲਦਾਰੀ ਸੰਭਾਲਨ ਜੁੰਮਾ ਦਿੰਦੇ ਹਨ। ਘਰੇਲੂ ਸਮਾਗਮਾ ਅਤੇ ਸੱਭਿਆਚਾਰ ਮੇਲਿਆ ਵਿੱਚ ਇਸ ਨਾਲ ਕੀਤਾ ਸਨਮਾਨ ਵੱਡਾ ਮੰਨਿਆ ਜਾਦਾ ਹੈ। ਪੰਜਾਬੀਆ ਦੇ ਸਭ ਰੰਗਾ ਵਿੱਚ ਰੰਗੀ ਦਸਤਾਰ ਨੂੰ ਚੜਦੀ ਕਲਾ ਵਿੱਚ ਰੱਖਣ ਲਈ ਲੱਖਾ ਕੁਰਬਾਨੀਆ ਝੱਲੀਆ ਤੇ ਝੱਲ ਰਹੇ ਪਰ ਹਮੇਸਾ ਜੇਤੂ ਬਣ ਕੇ ਨਿੱਤਰੇ। ਆਓ ਇਸ਼ਦੀ ਸਾਨ ਦਾ ਘੇਰਾ ਬਰਕਰਾਰ ਅਤੇ ਵਿਸਾਲ ਕਰਦੇ ਹੋਏ ਦੁਨੀਆ ਦੇ ਨਿਰਆਧਾਰ ਭਰਮ-ਭਲੇਖੇ ਦੂਰ ਕਰੀਏ। ਗੁਰਾ ਵਲੋ ਬਖਸੇ ਸੱਚੇ ਦਸਤਾਰਧਾਰੀ ਦੇ ਨਿਸਚੇ ,ਤਿਆਗ ,ਨਿਡਰਤਾ , ਨਿਰਵੈਰ ਤੇ ਸਰਬੱਤ ਦੇ ਭਲੇ ਵਾਲੇ ਗੁਣਾ ਦਾ ਸਨੇਹਾ ਵੰਡੀਏ ਤਾ ਜੋ ਇਹ ਰੱਬੀ ਦਾਤ ਹਮੇਸਾ ਚੜਦੀ ਕਲਾ ਵਿੱਚ ਰਹੇ।



ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
Adv.dhaliwal@gmail.com
78374-90309



# ਅਨੈਤਿਕਤਾ ਦੇ ਹੜ੍ਹ ਅੱਗੇ ਖੁਰਦਾ ਲੋਕਤੰਤਰ




ਹਰਕੀਰਤ ਕੌਰ ਸਭਰਾ
9779118066

ਅਜ਼ਾਦੀ ਤੋਂ ਬਾਅਦ ਅਸੀਂ ਲੋਕਤੰਤਰ ਨੂੰ ਚੁਣਿਆ ਪਰ ਅਨੈਤਿਕ ਕਦਰਾਂ ਕੀਮਤਾਂ ਦੀ ਹਨੇਰੀ ਚੱਲਣੀ ਸ਼ੁਰੂ ਹੋਈ ਕਿ ਫਿਰਕੂ ਤਾਕਤਾਂ ਨੇ ਫਿਰ ਤੋਂ ਜੋ ?ਰ ਫੜਨਾ ਸੁਰੂ ਕਰ ਦਿੱਤਾ। ਭਾਰਤ ਦੀ ਵੰਡ ਕਿਉਂਕਿ ਫਿਰਕੂ ਅਧਾਰ ਤੇ ਹੋਈ ਇਸ ਲਈ ਗੁੜਤੀ ਵੱਜੋਂ ਹੀ ਜਾਤ, ਧਰਮ, ਨਸਲ ਦੇ ਵਿਤਕਰੇ ਸਾਡੀ ਅਜਾਦੀ ਦੀ ਝੋਲੀ ਵਿੱਚ ਪੈ ਗਏ। ਸਾਡੇ ਪੁਰਖਿਆਂ ਨੇ ਆਦਰਸ਼ ਤਾਂ ਸਮਾਜਵਾਦ ਦਾ ਰੱਖਿਆ ਸੀ ਪਰ ਸਮਾਜਵਾਦ ਵਿੱਚ ਪੂੰਜੀਪਤੀਆਂ ਅਤੇ ਭ੍ਰਿਸ਼ਟ ਨੇਤਾਵਾਂ ਦੀ ਤੂਤੀ ਬੋਲਣ ਲੱਗ ਪਈ ਅਤੇ ਸਾਰੇ ਅਹਿਮ ਫੈਸਲੇ ਤੇ ਵਿਕਾਸ ਕਾਰਜ ਉਹਨਾਂ ਦੇ ਰਹਿਮ ਤੇ ਹੋਣੇ ਸ਼ੁਰੂ ਹੋ ਗਏ। ਭਾਈ ਭਤੀਜਾਵਾਦ, ਰਿਸ਼ਵਤ ਵਿੱਚ ਕਈ ਤਰ੍ਹਾਂ ਦੇ ਘਪਲੇ ਤੇ ਕਾਲੇ ਧਨ ਦੀ ਬੇਰੋਕ ਨਦੀ ਸਾਰੇ ਬੰਨ ਤੇ ਕੰਡੇ ਤੋੜ ਕੇ ਹੜ੍ਹ ਦੇ ਰੂਪ ਵਿੱਚ ਵਹਿਣੀ ਸ਼ੁਰੂ ਹੋ ਗਈ। ਜਿਸ ਨਾਲ ਸਾਡੀ ਸੱਮੁਚੀ ਅਜਾਦੀ ਖੁਰਨ ਦਾ ਸੰਸਾ ਪੈਦਾ ਹੋ ਗਿਆ। ਅਨੈਤਿਕਤਾ ਦਾ ਇਹ ਤੇਜ ਵਹਾਅ ਸਾਡੇ ਕੋਲੋਂ ਰੋਕਿਆ ਨਹੀਂ ਜਾ ਰਿਹਾ। ਰੋਜ ਅਨੈਤਿਕਤਾ ਦੀਆਂ ਲਹਿਰਾਂ ਸਾਡੇ ਰੇਤ ਕੱਚੀ ਮਿੱਟੀ ਦੇ ਬਣੇ ਪੁੱਲ ਤੋੜ ਰਹੀਆਂ ਨੇ। ਸਾਡੇ ਵਿਕਾਸ ਤੇ ਲਾਇਆ ਜਾਣ ਵਾਲਾ ਪੈਸਾ ਸਰਮਾਏਦਾਰਾਂ ਅਤੇ ਸਿਆਸਤਦਾਨਾਂ ਦੀ ਜੇਬ ਵਿੱਚ ਜਾ ਰਿਹਾ ਹੈ। ਅਨੈਤਿਕਤਾ ਦੇ ਹੜਾਂ ਦੀ ਤੇਜੀ ਸਾਡੇ ਦੇਸ਼ ਦੀ ਆਜ਼ਾਦੀ ਨੂੰ ਸੰਕਟ ਵਿੱਚ ਪਾਉਦੀ ਹੋਈ ਸਾਡੇ ਸਾਰੇ ਸਦਾਚਾਰਕ ਅਸੂਲਾਂ ਨੂੰ ਖਤਮ ਕਰ ਰਹੀ ਹੈ। ਅਨੇਕਤਾ ਵਿੱਚ ਏਕਤਾ ਸਾਡੇ ਲੋਕਤੰਤਰ ਦਾ ਅਤੇ ਅਜਾਦੀ ਨੂੰ ਸਾਰੇ ਦੇਸ਼ ਵਿੱਚ ਸਥਿਰ ਰੱਖਣ ਦਾ ਸੁਨਿਹਰੀ ਅਸੂਲ ਹੈ। ਪਰ ਇਸ ਨੂੰ ਛਿੱਕੇ ਤੇ ਟੰਗ ਕੇ ਆਪਸ ਵਿਚਲੀ ਹਿੰਸਾ ਤੇ ਨਫ਼ਰਤ ਦੀਆਂ ਚੰਗਿਆੜੀਆਂ ਬਲਣ ਲੱਗ ਗਈਆਂ ਹਨ। ਭਾਰਤ ਦੇ ਹਰ ਰਾਜ ਦੇ ਨਾਗਰਿਕ ਨੂੰ ਹੱਕ ਹੈ ਕਿ ਉਹ ਆਪਣੇ ਬਣਦੇ ਹੱਕਾਂ ਲਈ ਅਵਾਜ਼ ਉਠਾਏ । ਪਰ ਮੌਜੂਦਾ ਹਾਲਤਾਂ ਵੱਲ ਨਜ਼ਰ ਮਾਰੀਏ ਤਾਂ ਬੀਤੇ ਦਿਨੀਂ ਭਾਰਤ ਵਿੱਚ ਖਾਸ ਕਰ ਪੰਜਾਬ ਅਤੇ ਬਿਹਾਰ ਦੇ ਕਿਸਾਨਾਂ ਜੋ ਆਰਡੀਨੈਂਸ ਦੀ ਵਿਰੋਧ ਕਰ ਰਹੇ ਸਨ, ਕੇਂਦਰ ਸਰਕਾਰ ਦੇ ਗੁੰਡਿਆਂ ਵੱਲੋਂ ਉਹਨਾਂ ਉੱਪਰ ਰੱਜਕੇ ਲਾਠੀਆਂ ਵਰਾਈਆਂ ਗਈਆਂ। ਕੀ ਕਿਸਾਨਾਂ ਨਾਲ ਹੋ ਰਹੀਆਂ ਇਹ ਜਿਆਦਤੀਆਂ ਲੋਕਤੰਤਰਿਕ ਰਵਾਇਤਾਂ ਤੋ ਉਲਟ ਅਨੈਤਿਕਤਾ ਦੇ ਵਹਾਅ ਵਿੱਚ ਵਹਿ ਜਾਣਾ ਨਹੀਂ। ਪੰਜਾਬ ਜਿਸ ਨੇ ਭਾਰਤ ਦੀ ਆਜ਼ਾਦੀ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ, ਉਸ ਦੀ ਬਦਕਿਸਮਤੀ ਇਹ ਹੈ ਕਿ ਰਾਜਨੀਤਕ ਪਾਰਟੀਆਂ ਦੀ ਅਨੈਤਿਕਤਾ ਕਾਰਨ ਪੰਜਾਬ ਦੂਜੇ ਰਾਜਾਂ ਨਾਲੋਂ ਕਈ ਖੇਤਰਾਂ ਵਿੱਚ ਪਛੜ ਰਿਹਾ ਹੈ। ਇਸ ਗੱਲ ਦਾ ਇਤਹਾਸ ਗਵਾਹੀ ਭਰਦਾ ਹੈ ਕਿ ਜੋ ਵੀ ਰਾਜ ਉਭਰਦੇ ਹਨ ਉਹ ਡਿੱਗਦੇ ਵੀ ਹਨ। ਜੋ ਰਾਜ ਭਾਗਾ ਵਾਲੇ ਹੁੰਦੇ ਹਨ ਉਹ ਕਦੇ ਗੁਲਾਮ ਵੀ ਹੋ ਜਾਂਦੇ ਹਨ।ਮੈਨੂੰ ਲੱਗਦਾ ਹੈ ਕਿ ਜਿੰਨਾ ਵਿਤਕਰਾ ਕੇਂਦਰ ਸਰਕਾਰਾਂ ਜਨਤਾ ਨਾਲ ਕਰ ਰਹੀਆਂ ਹਨ, ਇਸ ਗੱਲ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਸਮਾਂ ਇਹਨਾਂ ਦਾ ਵੀ ਕੁਝ ਖਾਸ ਨਹੀਂ ਬਚਿਆਂ। ਮੈਂ ਇਹ ਦੇਖ ਕੇ ਹੈਰਾਨ ਸੀ ਕਿ ਸਾਡੇ ਦੇਸ਼ ਦੇ ਨੇਤਾਵਾਂ ਨੇ ਤਾਂ ਲੋਕਤੰਤਰ ਦਾ ਇੱਕ ਵੱਖਰਾ ਹੀ ਰੂਪ ਦਿਖਾਇਆ ਜੋ ਲੋਕਤੰਤਰ ਘੱਟ ਤੇ ਤਾਨਾਸ਼ਾਹੀ ਰਾਜ ਜਿਆਦਾ ਪ੍ਰਤੀਤ ਹੁੰਦਾ ਹੈ ।ਅਸਲ ਵਿੱਚ ਲੋਕਤੰਤਰ ਦਾ ਅਰਥ ਲੋਕਾਂ ਲਈ ਲੋਕਾਂ ਦੁਆਰਾ ਚੁਣਿਆ ਹੋਇਆ ਰਾਜ ਹੁੰਦਾ ਹੈ। ਪਰ ਹੈਰਾਨਗੀ ਇਸ ਗੱਲ ਦੀ ਹੈ ਕਿ ਸਾਡੀਆਂ ਵੋਟਾਂ ਨਾਲ ਬਣੇ ਤੇ ਆਪਣੇ ਆਪ ਨੂੰ ਲੋਕਾਂ ਦੇ ਸੇਵਕ ਅਖਵਾਉਣ ਵਾਲੇ ਨੇਤਾ ਤਾਨਾਸ਼ਾਹ ਰਾਜੇ ਵਾਲਾ ਰੂਪ ਕਦੋਂ ਅਖ਼ਤਿਆਰ ਕਰ ਲੈਂਦੇ ਹਨ ਕੁਝ ਪਤਾ ਹੀ ਨਹੀਂ ਚੱਲਦਾ। ਜੋ ਮੌਜੂਦਾ ਸਮੇਂ ਵਿੱਚ ਨੈਤਿਕਤਾ ਨੂੰ ਛੱਡ ਸਾਡੀ ਕੇਂਦਰ ਸਰਕਾਰ ਨੇ ਅਨੈਤਿਕਤਾ ਦਾ ਰਸਤਾ ਚੁਣਿਆ ਹੈ, ਆਉਣ ਵਾਲੇ ਸਮੇਂ ਵਿੱਚ ਦੇਸ਼,ਦਿੱਲੀ ,ਤੇ ਰਾਜਸੀ ਪਾਰਟੀਆਂ ਨੂੰ ਇਸਦਾ ਚੋਖਾ ਭੁਗਤਾਨ ਕਰਨਾ ਪਵੇਗਾ। ਦੇਸ਼ ਦਾ ਅੰਨਦਾਤਾ ਸੜਕਾਂ ਤੇ ਹੱਕਾਂ ਲਈ ਵਿਲਕ ਰਿਹਾ ਹੈ ਤੇ ਅੱਛੇ ਦਿਨ ਲੈ ਕੇ ਆਉਣ ਦਾ ਦਾਅਵਾ ਕਰਨ ਵਾਲੇ ਕਿਸੇ ਸਨਕੀ ਰਾਜੇ ਵਾਂਗ ਇਸ ਸਾਰੇ ਦ੍ਰਿਸ਼ ਦਾ ਅਨੰਦ ਲੈ ਰਹੇ ਹਨ। ਮੈਂ ਇਸ ਗੱਲ ਨੂੰ ਕਹਿਣ ਵਿੱਚ ਗੁਰੇਜ਼ ਨਹੀਂ ਕਰਾਂਗੀ ਕਿ ਬੜੀਆਂ ਮੁਸ਼ਕਿਲਾਂ ਨਾਲ ਅਸੀਂ ਪੰਜਾਬੀਆਂ ਨੇ ਦੇਸ਼ ਨੂੰ ਆਜ਼ਾਦੀ ਦਵਾਈ ਹੈ, ਪਰ ਜਦੋਂ ਪੰਜਾਬੀਆਂ ਨੂੰ ਹੀ ਆਪਣੇ ਹੱਕਾਂ ਲਈ ਡਾਂਗਾ ਖਾਦੇਂ ਹੋਏ ਦੇਖਦੀ ਹਾਂ ਤਾਂ ਮੈਨੂੰ ਇਸ ਦੇਸ਼ ਦੀ ਆਜ਼ਾਦੀ, ਆਜ਼ਾਦੀ ਘੱਟ ਅਤੇ ਗੁਲਾਮੀ ਵਧੇਰੇ ਪ੍ਰਤੀਤ ਹੁੰਦੀ ਹੈ। ਆਜ਼ਾਦ ਹੋ ਕੇ ਜੇਕਰ ਅਸੀਂ ਲੋਕਤੰਤਰ ਨੂੰ ਅਪਣਾਇਆ ਹੈ ਤਾਂ ਸਾਨੂੰ ਮਾਨਵੀ ਕਦਰਾਂ ਕੀਮਤਾਂ ਵਿਕਸਿਤ ਕਰਨੀਆਂ ਹੋਣਗੀਆਂ। ਜੇ ਭਾਰਤ ਵਿੱਚ ਅਨੈਤਿਕਤਾ ਦੇ ਹੜ੍ਹ ਨੇ ਸਾਡੀ ਆਜ਼ਾਦੀ ਨੂੰ ਖੋਰਨ ਦਾ ਯਤਨ ਕੀਤਾ ਤਾਂ ਸਮੁੱਚੇ ਤੌਰ ਤੇ ਇਸ ਨੂੰ ਬਚਾਉਣ ਲਈ ਇਮਾਨਦਾਰੀ, ਮਾਨਵਵਾਦੀ ਤੇ ਏਕਤਾ ਨੂੰ ਬੰਨ੍ਹ ਬਣਾ ਕੇ ਇਸ ਹੜ੍ਹ ਨੂੰ ਰੋਕ ਸਕਦੇ ਹਾਂ

# ਪੰਜਾਬੀ ਪਾਠਕ ਦੇ ਤੁਰ ਜਾਣ 'ਤੇ ..





ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ 95691-49556

ਅਕਸਰ ਹੀ ਪੰਜਾਬੀ ਸਾਹਿਤ ਦੇ ਕਿਸੇ ਚੰਗੇ ਲੇਖਕ ਦੇ ਤੁਰ ਜਾਣ ਨਾਲ ਪੰਜਾਬੀ ਸਾਹਿਤ ਜਗਤ ਨੂੰ ਵੱਡਾ ਘਾਟਾ ਪੈ ਗਿਆ ਮਹਿਸੂਸ ਕੀਤਾ ਜਾਂਦਾ ਹੈ ਪ੍ਰੰਤੂ ਕਿਸੇ ਪਾਠਕ ਦੇ ਤੁਰ ਜਾਣ ਨਾਲ ਜੋ ਘਾਟਾ ਸਾਹਿਤ ਜਗਤ ਨੂੰ ਪੈਂਦਾ ਹੈ ਉਹ ਸ਼ਾਇਦ ਹਾਲੇ ਤੱਕ ਕਿਸੇ ਨੇ ਮਹਿਸੂਸ ਨਹੀਂ ਕੀਤਾ। ਅਸੀਂ ਪੰਜਾਬੀ ਲੇਖਕਾਂ ਦੇ ਦਰਜੇ ਵੀ ਬਣਾ ਲਏ ਨੇ ਪ੍ਰੰਤੂ ਪਾਠਕਾਂ ਨੂੰ ਅੱਜ ਤੱਕ ਕਿਸੇ ਨੇ ਕਿਸੇ ਦਰਜੇ ਵਿੱਚ ਨਹੀਂ ਰੱਖਿਆ। ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਵਿੱਚ ਜਿੰਨਾ ਯੋਗਦਾਨ ਲੇਖਕਾਂ ਦਾ ਹੈ ਉਸ ਤੋਂ ਕਿਤੇ ਵੱਧ ਪਾਠਕਾਂ ਦਾ ਹੁੰਦਾ ਹੈ। ਇੱਕ ਪਾਠਕ ਨੂੰ ਪੜ੍ਹਦਿਆਂ ਵੇਖਕੇ ਹੀ ਹੋਰਨਾ ਦੇ ਮਨਾਂ ਵਿੱਚ ਪੜ੍ਹਨ ਦੀ ਜਗਿਆਸਾ ਪੈਦਾ ਹੁੰਦੀ ਹੈ।

ਮੇਰੇ ਗੁਆਂਢ ਵੱਸਦਾ ਬਾਬਾ ਚਰਨ ਸਿੰਘ ਪੰਜਾਬੀ ਦੇ ਉੱਤਮ ਦਰਜੇ ਦਾ ਪਾਠਕ ਸੀ। ਪੰਜਾਬੀ ਸਾਹਿਤ ਨੂੰ ਪੜ੍ਹਨਾ ਮਾਨੋ ਉਹਦਾ ਨਿੱਤਨੇਮ ਹੀ ਸੀ। ਸਾਰੇ ਪਿੰਡ ਵਿੱਚ ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇ ਜਿਸ ਨੇ ਉਹਦੇ ਜਿੰਨੀਆਂ ਕਿਤਾਬਾਂ ਪੜ੍ਹੀਆਂ ਹੋਣ। ਦਿਨ ਚੜ੍ਹਦਿਆਂ ਹੀ ਉਹ ਸਾਡੇ ਬੂਹੇ 'ਤੇ ਦਸਤਕ ਦਿੰਦਾ। ਉਹਦੇ ਲਈ ਪਹਿਲਾਂ ਹੀ ਕੁਰਸੀ ਡਾਹ ਕੇ ਉਸ 'ਤੇ ਅਖ਼ਬਾਰ ਰੱਖਿਆ ਹੁੰਦਾ ਤੇ ਉਹ ਚੁੱਪ-ਚਾਪ ਆਣ ਅਖ਼ਬਾਰ ਚੁੱਕ ਪੜ੍ਹਨ ਲੱਗ ਜਾਂਦਾ। ਪੰਜਾਬੀ ਟ੍ਰਿਬਿਊਨ ਦੇ ਨਜ਼ਰੀਆ ਤੇ ਹਫ਼ਤਾਵਾਰੀ ਪੰਨੇ ਨੂੰ ਉਹ ਪੰਜਾਬੀ ਟ੍ਰਿਬਿਊਨ ਦਾ ਦਿਲ ਆਖਦਾ। ਉਹਦਾ ਮੰਨਣਾ ਸੀ ਜਿਹੜਾ ਬੰਦਾ ਪੰਜਾਬੀ ਟ੍ਰਿਬਿਊਨ ਦਾ ਛੀਵਾ ਤੇ ਸੱਤਵਾਂ ਪੰਨਾ ਨਹੀਂ ਪੜ੍ਹਦਾ ਉਹ ਬਹੁਤ ਕੁਝ ਪੜ੍ਹਨ ਤੋਂ ਵਾਂਝਾ ਰਹਿ ਜਾਂਦਾ ਏ। ਪੰਜਾਬੀ ਟ੍ਰਿਬਿਊਨ ਦੇ ਇੰਟਰਨੈੱਟ ਐਡੀਸ਼ਨ ਬਾਰੇ ਉਹ ਚਿੰਤਤ ਹੋ ਕੇ ਮੈਨੂੰ ਪੁੱਛਦਾ, ਹਰਵਿੰਦਰ, ਹੁਣ ਇਹ ਐਤਵਾਰ ਨੂੰ ਕਹਾਣੀਆਂ ਵਾਲਾ ਪੰਨਾ ਕਿਉਂ ਨਹੀਂ ਛਾਪਦੇ ?

ਬਾਬਾ ਕੋਰੋਨਾ ਕਰਕੇ ਉਨ੍ਹਾਂ ਨੂੰ ਓਨੀ ਮਾਤਰਾ ਵਿੱਚ ਪੇਪਰ ਉਪਲੱਬਧ ਨਹੀਂ ਹੁੰਦਾ, ਤਾਂ ਕਰਕੇ 'ਨੀਂ ਛਾਪਦੇ। ਮੇਰਾ ਜੁਆਬ ਸੁਣਕੇ ਉਹਦੇ ਮੁੱਖ 'ਤੇ ਹੋਰ ਉਦਾਸੀ ਛਾ ਜਾਂਦੀ ਤੇ ਉਹ ਕੋਰੋਨਾ ਮਹਾਮਾਰੀ ਦੇ ਖ਼ਾਤਮੇ ਬਾਰੇ ਅੰਦਾਜ਼ੇ ਲਾਉਣ ਲੱਗ ਜਾਂਦਾ।

ਮੇਰੇ ਵੱਲੋਂ ਚਲਾਈ ਜਾ ਰਹੀ 'ਕਵੀਸ਼ਰ ਮੋਹਨ ਸਿੰਘ ਰੋਡੇ ਯਾਦਗਾਰ ਲਾਇਬ੍ਰੇਰੀ' ਵਿਚੋਂ ਸਭ ਤੋਂ ਵੱਧ ਕਿਤਾਬਾਂ ਪੜ੍ਹਨ ਵਾਲੇ ਪਾਠਕ ਦਾ ਸਿਹਰਾ ਵੀ ਬਾਬਾ ਚਰਨ ਸਿੰਘ ਨੂੰ ਜਾਂਦਾ ਹੈ। ਉਹਨੇ ਇੱਕ ਕਿਤਾਬ ਲੈ ਜਾਣੀ ਤੇ ਤੀਜੇ ਚੌਥੇ ਦਿਨ ਉਹ ਮੋੜ ਕੇ ਹੋਰ, ਫਿਰ ਹੋਰ। ਇਉਂ ਲਾਇਬ੍ਰੇਰੀ ਦੇ ਰਜਿਸਟਰ ਦੇ ਸਭ ਤੋਂ ਵੱਧ ਪੰਨੇ ਉਹਦੇ ਨਾਂਅ ਨਾਲ ਹੀ ਭਰੇ ਹੋਏ ਨੇ। ਉਹਦੀ ਪੜ੍ਹਨ ਦੀ ਲਗਨ ਨੂੰ ਵੇਖ ਮੇਰੇ ਮਨ ਵਿੱਚ ਕਈ ਪ੍ਰਸ਼ਨ ਉੱਠਦੇ। ਕਈ ਵਾਰ ਮੈਂ ਆਪਣੇ ਪ੍ਰਸ਼ਨਾਂ ਦਾ ਬੱਧਾ ਉਹਨੂੰ ਪੁੱਛਦਾ, ਬਾਬਾ ਤੂੰ ਪੜ੍ਹਦਾ ਤਾਂ ਏਨਾ ਏਂ, ਕਦੇ ਕੁਝ ਲਿਖਣ ਦਾ ਖਿਆਲ ਨਹੀਂ ਆਇਆ ਮਨ ਵਿੱਚ ?

ਹਾ ਹਾ ਲਿਖਣ ਵਾਲੇ ਅੱਗੇ ਥੋੜ੍ਹੇ ਨੇ ਯਾਰ ! ਅੱਜਕੱਲ੍ਹ ਤਾਂ ਪੜ੍ਹਨ ਵਾਲਾ ਬੰਦਾ ਲੱਭਣਾ ਔਖੈ ਲਿਖਣ ਵਾਲਾ ਨਹੀਂ ! ਹਾਸੇ ਹਾਸੇ ਵਿੱਚ ਆਖੀ ਉਹਦੀ ਗੱਲ ਮੈਨੂੰ ਸੋਲਾਂ ਆਨੇ ਸੱਚੀ ਤੇ ਚਾਲੀ ਸੇਰੀ ਪੱਕੀ ਲੱਗਦੀ। ਸੱਚਮੁੱਚ ਹੀ ਅੱਜ ਪੰਜਾਬੀ ਦਾ ਸੁਹਿਰਦ ਪਾਠਕ ਲੱਭਣਾ ਮੁਸ਼ਕਿਲ ਹੈ।

ਆਪਣੀ ਸਕੂਲ ਦੀ ਪੜ੍ਹਾਈ ਬਾਰੇ ਉਹ ਦੱਸਦਾ, ਮੈਂ ਉਨ੍ਹਾਂ ਵੇਲਿਆਂ ਵਿਚ ਅੱਠ ਜਮਾਤਾਂ ਪੜ੍ਹ ਗਿਆ ਸੀ। ਮੇਰੇ ਨਾਲ ਦੇ ਕਈ ਪਟਵਾਰੀ ਲੱਗ ਗਏ। ਮੈਨੂੰ ਨਹੀਂ ਸੀ ਮੇਰੇ ਬਾਪੂ ਨੇ ਨੌਕਰੀ ਲੈਣ ਦਿੱਤੀ। ਬਾਪੂ ਆਂਹਦਾ ਜੇ ਤੂੰ ਨੌਕਰੀ 'ਤੇ ਲੱਗ ਗਿਆ ਤਾਂ ਮੇਰੇ ਨਾਲ ਕੰਮ ਕੌਣ ਕਰਾਊ ? ਆਵਦੀ ਥਾਂ ਬਾਪੂ ਵੀ ਠੀਕ ਸੀ, ਉਹਨੂੰ ਆਵਦੀ ਸੇਪੀ ਦਾ ਫ਼ਿਕਰ ਸੀ। ਥੋਡੇ ਪਾਸੇ ਕੋਈ ਮਿਸਤਰੀ ਨਹੀਂ ਸੀ। ਥੋਡੇ ਬਜ਼ੁਰਗ ਹੀ ਸਾਡੇ ਬਾਪੂ ਨੂੰ ਬਾਦਲ ਪੱਤੀਓਂ ਏਧਰ ਲੈ ਕੇ ਆਏ ਸੀ ਅਖੇ ਸਾਨੂੰ ਕੰਮ ਕਰਵਾਉਣ ਵਾਸਤੇ ਵਾਟ ਕੱਢਣੀ ਪੈਂਦੀ ਐ। ਬਸ ਫੇਰ ਅਸੀਂ ਏਧਰ ਵੱਸਗੇ। ਏਧਰ ਥੋਡੇ ਬਲਦੇਵ ਹੁਰੀਂ ਕਿਤਾਬਾਂ ਪੜ੍ਹਨ ਦੇ ਸ਼ੌਂਕੀ ਸੀ, ਮੈਂ ਇਨ੍ਹਾਂ ਤੋਂ ਕਿਤਾਬਾਂ ਲੈ ਕੇ ਪੜ੍ਹਦਾ ਰਿਹਾ।

ਉਹ ਜਿਹੜੀ ਵੀ ਕਿਤਾਬ ਪੜ੍ਹਦਾ, ਪੂਰੀ ਹੋ ਜਾਣ ਮਗਰੋਂ ਉਹਦਾ ਤੱਤ ਸਾਰ ਸੱਥ ਵਿੱਚ ਸੁਣਾਉਂਦਾ। ਸੱਥ ਵਿੱਚ ਬੈਠੇ ਬੰਦੇ ਬਾਬਾ ਚਰਨ ਸਿਓਂ ਨੂੰ ਸਭ ਤੋਂ ਗਿਆਨਵਾਨ ਮੰਨਦੇ। ਆਪਣੀ ਪੈਲ਼ੀ ਦੀ ਗਿਣਤੀ ਮਿਣਤੀ ਕਰਵਾਉਣ ਲਈ ਲੋਕ ਪਟਵਾਰੀ ਨਾਲੋਂ ਜ਼ਿਆਦਾ ਬਾਬਾ ਚਰਨ ਸਿੰਘ 'ਤੇ ਵਿਸ਼ਵਾਸ਼ ਕਰਦੇ। ਆਪਣੀ ਨਿੱਜਤਾ ਨੂੰ ਪਾਸੇ ਰੱਖਦਿਆਂ ਉਹ ਬਿਲਕੁਲ ਸਹੀ ਮਿਣਤੀ ਕਰਕੇ ਵੱਟ ਪਵਾ ਦਿੰਦਾ। ਕਦੇ ਕਿਸੇ ਦੀ ਰਈ ਨਹੀਂ ਸੀ ਕੀਤੀ ਉਹਨੇ। ਪੈਲੀ ਦਾ ਹਿਸਾਬ ਕਰਦਿਆਂ ਉਹਨੇ ਕਦੇ ਕਾਪੀ ਪੈੱਨ ਨਹੀਂ ਸੀ ਚੁੱਕਿਆ। ਉਹਦੇ ਕੋਲ ਏਸ ਹਿਸਾਬ-ਕਿਤਾਬ ਦੀ ਵਿਲੱਖਣ ਵਿਉਂਤ ਸੀ, ਜਿਹੜੀ ਵਿਉਂਤ ਦੇ ਪਟਵਾਰੀ ਤੇ ਕਾਨੂੰਨਗੋ ਵੀ ਕਾਇਲ ਸਨ। ਇਹ ਕਿਤਾਬਾਂ ਦੀ ਹੀ ਕਰਾਮਾਤ ਸੀ ਕਿ ਆਪਣੇ ਅੰਤ ਸਮੇਂ ਤੱਕ ਉਹ ਚੜ੍ਹਦੀ ਕਲਾ ਵਿੱਚ ਰਿਹਾ। ਜਦ ਕਦੇ ਉਹਦਾ ਜੀਅ ਨਾ ਲੱਗਣਾ ਉਹਨੇ ਕਿਸੇ ਖਾਸ ਪੁਸਤਕ ਦਾ ਨਾਂਅ ਲੈ ਕੇ ਮੇਰੇ ਤੋਂ ਕਿਤਾਬ ਲਿਜਾਣੀ ਤੇ ਆਪਣਾ ਜੀਅ ਲਾ ਲੈਣਾ। 'ਕਿਤਾਬ ਸਾਡਾ ਸੱਚਾ ਮਿੱਤਰ ਹੈ।' ਦੀ ਕਹਾਵਤ ਨੂੰ ਉਹਨੇ ਸੱਚ ਕਰ ਦਿਖਾਇਆ। 15 ਸਤੰਬਰ ਦਾ ਅਖ਼ਬਾਰ ਵੀ ਉਹਨੇ ਨੀਝ ਲਾ ਕੇ ਪੜ੍ਹਿਆ। ਦੁਪਹਿਰੇ ਜਿਹੇ ਚਿੱਤ ਵੱਲ ਨਾ ਵੇਖ ਕੇ ਪੋਤੇ ਨਾਲ ਬਲੱਡ ਪ੍ਰੈਸ਼ਰ ਦਿਖਾਉਣ ਡਾਕਟਰ ਕੋਲ ਚਲਿਆ ਗਿਆ ਤੇ ਉਥੇ ਦੁਕਾਨ ਵਿੱਚ ਵੜ੍ਹਦਿਆਂ ਹੀ ਅੱਖਾਂ ਮੀਟ ਗਿਆ। ਮੇਰੇ ਘਰ ਦਾ ਅਖ਼ਬਾਰ ਤੇ ਕਿਤਾਬਾਂ ਹਾਲੇ ਵੀ ਉਹਦੇ ਹੱਥਾਂ ਦੀ ਛੋਹ ਨੂੰ ਉਡੀਕ ਰਹੇ ਨੇ। ਆਮੀਨ !




## Need a beautiful Bride

Neeraj Mehra age 25years , handsome , fair complexion ; seeks punjabi speaking. Virishiv horoscope. Highly educated & at present working in Dubai as a bank officer since past 3 years. He is looking for an educated beautiful girl; US citizen. Punjabi speaking. Religion & caste no bar. No dowry required. Neeraj has very loving compassionate nature & is very hardworking. He is looking to start a family with right girl.



**Please contact at : 9172512274 and Email at: Bihalneeraj@gmail.com**

## Need a beautiful Bride

**Jugpreet Singh.DOB: 04-07-1996, Height : 5.10", handsome Gursikh boy. Qualification: Undergraduate Marital Status. Never Married Cast : (Surname) Kochar (Khatri). Working in Aditya Birla fashion & retail Pvt Ltd on Post: Senior CC. His Annual Package: 4 lacs. Own home in Delhi. Jugpreet looking for an educated beautiful girl ; USA citizen. No cast no bar. No Dowry.**



**Contact Father : +91 9990655355, +91 9899795013, +91 9899515784**

# Publish Your METRIMONIAL/CLASSIFIED Advertisement

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

ਜੇਕਰ ਤੁਸੀਂ ਵੀ ਆਪਣੇ ਵਪਾਰ
ਨੂੰ ਵਧਾਉਣਾ ਚਾਹੁੰਦੇ ਹੋ ਤਾਂ
ਅੱਜ ਹੀ ਸਾਡੇ ਨਾਲ ਜੁੜੋ

**MATRIMONIAL,
PROPERTY,
RECRUITMENT,
NAME OF CHANGE,
BUSINESS**



**It's time to Grow your Business Advertise with us...**

**www.preetnama.com**
**preetnamausa@gmail.com**
**Contact : +1 201-312-4180**

# ਸਾਡੇ ਸੱਚੇ ਸਾਥੀ : ਰੁੱਖ

ਆਦਿ ਕਾਲ ਤੋਂ ਹੀ ਮਨੁੱਖ ਦਾ ਕੁਦਰਤ, ਕੁਦਰਤੀ ਵਸਤਾਂ ਅਤੇ ਕੁਦਰਤ ਦੀਆਂ ਅਣਮੋਲ ਦਾਤਾਂ ਨਾਲ ਗਹਿਰਾ ਸਬੰਧ ਅਤੇ ਇੱਕ ਪ੍ਰਕਾਰ ਦਾ ਭਾਵਨਾਤਮਕ ਜੁੜਾਅ ਰਿਹਾ ਹੈ।ਕਿਸੇ ਨਾ ਕਿਸੇ ਤਰ੍ਹਾਂ ਮਨੁੱਖਾ-ਜੀਵਨ ਦੇ ਆਰੰਭ ਤੋਂ ਅੰਤ ਤੱਕ ਦਾ ਸਮਾਂ ਰੁੱਖਾਂ ਨਾਲ ਜੁੜਿਆ ਹੋਇਆ ਰਿਹਾ ਹੈ। ਰੁੱਖ ਸਾਨੂੰ ਸ਼ੁੱਧ ਹਵਾ, ਠੰਢਕ, ਸਕੂਨ, ਫੁੱਲ, ਫਲ ,ਕੀਮਤੀ ਲੱਕੜ ,ਬਾਲਣ ,ਕੀਮਤੀ ਤੇਲ, ਦਵਾਈਆਂ, ਗੂੰਦ, ਲਾਖ਼, ਵਰਖਾ,ਤਾਜ਼ਗੀ ਆਦਿ ਤਾਂ ਦਿੰਦੇ ਹੀ ਹਨ। ਇਹ ਸਾਨੂੰ ਹਾਨੀਕਾਰਕ ਸੂਰਜੀ ਕਿਰਨਾਂ,


ਹੜ੍ਹਾਂ,ਸੋਕੇ ,ਵਾਤਾਵਰਨ ਦੀ ਤਪਸ਼ ਆਦਿ ਤੋਂ ਵੀ ਸਿੱਧੇ- ਅਸਿੱਧੇ ਤਰੀਕੇ ਨਾਲ ਬਚਾਉਂਦੇ ਹਨ।ਇਸ ਤੋਂ ਇਲਾਵਾ ਕੁਦਰਤ ਦੇ ਅਨਮੋਲ ਖਜ਼ਾਨੇ ਪੰਛੀਆਂ ਅਤੇ ਕਈ ਤਰ੍ਹਾਂ ਦੇ ਜੀਵ- ਜੰਤੂਆਂ ਨੂੰ ਰੈਣ ਬਸੇਰਾ ਪ੍ਰਦਾਨ ਕਰਦੇ ਹਨ ਤੇ ਇਨ੍ਹਾਂ ਨੂੰ ਲੁਪਤ ਹੋਣ ਤੋਂ ਵੀ ਬਚਾਉਂਦੇ ਹਨ। ਜੰਗਲੀ ਖੇਤਰਾਂ ਵਿੱਚ ਅਨੇਕ ਪ੍ਰਕਾਰ ਦੀਆਂ ਜੀਵ-ਜੰਤੂਆਂ,ਕੀਟਾਂ, ਪਸ਼ੂਆਂ- ਪੰਛੀਆਂ ਤੇ ਹੋਰ ਪ੍ਰਾਣੀਆਂ ਦੀਆਂ ਪ੍ਰਜਾਤੀਆਂ ਆਪਣੀ ਹੋਂਦ ਕਾਇਮ ਰੱਖਦੀਆਂ ਆ ਰਹੀਆਂ ਹਨ ਅਤੇ ਵਾਤਾਵਰਨ ਨੂੰ ਆਪਣਾ ਵਡਮੁੱਲਾ ਯੋਗਦਾਨ ਦੇ ਰਹੀਆਂ ਹਨ। ਰੁੱਖਾਂ ਦੀਆਂ ਪ੍ਰਾਪਤੀਆਂ, ਰੁੱਖਾਂ ਦੀਆਂ ਸਿਫ਼ਤਾਂ, ਰੁੱਖਾਂ ਦੇ ਲਾਭ ਆਦਿ ਦੱਸਣਾ ਬਹੁਤ ਹੀ ਔਖਾ ਪ੍ਰਤੀਤ ਹੁੰਦਾ ਹੈ। ਸਾਨੂੰ ਤਾਂ ਕੇਵਲ ਇਹੋ ਚਾਹੀਦਾ ਹੈ ਕਿ ਅਸੀਂ ਵੱਧ ਤੋਂ ਵੱਧ ਰੁੱਖ ਲਗਾਈਏ।ਪੁਰਾਤਨ ਰੁੱਖ ਜਿਵੇਂ ਬਰਗਦ, ਪਿੱਪਲ, ਟਾਹਲੀ, ਨਿੰਮ, ਆਂਵਲਾ,ਕਿੱਕਰ, ਬਾਂਸ ਅਤੇ ਹੋਰ ਅਨੇਕਾਂ ਫਲਦਾਰ ਰੁੱਖ ਲਗਾਉਂਦੇ ਰਹੀਏ ਤੇ ਇਨ੍ਹਾਂ ਦੀ ਸੰਭਾਲ ਰੱਖੀਏ ਤਾਂ ਜੋ ਵੱਧ ਤੋਂ ਵੱਧ ਰੁੱਖ ਸਾਡੀ ਧਰਤੀ ਨੂੰ ਹਰਾ-ਭਰਾ , ਖੁਸ਼ਹਾਲ ਤੇ ਸ਼ੁੱਧ ਬਣਾਈ ਰੱਖਣ। ਇਸ ਤਰ੍ਹਾਂ ਕਰਨ ਨਾਲ ਪ੍ਰਦੂਸ਼ਣ ਵੀ ਘਟੇਗਾ ਅਤੇ ਮਨੁੱਖ ਲਈ ਵੀ ਹਰ ਪਾਸਿਓਂ ਲਾਭਕਾਰੀ ਵਾਤਾਵਰਣ ਬਣਿਆ ਰਹੇਗਾ। ਸਾਨੂੰ ਆਪਣੇ ਜਨਮ ਦਿਨਾਂ, ਵਿਆਹਾਂ, ਸਮਾਗਮਾਂ ਜਾਂ ਹੋਰ ਦਿਨਾਂ- ਤਿਉਹਾਰਾਂ ਦੇ ਮੌਕੇ ਰੁੱਖ ਲਗਾਉਣ ਨੂੰ ਜ਼ਰੂਰ ਤਰਜੀਹ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਕੀਤੀ ਇੱਕ ਛੋਟੀ ਜਿਹੀ ਪਹਿਲ ਲੋਕ ਲਹਿਰ ਬਣ ਸਕਦੀ ਹੈ ਅਤੇ ਸਾਡਾ ਵਾਤਾਵਰਨ ਅਤੇ ਸਾਡੀ ਸਿਹਤ ਲਈ ਵੀ ਲਾਭਕਾਰੀ ਸਿੱਧ ਹੋ ਸਕਦੀ ਹੈ।

ਆਓ ਵੱਧ ਤੋਂ ਵੱਧ ਰੁੱਖ ਲਗਾਈਏ,
ਕੁਦਰਤ ਦੀ ਹੋਂਦ ਬਚਾਈਏ,
ਜ਼ਿੰਦਗੀ ਨੂੰ ਸਫਲ ਬਣਾਈਏ।

**ਰਜਨੀ ਧਰਮਾਣੀ,**
**ਸੱਧੇਵਾਲ (ਸ੍ਰੀ ਅਨੰਦਪੁਰ ਸਾਹਿਬ)**

# ਯਾਦਾਂ ਮੁੜ-ਮੁੜ ਆਉਣਗੀਆਂ ਪਰ ਤੁਸੀਂ ਮੁੜਕੇ ਨੀ ਆਉਣਾ...

ਜੋ ਵੀ ਇਨਸਾਨ ਇਸ ਧਰਤੀ ਉੱਤੇ ਆਉਂਦਾ ਹੈ ਇੱਕ ਨਾ ਇੱਕ ਦਿਨ ਉਸ ਨੇ ਜਾਣਾ ਹੀ ਹੁੰਦਾ ਹੈ ਉਹ ਭਾਵੇਂ ਸਾਡਾ ਕਿੰਨਾ ਵੀ ਨਜ਼ਦੀਕੀ ਕਿਉਂ ਨਾ ਹੋਵੇ ਉਸ ਦਾ ਜਾਣਾ ਲਾਜ਼ਮੀ ਹੁੰਦਾ ਹੈ ਕਿਉਂਕਿ ਇਹ ਪੁੱਤਰ ਦਾ ਨਿਯਮ ਹੈ ਕਿ ਜੋ ਆਇਆ ਉਸ ਨੇ ਇੱਕ ਦਿਨ ਜਾਣਾ ਹੈ ਸਾਨੂੰ ਦੁੱਖ ਬਹੁਤ ਹੁੰਦਾ ਹੈ ਅਸੀਂ ਉਸ ਦਾ ਵਿਛੋੜਾ ਬਰਦਾਸ਼ਤ ਨਹੀਂ ਕਰ ਸਕਦੇ ਪਰ ਇਹ ਅਟੱਲ ਸੱਚਾਈ ਹੈ ... ਖੈਰ ਜਿਸ ਦਾ ਨੇੜਲਾ ਸਾਥੀ ਚਲਿਆ ਜਾਵੇ ਉਸ ਦੇ ਮਨ ਤੇ ਕੀ ਬੀਤਦੀ ਹੈ ਇਹ ਤਾਂ ਉਹੀ ਜਾਣਦਾ ਹੈ। ਜਿਸ ਪਰਿਵਾਰ ਦਾ ਜੀਅ ਚਲਿਆ ਜਾਂਦਾ ਹੈ ਉਸ ਦੇ ਨੇੜਲੇ ਉਸ ਦੇ ਚਾਹੁਣ ਵਾਲਿਆਂ ਦੇ ਦਿਲ ਉਦਾਸੀਨਤਾ ਦੀ ਡੂੰਘੀ ਖਾਈ ਵਿੱਚ ਪਹੁੰਚ ਜਾਂਦੇ ਹਨ ਲੰਬਾ ਸਮਾਂ ਉਹ ਇਸ ਖਾਈ ਵਿੱਚੋਂ ਨਿਕਲ ਨਹੀਂ ਪਾਉਂਦੇ ਕਿਉਂਕਿ ਵਿਛੋੜਾ ਹੁੰਦਾ ਹੀ ਇਸ ਤਰ੍ਹਾਂ ਦਾ ਹੈ।





ਜੇਕਰ ਗੱਲ ਸ਼ੁਰੂ ਕਰਾਂ ਮੇਰੇ ਪਿਤਾ ਤੋਂ , ਤਾਂ ਸਾਰਿਆਂ ਪਿਤਾ ਵਾਂਗੂੰ ਮੇਰੇ ਬਾਪ ਨੇ ਵੀ ਮੈਨੂੰ ਜ਼ਿੰਦਗੀ ਦੀ ਸਚਾਈ ਆਪਣੀ ਉਂਗਲੀ ਫੜ ਕੇ ਸਿਖਾਈ। ਲਗਭਗ ਕਈ ਵਰ੍ਹੇ ਪਹਿਲਾਂ ਉਨ੍ਹਾਂ ਦਾ ਵਿਛੋੜਾ ਪਿਆ ਮੇਰੇ ਪਿਤਾ ਜੋਗਿੰਦਰ ਸਿੰਘ ਦਾ ਵਿਛੋੜਾ ਸਾਡੇ ਪਰਿਵਾਰ ਲਈ ਬੇਹੱਦ ਨਾ ਸਹਿਣਯੋਗ ਸੀ ਪਰ ਕੀਤਾ ਵੀ ਕੀ ਜਾ ਸਕਦਾ ਹੈ ਜੋ ਸੱਚ ਹੈ ਉਹ ਤਾਂ ਹੋ ਕੇ ਰਹਿੰਦਾ ਹੈ। ਲੰਬਾ ਸਮਾਂ ਆਪਣੇ ਬਾਪ ਦੀਆਂ ਗੱਲਾਂ ਸੁਣੀਆਂ ਉਨ੍ਹਾਂ ਦੇ ਨਾਲ ਸੁਖੀ ਪਲ ਖੇਡੇ ਪਰ ਉਹ ਅਚਾਨਕ ਸਾਨੂੰ ਵਿਛੋੜਾ ਦੇ ਗਏ। ਵੀਹ ਵਰ੍ਹੇ ਬੀਤ ਚੁੱਕੇ ਨੇ ਉਨ੍ਹਾਂ ਦੀ ਯਾਦ ਆਉਂਦੀ ਹੈ ਮਨ ਕੁਰਲਾ ਉੱਠਦਾ ਹੈ ਪਰ ਕੁੱਝ ਨਹੀਂ ਕਰ ਸਕਦੇ ਹਾਂ ਉ ? ਡਾਢਿਆ ਰੱਬਾ। ਪਿਤਾ ਜੀ ਨਾਲ ਜ਼ਿੰਦਗੀ ਦੇ ਹੰਢਾਏ ਪਲ ਭਾਵੇਂ ਭੁੱਲਣੇ ਤਾਂ ਨਹੀਂ ਪਰ ਉਨ੍ਹਾਂ ਨੂੰ ਯਾਦ ਕਰਕੇ ਜ਼ਹਿਨ ਤੇ ਲਿਆ ਕੇ ਬਹੁਤ ਕੁਝ ਸੋਚਿਆ ਜਾ ਸਕਦਾ ਹੈ ਚੰਗਾ ਮਾੜਾ ਸਭ ਕੁੱਝ ਧਰਤੀ ਤੇ ਹੋ ਕੇ ਰਹਿੰਦਾ ਹੈ ਇਸ ਨੂੰ ਰੋਕਣਾ ਨਾਮੁਮਕਿਨ ਹੈ ਇਹ ਵਰਤਾਰਾ ਹੈ ਮਾਲਕ ਦੀ ਖੇਡ ਹੈ।

ਇਸੇ ਤਰ੍ਹਾਂ ਮੇਰੇ ਦਾਦਾ ਜੀ ਜੀ ਨੇ ਜਦ ਸਾਨੂੰ ਵਿਛੋੜਾ ਦਿੱਤਾ ਤਾਂ ਉਸ ਸਮੇਂ ਪਰਿਵਾਰ ਦਾ ਦੁੱਖ ਝੱਲਿਆ ਨਹੀਂ ਸੀ ਜਾਂਦਾ ਕੀ ਕੀਤਾ ਜਾਵੇ ਇਹ ਖੇਡ ਹੀ ਨਿਰਾਲੀ ਹੈ। ਤਾਇਆ ਬੁੱਧ ਸਿੰਘ ਅਤੇ ਦਾਦਾ ਸਹੁਰਾ ਬਲਵੀਰ ਸਿੰਘ ਰਾਠੌਰ ਇੱਕ ਬੇਹੱਦ ਮਿਲਣਯੋਗ ਇਨਸਾਨਾਂ ਦੀ ਕਤਾਰ ਵਿੱਚ ਆਉਂਦਾ ਹੈ ਉਨ੍ਹਾਂ ਨੇ ਲੰਬਾ ਸਮਾਂ ਸੰਘਰਸ਼ ਕਰਕੇ ਆਪਣੇ ਪਰਿਵਾਰਾਂ ਨੂੰ ਇੱਕ ਸੁਚੱਜੀ ਜ਼ਿੰਦਗੀ ਦਾ ਪਾਠ ਪੜ੍ਹਾਇਆ ਤਾਇਆ ਜੀ ਨੂੰ ਕਿਸ ਤਰ੍ਹਾਂ ਭੁੱਲ ਜਾਵਾਂਗੇ ਉਨ੍ਹਾਂ ਦੀ ਕੀਤੀ ਘਾਲਣਾ ਅਥਾਹ ਹੈ ਉਸਨੂੰ ਮਿਣਿਆ ਨਹੀਂ ਜਾ ਸਕਦਾ। ਤਾਇਆ ਜੀ ਭਾਵੇਂ ਸੱਤਰ ਕੁ ਵਰ੍ਹੇ ਦੀ ਉਮਰ ਵਿੱਚ ਸਾਥੋਂ ਦੂਰ ਹੋਏ ਪਰ ਉਨ੍ਹਾਂ ਦੀਆਂ ਯਾਦਾਂ ਅੱਜ ਵੀ ਦਿਲ ਦੇ ਵਿੱਚ ਤਾਜ਼ਾ ਨੇ ਕੁਝ ਇਨਸਾਨ ਹੁੰਦੇ ਨੇ ਜੋ ਤੁਹਾਡੇ ਰੂਹ ਤੱਕ ਉਤਰ ਜਾਂਦੇ ਨੇ ਉਨ੍ਹਾਂ ਨਾਲ ਭਾਵੇਂ ਤੁਹਾਡਾ ਰਿਸ਼ਤਾ ਕੋਈ ਵੀ ਹੋਵੇ ਤੁਸੀਂ ਭੁੱਲ ਨਹੀਂ ਸਕਦੇ। ਲੋਕ ਵੀ ਉਨ੍ਹਾਂ ਨੂੰ ਯਾਦ ਕਰਦੇ ਨੇ ਅਕਸਰ ਜਦੋਂ ਲੋਕਾਂ ਵਿੱਚ ਗੱਲ ਚੱਲਦੀ ਹੈ ਇਹੋ ਜਿਹੇ ਇਨਸਾਨਾਂ ਦੀ ਤਾਂ ਉਨ੍ਹਾਂ ਦੀਆਂ ਯਾਦਾਂ ਤਾਜ਼ੀਆਂ ਹੋ ਜਾਂਦੀਆਂ ਨੇ ਜੋ ਇੱਕ ਆਪਣੇ ਆਪ ਵਿੱਚ ਇੱਕ ਵਡੱਪਣ ਹੁੰਦਾ ਹੈ।

ਸਾਂਝੇ ਪਰਿਵਾਰ ਇੱਕ ਇੱਕ ਕਰਕੇ ਸਾਡੇ ਤੋਂ ਦੂਰ ਜਾ ਰਹੇ ਨੇ , ਖੇਤੀ ਵੰਡੀ ਜਾ ਚੁੱਕੀ ਹੈ , ਰਸੋਈਆ ਵੰਡੀਆਂ ਜਾ ਚੁੱਕੀਆਂ ਨੇ , ਭਾਂਡੇ ਵੰਡੇ ਜਾ ਚੁੱਕੇ ਨੇ , ਰਿਸ਼ਤੇ ਵੰਡੇ ਜਾ ਚੁੱਕੇ ਨੇ ਜੇ ਕੁਝ ਬਾਕੀ ਬਚਿਆਂ ਹੈ ਤਾਂ ਸਿਰਫ ਪੈਸਾ ਅਸੀਂ ਪੈਸਾ ਕਿੱਥੇ ਲੈ ਕੇ ਜਾਣਾ ਹੈ ਪੈਸਾ ਸਾਡੇ ਹੱਥ ਦੀ ਮੈਲ ਹੈ ਇਸਨੂੰ ਕਮਾਇਆ ਜਾ ਸਕਦਾ ਹੈ ਪਰ ਰਿਸ਼ਤੇ ਨਹੀਂ ਕਮਾਏ ਜਾ ਸਕਦੇ। ਦਾਦਾ ਸਹੁਰਾ ਬਲਵੀਰ ਸਿੰਘ ਰਾਠੌਰ ਇੱਕ ਜਾਨਦਾਰ ਮਨੁੱਖ ਸਨ ਉਨ੍ਹਾਂ ਨੇ ਜ਼ਿੰਦਗੀ ਅੰਦਰ ਲੰਬੀ ਜਾਂਚ ਸਿਖਾਈ ਅਤੇ ਸਿੱਖੀ। ਉਨ੍ਹਾਂ ਦੀਆਂ ਯਾਦਾਂ ਸਾਡੇ ਦਿਲ ਵਿੱਚ ਹਮੇਸ਼ਾਂ ਧਾਹ ਪਾਉਂਦੀਆਂ ਰਹਿਣਗੀਆਂ ਅਤੇ ਸਹੁਰਾ ਪਰਿਵਾਰ ਨੂੰ ਇਸ ਮਹਾਨ ਇਨਸਾਨ ਦੀ ਘਾਟ ਸਦਾ ਰੜਕਦੀ ਰਹੇਗੀ। ਜਦ ਵੀ ਰਾਜਪੁਰਾ ਨੇੜਲੇ ਸਹੁਰੇ ਪਿੰਡ ਜਾਣਾ ਤਾਂ ਇਸ ਮਹਾਨ ਇਨਸਾਨ ਨੇ ਘੁੱਟ ਕੇ ਜੱਫ਼ੀ ਪਾਉਣੀ ਅਤੇ ਆਪਦੇ ਪੁੱਤਰਾਂ ਦੀ ਤਰ੍ਹਾਂ ਪਿਆਰ ਦੇਣਾ ਜਿਸ ਨੂੰ ਸਦਾ ਯਾਦ ਰੱਖਾਂਗਾ। ਉਨ੍ਹਾਂ ਦੇ ਜੀਵਨ ਸਾਥੀ ਨੂੰ ਵੀ ਬਿਮਾਰੀ ਨੇ ਘੇਰ ਲਿਆ ਅਤੇ ਉਨ੍ਹਾਂ ਵੀ ਜ਼ਿੰਦਗੀ ਦੀ ਲੰਬੇ ਸਮੇਂ ਤੋਂ ਜੰਗ ਲੜੀ ਖੈਰ ਇਹ ਕੁਦਰਤੀ ਵਰਤਾਰਾ ਹੈ ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਹਨ। ਕਿਸੇ ਸ਼ਾਇਰ ਨੇ ਬੜਾ ਖ਼ੂਬਸੂਰਤ ਲਿਖਿਆ ਕਿ ਕਿ ਵਿਛੋੜਾ ਝੱਲਣਾ ਬਹੁਤ ਔਖਾ ਹੁੰਦਾ ਹੈ ਕੁਝ ਵਿਰਲੇ ਸੱਜਣ ਹੁੰਦੇ ਹਨ ਜੋ ਇਸ ਨੂੰ ਝੱਲ ਸਕਦੇ ਹਨ। ਉੱਪਰ ਦਿੱਤੀਆਂ ਸ਼ਖ਼ਸੀਅਤਾਂ ਦਾ ਮੈਂ ਬਹੁਤ ਸਤਿਕਾਰ ਕਰਦਾ ਹਾਂ ਇਨ੍ਹਾਂ ਦਾ ਮੇਰੇ ਨਾਲ ਪਿਆਰ ਬਹੁਤ ਸੀ ਪਰ ਭਾਣਾ ਮੰਨਣਾ ਪੈਂਦਾ ਹੈ। ਭਾਵੇਂ ਇਹ ਸ਼ਖ਼ਸੀਅਤਾਂ ਆਪਣੇ ਜੀਵਨ ਦਾ ਪੰਧ ਨਿਬੇੜ ਕੇ ਜ਼ਿੰਦਗੀ ਤੋਂ ਕੂਚ ਕਰ ਗਈਆਂ ਹਨ ਪਰ ਇਨ੍ਹਾਂ ਦੀਆਂ ਯਾਦਾਂ ਅੱਜ ਵੀ ਦਿਲ ਦੇ ਵਿੱਚ ਤਾਜ਼ੀਆਂ ਹਨ ਕੋਈ ਪਹਿੰਟ ਸੱਤਰ ਸਾਲ ਦੀ ਉਮਰ ਵਿੱਚ ਤੁਰ ਜਾਂਦਾ ਹੈ ਅਤੇ ਕੋਈ ਪੰਜਾਹਾਂ ਦੀ , ਕਿਸੇ ਨੂੰ ਇਹ ਕੁਦਰਤ ਜੋਬਨ ਰੁੱਤੇ ਲੈ ਜਾਂਦੀ ਹੈ ਕੋਈ ਉਮਰ ਭੋਗ ਜਾਂਦਾ ਹੈ ਇਹ ਕੁਦਰਤ ਅਤੇ ਮਾਲਕ ਦਾ ਨਿਯਮ ਹੈ ਮਾਲਕ ਕਰੇ ਕਿਸੇ ਦਾ ਵਿਛੋੜਾ ਨਾ ਪਵੇ ਅਤੇ ਸਾਰੀ ਉਮਰ ਪੂਰੀ ਭੋਗਣ ਇਹੀ ਸਾਡੀ ਕਾਮਨਾ ਹੈ।



**ਲੇਖਕ : ਸਿੰਦਰ ਸਿੰਘ ਮੀਰਪੁਰੀ**
**ਫਰਿੱਜਨੋ ਯੂ.ਐੱਸ.ਏ.**
**ਮੋ. 2855620841**






# ਆਓ ,ਆਪਣੀਆਂ ਗ਼ਲਤੀਆਂ ਤੋਂ ਸੇਧ ਲਈਏ

ਇਕ ਆਇਰਿਸ਼ ਲੇਖਕ ਦਾ ਕਹਿਣਾ ਹੈ ਕਿ ਹਰ ਸੰਤ ਦਾ ਇਕ ਅਤੀਤ ਹੁੰਦਾ ਹੈ ਅਤੇ ਹਰ ਪਾਪੀ ਦਾ ਇੱਕ ਭਵਿੱਖ ।ਭਾਵ ਹਰੇਕ ਇਨਸਾਨ ਦੀ ਜ਼ਿੰਦਗੀ ਵਿੱਚ ਕੁਝ ਅਜਿਹੇ ਅਣਚਾਹੇ ਭਾਣੇ ਵਾਪਰੇ ਹੁੰਦੇ ਹਨ ਜੋ ਉਸ ਦੀ ਜ਼ਿੰਦਗੀ ਲਈ ਰਾਹ-ਦਸੇਰਾ ਸਿੱਧ ਹੁੰਦੇ ਹਨ।ਸਿੱਖਣ ਪ੍ਰਕ੍ਰਿਆ ਵਿਕਾਸ ਲਈ ਅਤਿ ਜ਼ਰੂਰੀ ਹੈ।ਇਹ ਇੱਕ ਅਜਿਹੀ ਪ੍ਰਕਿਰਿਆ ਹੈ ਜੋ ਗੰਗਾ ਦੇ ਪਵਿੱਤਰ ਨੀਰ ਵਾਂਗ ਨਿਰੰਤਰ ਚਲਦੀ ਰਹਿੰਦੀ ਹੈ। ਇਨਸਾਨ ਵੱਲੋਂ ਕੀਤੀਆਂ ਗ਼ਲਤੀਆਂ ਸਿੱਖਣ ਪ੍ਰਕਿਰਿਆ ਦਾ ਅਜਿਹਾ ਸੁਚਾਰੂ ਸੰਦ ਹਨ ਜੋ ਉਸ ਦੇ ਜੀਵਨ ਨੂੰ ਸੁਚੱਜੇ ਅਕਾਰ 'ਚ ਤਰਾਸ਼ ਦਿੰਦੀਆਂ ਹਨ। ਗ਼ਲਤੀ ਹੋ ਜਾਣਾ ਇਕ ਅਟੱਲ ਸੱਚਾਈ ਹੈ। ਇਕ ਖੋਜ ਮੁਤਾਬਿਕ ਇਕ ਵਿਅਕਤੀ ਇਕ ਘੰਟੇ ਵਿਚ 3 ਤੋਂ 6 ਗਲਤੀਆਂ ਕਰਦਾ ਹੈ। ਬਚਪਨ ਤੋਂ ਬੁਢਾਪੇ ਤੱਕ ਇਨਸਾਨ ਗ਼ਲਤੀਆਂ ਕਰ-ਕਰ ਕੇ ਹੀ ਜ਼ਿੰਦਗੀ ਜਿਉਣਾ ਸਿੱਖ ਜਾਂਦਾ ਹੈ ਅਤੇ ਭਵਿੱਖ ਲਈ ਨਵੀਆਂ ਸੇਧਾਂ ਵੀ ਪ੍ਰਾਪਤ ਕਰਦਾ ਹੈ ।ਕੋਈ ਵੀ ਨੇਕ ਜਾਂ ਸਾਊ ਇਨਸਾਨ ਜਾਣ-ਬੁੱਝ ਕੇ ਗ਼ਲਤੀ ਨਹੀਂ ਕਰਦਾ ।ਜੋ ਵਿਅਕਤੀ ਮਿਹਨਤੀ ਅਤੇ ਨਿਰੰਤਰ ਕਾਰਜਸ਼ੀਲ ਹੁੰਦੇ ਹਨ, ਜਾਣੇ ਅਣਜਾਣੇ ਉਨ੍ਹਾਂ ਕੋਲੋਂ ਗ਼ਲਤੀਆਂ ਹੋ ਹੀ ਜਾਂਦੀਆਂ ਹਨ । ਜ਼ਿੰਦਗੀ ਵਿਚ ਜ਼ਿਆਦਾ ਗ਼ਲਤੀਆਂ ਦਾ ਮਤਲਬ ਜ਼ਿਆਦਾ ਤਜ਼ਰਬੇ ਹਾਸਲ ਕਰਨਾ ਹੈ।ਇੱਕ ਵਿਹਲੜ ਤੇ ਨਕਾਰਾ ਵਿਅਕਤੀ ਕੋਈ ਕੰਮ ਕਰਨ ਦੀ ਬਜਾਇ ਦੂਜਿਆਂ ਦੀਆਂ ਗ਼ਲਤੀਆਂ ਕੱਢਣ ਦਾ ਕੰਮ ਬਾਖ਼ੂਬੀ ਕਰ ਲੈਂਦਾ ਹੈ। ਉਹ ਕਿਸੇ ਨੂੰ ਆਪਣੀ ਗ਼ਲਤੀ ਕੱਢਣ ਦੀ ਨੌਬਤ ਹੀ ਨਹੀਂ ਆਉਣ ਦਿੰਦਾ,ਕਿਉਂ ਕਿ ਉਹ ਕੋਈ ਕੰਮ ਹੀ ਨਹੀਂ ਕਰਦਾ।ਆਮ ਕਹਾਵਤ ਵੀ ਹੈ ਕਿ ਡੁੱਬਦਾ ਵੀ ਉਹੀ ਹੈ ਜੋ ਤੈਰਨਾ ਜਾਣਦਾ ਹੈ। ਯਾਦ ਰੱਖੀਏ ਕਿ ਨਕੰਮਿਆਂ ਦੇ ਹਿੱਸੇ ਗ਼ਲਤੀਆਂ ਨਹੀਂ ਆਉਂਦੀਆਂ।

ਗ਼ਲਤੀ ਹੋਣਾ ਤੁਹਾਡੇ ਪ੍ਰਯਤਨਸ਼ੀਲ ਹੋਣ ਦਾ ਸੂਚਕ ਹੈ। ਜੇਕਰ ਇਨਸਾਨ ਗਲ਼ਤੀ ਨਾ ਕਰੇ ਤਾਂ ਉਹ ਭਗਵਾਨ ਹੀ ਬਣ ਜਾਵੇ ।ਗ਼ਲਤੀ ਹੋ ਜਾਣਾ ਕੋਈ ਗੁਨਾਹ ਨਹੀਂ ਹੈ ਬਸ ਇਨਸਾਨ ਵਿੱਚ ਆਪਣੀ ਗ਼ਲਤੀ ਮੰਨਣ ਦੀ ਤਾਕਤ ਦਾ ਹੋਣਾ ਬਹੁਤ ਜ਼ਰੂਰੀ ਹੈ ਜੋ ਵਿਰਲੇ ਹੀ ਲੋਕਾਂ ਵਿੱਚ ਹੁੰਦੀ ਹੈ । ਮਨੋਵਿਗਿਆਨਕਾਂ ਦਾ ਵੀ ਕਹਿਣਾ ਹੈ ਕਿ ਜਿਹੜੇ ਵਿਅਕਤੀ ਆਪਣੀ ਗ਼ਲਤੀ ਮੰਨ ਲੈਂਦੇ ਹਨ ਉਨ੍ਹਾਂ ਦੀ ਜ਼ਿੰਦਗੀ ਹੋਰ ਵੀ ਖ਼ੂਬਸੂਰਤ ਹੋ ਜਾਂਦੀ ਹੈ।ਉਹ ਪਹਿਲਾਂ ਨਾਲੋਂ ਜ਼ਿਆਦਾ ਰਚਨਾਤਮਕ ਬਣਦੇ ਜਾਂਦੇ ਹਨ।ਓਹਨਾਂ ਦੇ ਘਰੇਲੂ ਅਤੇ ਵਿਵਸਾਇਕ ਸਬੰਧਾਂ ਵਿੱਚ ਮਿਠਾਸ ਅਤੇ ਸਥਿਰਤਾ ਰਹਿੰਦੀ ਹੈ । ਤੁਸੀਂ ਅਜ਼ਮਾਇਆ ਹੋਵੇਗਾ ,ਜਦੋਂ ਵਿਅਕਤੀ ਤੋਂ ਅਚਾਨਕ ਕੋਈ ਗ਼ਲਤੀ ਹੋ ਜਾਂਦੀ ਹੈ ਤਾਂ ਉਸਦਾ ਮੂੰਹ ਸੁੱਕਦਾ ਹੈ, ਦਿਲ ਜ਼ੋਰ ਨਾਲ਼ ਧੜਕਦਾ ਹੈ ਅਤੇ ਬੇਚੈਨੀ ਮਹਿਸੂਸ ਹੁੰਦੀ ਹੈ ਪਰ ਗ਼ਲਤੀ ਮੰਨਦਿਆਂ ਹੀ ਸਾਰੀ ਸਥਿਤੀ ਸਹਿਜ ਅਤੇ ਸੁਖਾਲ਼ੀ ਹੋ ਜਾਂਦੀ ਹੈ।ਇਸ ਲਈ ਇਹ ਸਾਫ਼ ਜ਼ਾਹਿਰ ਹੈ ਕਿ ਆਪਣੀ ਗ਼ਲਤੀ ਮੰਨ ਲੈਣਾ ਸਰੀਰਕ ਅਤੇ ਦਿਮਾਗੀ ਪੱਖੋਂ ਨਕਾਰਾਤਮਕਤਾ ਦੇ ਚੱਕਰਚੂੰਢੇ 'ਚੋਂ ਬਾਹਰ ਆਉਣਾ ਹੈ।ਬੱਚਿਆਂ ਵਿੱਚ ਸ਼ੁਰੂਆਤੀ ਦੌਰ ਤੋਂ ਹੀ ਆਪਣੀ ਗ਼ਲਤੀ ਮੰਨ ਕੇ ਅੱਗੇ ਵਧਣ ਦੀ ਪਿਰਤ ਪਾਉਣਾ ਜ਼ਰੂਰੀ ਹੈ। ਇਹ ਜ਼ਿੰਮੇਵਾਰੀ ਮਾਪਿਆਂ ਨੂੰ ਨਿਭਾਉਣੀ ਚਾਹੀਦੀ ਹੈ।

ਦੂਜਿਆਂ ਦੀਆਂ ਗ਼ਲਤੀਆਂ ਲੱਭਣੀਆਂ ਅਤੇ ਆਪਣੀਆਂ ਗ਼ਲਤੀਆਂ ਲੁਕਾਉਣੀਆਂ ਇੱਕ ਸਧਾਰਨ ਮਨੋਵਿਗਿਆਨਿਕਤਾ ਹੈ। ਆਪਣੀ ਇੱਕ ਗ਼ਲਤੀ ਤੇ ਪਰਦਾ ਪਾਉਣ ਲਈ ਇਨਸਾਨ ਸੌ ਝੂਠ ਬੋਲਦਾ ਹੈ। ਸਰਵ-ਉੱਤਮ ਰਹਿਣ ਦੀ ਭਾਵਨਾ ਗ਼ਲਤੀ ਨਾ ਮੰਨਣ ਦੀ ਭਾਵਨਾ ਨੂੰ ਅਮਲੀ ਜਾਮਾ ਪਹਿਨਾਉਂਦੀ ਹੈ ।ਅਸੀਂ ਬਹਾਨੇਬਾਜ਼ੀ ਅਤੇ ਝੂਠ ਦੇ ਲਿਬਾਸ ਨਾਲ ਆਪਣੀ ਗ਼ਲਤੀਆਂ ਨੂੰ ਢੱਕਦੇ ਫਿਰਦੇ ਹਾਂ।ਇਸ ਲਈ ਸਾਡੇ ਆਸ-ਪਾਸ ਅਜਿਹੇ ਦੋਸਤ ਜਾਂ ਸੱਚੇ ਪਥ-ਪ੍ਰਦਰਸ਼ਕ ਦਾ ਹੋਣਾ ਬਹੁਤ ਜ਼ਰੂਰੀ ਹੈ ਜੋ ਸਾਡੀਆਂ ਗ਼ਲਤੀਆਂ ਸਾਡੇ ਸਾਹਮਣੇ ਬੇਝਿਜਕ ਬਿਆਨ ਸਕੇ। ਸ਼ਾਂਤੀ ਤੇ ਸਥਿਰਤਾ ਨਾਲ ਆਪਣੀ ਗ਼ਲਤੀ ਸੁਣ ਤੇ ਸਮਝ ਲੈਣਾ ਵੀ ਇੱਕ ਬਹੁਤ ਵੱਡੀ ਕਲਾ ਹੈ ਜੋ ਦਰਸਾਉਂਦੀ ਹੈ ਕਿ ਤੁਸੀਂ ਵਿਕਾਸ ਦੀਆਂ ਰਾਹਾਂ ਤੇ ਹੋ। ਆਪਣੀ ਗ਼ਲਤੀ ਨੂੰ ਮੰਨ ਕੇ,ਸਮਝ ਕੇ ਤੇ ਉਸ ਤੋਂ ਸੇਧ ਲੈਣ ਵਾਲਾ ਵਿਅਕਤੀ ਸਫ਼ਲਤਾ ਦੀਆਂ ਪੌੜੀਆਂ ਬਿਨਾ ਹਫ਼ੇ ਚੜ੍ਹ ਜਾਂਦਾ ਹੈ ।ਜੋ ਵਿਅਕਤੀ ਆਪਣੀ ਗ਼ਲਤੀ ਬਾਰੇ ਜਾਣੂ ਹੋ ਕੇ ਵੀ ਉਸ ਗ਼ਲਤੀ ਨੂੰ ਬਾਰ-ਬਾਰ ਜਾਂ ਜਾਣ-ਬੁੱਝ ਕੇ ਦੁਹਰਾ ਰਿਹਾ ਹੈ ਇਸ ਤੋਂ ਭਾਵ ਹੈ ਕਿ ਉਹ ਮਹਾਂ-ਮੂਰਖ ਹੈ। ਖ਼ੁਦ ਦੀ ਗ਼ਲਤੀ ਨੂੰ ਗ਼ਲਤੀ ਨਾ ਮੰਨਣਾ ਵੀ ਇੱਕ ਬਹੁਤ ਵੱਡੀ ਗ਼ਲਤੀ ਹੈ। ਕਿਸੇ ਬੁੱਧੀਜੀਵੀ ਨੇ ਵੀ ਕਿਹਾ ਹੈ ਕਿ ਜ਼ਿੰਦਗੀ ਵਿਚ ਗ਼ਲਤੀ ਕਰੋ ਪਰ ਹਰ ਵਾਰ ਨਵੀਂ। ਇੱਥੇ ਇਹ ਵੀ ਭਾਵ ਕੱਢਣਾ ਗ਼ਲਤ ਹੈ ਕਿ ਜਾਣ-ਬੁਝ ਕੇ ਗ਼ਲਤੀਆਂ ਕੀਤੀਆਂ ਜਾਣ ।ਜੇਕਰ ਇਨਸਾਨ ਨੂੰ ਪਤਾ ਹੈ ਕਿ ਅੱਗੇ ਖ਼ੂਹ ਜਾਂ ਖਾਈ ਹੈ ਅਤੇ ਨੁਕਸਾਨ ਨਿਸ਼ਚਿਤ ਹੈ ਤਾਂ ਉਸ ਕੰਮੋਂ ਟਲ ਜਾਣਾ ਹੀ ਸਿਆਣਪ ਹੈ। ਆਰਟ ਆਫ ਲਿਵਿੰਗ ਦੇ ਸੰਸਥਾਪਕ,ਧਾਰਮਿਕ ਗੁਰੂ ਸ੍ਰੀ ਸ੍ਰੀ ਰਵੀ ਸ਼ੰਕਰ ਜੀ ਦਾ ਕਹਿਣਾ ਹੈ ਕਿ ਨਾ ਚਾਹੁੰਦੇ ਹੋਏ ਕਿਤੇ ਗ਼ਲਤੀ ਹੋ ਵੀ ਜਾਂਦੀ ਹੈ ਤਾਂ ਆਪਣੀ ਗ਼ਲਤੀ ਮੰਨ ਲਓ ਅਤੇ ਦੋਸ਼ੀ ਭਾਵ ਤੋਂ ਮੁਕਤ ਹੋ ਜਾਓ ਅਤੇ ਗਿਆਨ ਦੇ ਰਸਤੇ 'ਚ ਅੱਗੇ ਵਧੋ।

ਆਮ ਆਦਮੀ ਹਉਮੈ ਅਤੇ ਹੰਕਾਰ ਨਾਲ ਭਰਿਆ ਪਿਆ ਹੈ।ਆਪਣੇ ਅੰਦਰ ਵਿਛੀਆਂ ਅਹੰਕਾਰ ਦੀਆਂ ਖੋਖਲੀਆਂ ਬਰਮੀਆਂ ਪੁੱਟ ਸੁੱਟੋ। ਅਹੰਕਾਰ ਗ਼ਲਤੀ ਮੰਨਣ ਦੀ ਭਾਵਨਾ ਨੂੰ ਉਪਜਣ ਹੀ ਨਹੀਂ ਦਿੰਦਾ ।ਲੰਕਾ ਦੇ ਰਾਜਾ ਰਾਵਣ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਸੀ ਪ੍ਰੰਤੂ ਉਸ ਦੀ ਹਉਮੈ ਨੇ ਉਸ ਨੂੰ ਹਨੇਰੇ 'ਚ ਰੱਖ ਛੱਡਿਆ। ਨਤੀਜਾ ਇਹ ਹੋਇਆ ਕਿ ਉਹ ਗਿਆਨੀ ਹੁੰਦੇ ਹੋਏ ਵੀ ਸਰਬਨਾਸ਼ ਦੀ ਚਰਮਸੀਮਾ ਤੱਕ ਪਹੁੰਚ ਗਿਆ।ਆਪਣੀ ਗ਼ਲਤੀ ਮੰਨ ਕੇ ਅਸੀਂ ਅੰਦਰੋਂ ਖ਼ਾਲੀ ਹੋ ਜਾਂਦੇ ਹਾਂ ਅਤੇ ਉਸ ਨਵੇਂ ਨਕੋਰ ,ਸਾਫ਼-ਸੁਥਰੇ ਭਾਂਡੇ ਵਾਂਗ ਹੋ ਜਾਂਦੇ ਹਾਂ ਜਿਸ ਵਿੱਚ ਕੋਈ ਚੀਜ਼ ਖ਼ਰਾਬ ਹੋਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸਾਡੀ ਸੋਚ ਸ਼ੁੱਧ ਰਹਿੰਦੀ ਹੈ ।ਅਸੀਂ ਆਪਣੀ ਨਿਰੰਤਰ ਮਿਹਨਤ ਨਾਲ ਨੇਕੀ ਦੀਆਂ ਪੈੜਾਂ ਛੱਡਦੇ ਹੋਏ ਜੀਵਨ ਯਾਤਰਾ ਤੇ ਤੁਰੇ ਰਹਿੰਦੇ ਹਾਂ।ਆਓ ਡਟ ਕੇ ਕੰਮ ਕਰੀਏ ਤੇ ਨਿਰੰਤਰ ਕਾਰਜਸ਼ੀਲ ਰਹਿ ਕੇ ਆਪਣੀ ਮੰਜ਼ਿਲ ਸਰ ਕਰੀਏ।ਇਹੀ ਜ਼ਿੰਦਗੀ ਹੈ ਤੇ ਇਹੀ ਜਿਉਣ ਦੀ ਕਲਾ।

ਰੇਣੂ ਕੌਸ਼ਲ (ਸਟੇਟ ਅਵਾਰਡੀ)
ਈ ਟੀ ਟੀ ਟੀਚਰ
ਸ.ਐ. ਸਕੂਲ ਈ ਈ,ਨੰਗਲ
ਮੋਬ: 9876877607

# ਹੁਣ ਤਾਂ ਪਿੰਡਾਂ ਵਿੱਚ ਭਾਈਚਾਰੇ ਦੀ ਥਾਵੇਂ ਬਹੁਤੇ

ਹੁਣ ਤਾਂ ਪਿੰਡਾਂ ਵਿੱਚ ਭਾਈਚਾਰੇ ਦੀ ਥਾਵੇਂ ਬਹੁਤੇ ਪਾਰਟੀਆਂ ਵਾਲੇ ਤੇ ਸਿਆਸਤ ਕਰਨ ਵਾਲੇ ਬੰਦੇ ਰਹਿੰਦੇ ਹਨ..!

ਪਿੰਡ ਇੱਕ ਵਧੀਆਂ ਲੋਕਾਂ ਦਾ ਸਮੂੰਹ ਕਿਹਾ ਜਾਂਦਾ ਸੀ,ਜਾਂ ਬਹੁਤੀ ਥਾਵੇਂ ਅੱਜ ਵੀ ਪਿੰਡ ਪਿੰਡਾਂ ਵਰਗੇ ਹਨ,ਭਾਵ ਭਾਈਚਾਰਕ ਸਾਂਝ ਤੇ ਭਾਈਚਾਰਾ ਅੱਜ ਵੀ ਬਰਕਰਾਰ ਰੱਖਿਆ ਹੋਇਆ ਹੈ, ਹੁਣ ਪਿੰਡ ਪਹਿਲਾਂ ਵਰਗੇ ਨਹੀਂ ਰਹੇ ਜਾਂ ਪਿੰਡਾਂ ਦੇ ਲੋਕ ਹੀ ਪਹਿਲਾਂ ਵਰਗੇ ਨਹੀਂ ਰਹੇ,ਬਹੁਤ ਕੁੱਝ ਬਦਲ ਗਿਆ ਹੈ,ਇਹ ਕਿਉਂ ਬਦਲਿਆ ਤੇ ਕਿਵੇਂ ਬਦਲਿਆ ਸੋਚਣ ਲਈ ਮਜਬੂਰ ਕਰਦਾ ਹੈ।

ਪੰਜਾਬ ਦੀ ਜ਼ੇਕਰ ਰੂਹ ਵੱਸਦੀ ਸੀ ਉਹ ਸੀ ਪਿੰਡ ,ਪੰਜਾਬ ਵਿੱਚ ਭਾਈਚਾਰੇ ਦੀ ਮਿਸਾਲ ਵੇਖਣ ਨੂੰ ਮਿਲਦੀ ਸੀ ਉਹ ਸੀ ਪਿੰਡ,ਪਰ ਅੱਜਕਲ੍ਹ ਸਿਆਸੀ ਲੋਕਾਂ ਨੇ ਪਿੰਡਾਂ ਵਿੱਚ ਧੜੇ ਬਣਾਕੇ ਰੱਖ ਦਿੱਤੇ,ਪਿੰਡਾਂ ਦੇ ਲੋਕ ਆਪਣੇ ਭਾਈਚਾਰੇ ਨਾਲੋਂ ਵੱਧ ਕੇ ਅੱਜ ਸਿਆਸਤ ਤੇ ਸਿਆਸੀ ਪਾਰਟੀ ਵਿੱਚ ਆਪਣੀ ਰੁੱਚੀ ਜ਼ਿਆਦਾ ਵਿਖਾਉਂਦੇ ਹਨ।ਉਂਝ ਤੇ ਸਿਆਸਤ ਘਰ ਦੀ ਇੱਕ ਰਸੋਈ ਤੋਂ ਸ਼ੁਰੂ ਹੋ ਜਾਂਦੀ ਹੈ, ਭਾਵ ਕੀ ਘਰ ਦੇ ਵਿੱਚ ਹੀ ਘਰਦੇ ਜੀਅ ਇੱਕ ਔਰਤ ਹੀ ਦੂਸਰੀ ਔਰਤ ਤੋਂ ਕਤਰਾਉਣ ਲੱਗ ਜਾਂਦੀ ਹੈ,ਸਾੜਾ ਕਰਨ ਲੱਗ ਜਾਂਦੀ ਹੈ, ਕੀ ਇਹ ਕੰਮ ਉਹ ਕਰੇਗੀ ਦੂਸਰੀ ਆਖੇਗੀ ਇਹ ਕੰਮ ਉਹ ਕਰੇਗੀ, ਇਹੋ ਤੇਰੇ ਮੇਰੇ ਵਿੱਚ ਬਦਲਕੇ ਵੱਖੋ ਵੱਖ ਵਾਲੇ ਘਰ ਵਾਰ ਤੇ ਰਾਹ ਅਲੱਗ ਅਲੱਗ ਹੋ ਜਾਂਦੇ ਹਨ।ਸਾਰੇ ਹੀ ਪਿੰਡਾਂ ਵਾਲ਼ੇ ਸੋਚਣ ਕੀ ਪਿੰਡਾਂ ਵਿੱਚ ਸਿਆਸਤ ਕਰਨੀ ਜ਼ਰੂਰੀ ਹੈ, ਪਿੰਡਾਂ ਦੇ ਆਪਣੇ ਹੀ ਲੋਕਾਂ ਨੂੰ ਮੂਰਖ ਬਣਾਈ ਜਾਣਾ ਚੰਗੀ ਗੱਲ ਹੈ, ਆਪਣੇ ਹੀ ਪਿੰਡਾਂ ਵਿੱਚ ਲੜਾਈਆਂ ਝਗੜੇ ਕਰਵਾਈ ਜਾਣੇ ,ਕੀ ਸਿਆਣਪ ਦਾ ਸਬੂਤ ਹੈ,ਹੁਣ ਬਹੁਤ ਲੋਕਾਂ ਦਾ ਖ਼ਿਆਲ ਹੈ ਕੀ ਪਿੰਡ ਨਾਲੋਂ ਸ਼ਹਿਰ ਵਿੱਚ ਹੀ ਠੀਕ ਹਾਂ, ਆਖਿਰ ਕਿਉਂ ਪਿੰਡਾਂ ਵਾਲੇ ਲੋਕ ਸ਼ਹਿਰ ਨੂੰ ਜਾਣ ਨੂੰ ਪਹਿਲ ਦੇਣ ਲੱਗੇ।

ਦੂਸਰੇ ਪਾਸੇ ਅੱਜ ਵੀ ਬਹੁਤੇ ਸ਼ਹਿਰੀ ਲੋਕਾਂ ਦਾ ਦਿਲ ਅੱਜ ਵੀ ਪਿੰਡ ਆਉਣ ਨੂੰ ਕਰਦਾ ਹੈ, ਪਰ ਸਕੂਨ ਸ਼ਹਿਰ ਵਿੱਚ ਵੀ ਨਹੀਂ,ਕਿਉਂਕਿ ਜਿੱਥੇ ਸਕੂਨ ਮਿਲਦਾ ਹੈ ਆਦਮੀ ਉੱਥੇ ਹੀ ਰਹਿਣ ਵਿੱਚ ਸਕੂਨ ਮਹਿਸੂਸ ਕਰਦਾ ਹੈ, ਸਕੂਨ ਉੱਥੇ ਹੀ ਹੈ ਜਿੱਥੇ ਭਾਈਚਾਰਕ ਸਾਂਝ ਅੱਜ ਵੀ ਬਰਕਰਾਰ ਹੈ,ਭਾਵੇਂ ਸਾਡਾ ਜ਼ਿੰਦਗੀ ਜਿਊਣ ਤੇ ਬਿਤਾਉਣ ਦਾ ਤਰੀਕਾ ਵੱਖਰਾ ਹੈ ਜਾਂ ਬਦਲ ਗਿਆ ।

ਪਿੰਡ ਸਾਡੇ ਪੰਜਾਬੀਆਂ ਦਾ ਦਿਲ ਹਨ,ਪਿੰਡਾਂ ਵਿੱਚ ਸਾਡੇ ਬਜ਼ੁਰਗਾਂ ਦੀਆਂ ਜਿਵੇਂ ਅੱਜ ਵੀ ਰੂਹਾਂ ਵਸਦੀਆਂ ਹੋਣ,ਪਰ ਪਿੰਡ ਵੀ ਚੰਗੇ ਬੰਦਿਆਂ ਨਾਲ ਹੀ ਚੰਗੇ ਲੱਗਦੇ ਹਨ,ਇਸ ਲਈ ਸਿਆਸੀ ਲੋਕਾਂ ਨੂੰ ਬੇਨਤੀ ਕਰਦੇ ਹਾਂ ਕੀ ਆਪਣੀ ਸਿਆਸਤ ਤੇ ਸਿਆਸੀ ਗੱਲਾਂ ਪਿੰਡਾਂ ਤੋਂ ਬਾਹਰ ਹੀ ਛੱਡ ਆਇਆ ਕਰੋ,ਸਾਰੇ ਹੀ ਆਪਣੇ ਆਪਣੇ ਪਿੰਡਾਂ ਵਿੱਚ ਵਿਕਾਸ ਤੇ ਭਾਈਚਾਰੇ ਦੀ ਇੱਕ ਮਜਬੂਤ ਨੀਂਹ ਦਾ ਕੰਮ ਕਰੀਏ।

ਉਂਝ ਭਾਵੇ ਪਿੰਡਾਂ ਵਿੱਚ ਬਹੁਤ ਸਾਰੀਆਂ ਸਹੂਲਤਾਂ ਹੋ ਗਈਆਂ ਹਨ ਪਰ ਭਾਈਚਾਰੇ ਦੀ ਸਾਂਝ ਗੁੰਮ ਹੋ ਗਈ ਹੈ ,ਸਾਡੀ ਪਿੰਡਾਂ ਵਾਲਿਆਂ ਦੀ ਸਭ ਤੋਂ ਵੱਡੀ ਸਹੂਲਤ ਤਾਂ ਸਾਡਾ ਸਭ ਦਾ ਪਿਆਰ ਹੈ, ਸਾਡੀ ਸਹੂਲਤ ਭਾਈਚਾਰਕ ਏਕਤਾ ਹੈ, ਇਸ ਲਈ ਪਿੰਡਾਂ ਨੂੰ ਵੀ ਸਹੂਲਤਾਂ ਵੱਖੋ ਮੋਹਰੀ ਤੇ ਉੱਨਤੀ ਵਾਲੇ ਬਣਾਉਣ ਲਈ ਸਾਰੇ ਹੀ ਪਿੰਡਾਂ ਦਾ ਏਕਾ ਹੋਣਾ ਜ਼ਰੂਰੀ ਹੈ, ਭਾਈਚਾਰਕ ਸਾਂਝ ਹੋਣੀ ਜ਼ਰੂਰੀ ਹੈ, ਸੋ ਕ੍ਰਿਪਾ ਕਰਕੇ ਪਿੰਡਾਂ ਵਿੱਚ ਸਿਆਸਤ ਨਾ ਕਰਿਆ ਕਰੋ,ਸਿਆਸੀ ਗੱਲਾਂ ਤੋਂ ਗੁਰੇਜ਼ ਕਰਿਆ ਕਰੋ,ਅਸੀਂ ਸਾਰੇ ਪਿੰਡਾਂ ਨੂੰ ਏਕਤਾ ਦਾ ਪ੍ਰਤੀਕ ਬਣਾਈਏ,ਕਿਸੇ ਸਿਆਸਤ ਦੇ ਅਖਾੜੇ ਨਾ ਬਣਾਈਏ।

ਲਿਖਤ ਗੁਰਪ੍ਰੀਤ ਸਿੰਘ ਜਖਵਾਲੀ
ਮੋਬਾਇਲ 98550 36444

# ਜੱਜ ਸਾਹਿਬ



ਰਮੇਸ਼ ਇੰਦਰ ਸ਼ਰਮਾ
ਮੋ ਨੰ. 98148-46159

ਇਕ ਸਰਕਾਰੀ ਮਾਮਲੇ ਵਿੱਚ ਮੈਨੂੰ ਕੋਰਟ ਕਚਹਿਰੀ ਦੇ ਵਿੱਚ ਜੱਜ ਸਾਹਿਬ ਦੇ ਸਾਹਮਣੇ ਪੇਸ਼ ਹੋਣਾ ਪਿਆ। ਇਕ ਮੁੱਕਦਮਾਂ ਬੈਂਕ ਦੇ ਕੰਮ ਕਾਜ ਨਾਲ ਸੰਬੰਧਿਤ ਸੀ। ਬੈਂਕ ਦੇ ਵਿੱਚ ਚੀਫ਼ ਮੈਨੇਜਰ ਹੋਣ ਦੇ ਨਾਤੇ, ਇਸਦਾ ਸਿੱਧਾ ਸੰਬੰਧ ਤਾਂ ਮੇਰੇ ਨਾਲ ਨਹੀਂ ਸੀ, ਫਿਰ ਵੀ ਜਿਸ ਮਹਿਕਮੇਂ ਵਿੱਚ ਕੰਮ ਕੀਤਾ ਹੋਵੇ ਉਹ ਘਰ ਦਾ ਮਾਮਲਾ ਹੀ ਹੋ ਜਾਂਦਾ ਹੈ। ਪਹਿਲੇ ਵਿਆਹ ਦੀ ਤਰ੍ਹਾਂ, ਜਿਸ ਤਰ੍ਹਾਂ ਨਵੀਂ ਵਿਆਹੀ ਨੂੰ ਦੂਸਰੇ ਘਰ ਦੇ ਮਾਹੌਲ, ਲੋਕਾਂ ਦੇ ਵਾਰੇ ਪਤਾ ਨਹੀਂ ਹੁੰਦਾ। ਮੰਨ ਦੇ ਵਿੱਚ ਡਰ ਹੁੰਦਾ ਹੈ ਕਿ ਖਬਰੇ ਕੋਈ ਵੀ ਗੱਲ ਪੁੱਛ ਲਵੇ, ਮੇਰੇ ਵੀ ਮਨ ਵਿੱਚ ਤਰ੍ਹਾਂ-ਤਰ੍ਹਾਂ ਦੇ ਸਵਾਲ ਪੈਦਾ ਹੋ ਰਹੇ ਸਨ। ਕਚਹਿਰੀ ਵਿੱਚ ਕੀ ਹੋਵੇਗਾ, ਮੇਰਾ ਤਾਂ ਕੋਈ ਕਸੂਰ ਹੀ ਨਹੀਂ ਇਕ ਦਿਨ ਪਹਿਲਾਂ ਮੈਂ ਵਕੀਲ ਸਾਹਿਬ ਨੂੰ ਵੀ ਮਿਲ ਕੇ ਆਇਆ, ਉਸਨੇ ਵੀ ਜਮਦੂਤ ਦੀ ਤਰ੍ਹਾਂ ਇੰਨਾਂ ਡਰਾ ਦਿੱਤਾ, ਕਿ ਦੇਖੋ ਜੱਜ ਸਾਹਿਬ ਬਹੁਤ ਸਖ਼ਤ ਹਨ, ਜੋ ਸਚਾਈ ਹੈ ਉਸਨੂੰ ਆਪਾਂ ਝੁਠਲਾ ਨਹੀਂ ਸਕਦੇ, ਆਖਿਰਕਾਰ ਜਿੱਤਦੇ ਹਾਂ ਜਾਂ ਹਾਰਦੇ ਹਾਂ, ਇਹ ਤਾਂ ਤੁਹਾਡੀ ਜਵਾਬ ਤੇ ਹੀ ਨਿਰਭਰ ਕਰਦਾ ਹੈ, ਇੱਕ ਝੂਠ ਬੋਲ ਕੇ ਅਸੀਂ ਦੋਬਾਰਾ ਕਿੰਨੇ ਝੂਠ ਬੋਲਦੇ ਹਾਂ, ਇਕ ਝੂਠ ਨੂੰ ਛਿਪਾਉਣ ਦੇ ਲਈ ਕਿੰਨੇ ਝੂਠ ਦਾ ਸਹਾਰਾ ਲੈਣਾ ਪੈਂਦਾ ਹੈ। ਆਖਿਰਕਾਰ ਸੱਚ ਕਿਸੇ ਨਾ ਕਿਸੇ ਰੂਪ ਵਿੱਚ ਸਾਹਮਣੇ ਆਉਂਦਾ ਹੈ, ਕਿਉਂਕਿ ਕਲੱਯੁਗ ਦਾ ਜਮਾਨਾ ਹੈ, ਅਸਲੀਅਤ ਬਹੁਤ ਜਲਦੀ ਸਾਹਮਣੇ ਆ ਜਾਂਦੀ ਹੈ। ਵਕੀਲ ਸਾਹਿਬ ਦੀਆਂ ਗੱਲਾਂ ਸੁਣ ਕੇ ਮੇਰਾ ਸਾਹ ਸੁੱਕ ਰਿਹਾ ਸੀ ਤੇ ਮੈਂ ਪਾਣੀ ਦਾ ਗਿਲਾਸ ਪੀਤਾ। ਵਕੀਲ ਦੇ ਮੁਨਸ਼ੀ ਨੇ ਹੌਸਲਾਂ ਜਿਹਾ ਦਿੱਤਾ, ਇੰਨੀ ਵੀ ਕੋਈ ਚਿੰਤਾ ਕਰਨ ਦੀ ਲੋੜ ਨਹੀਂ, ਜੱਜ ਸਾਹਿਬ ਭਾਵੇ ਬਹੁਤ ਸਖ਼ਤ ਹਨ ਪਰੰਤੂ ਦਿਆਲੂ ਵੀ ਬਹੁਤ ਹਨ, ਤੁਸੀਂ ਇਥੇ ਹਲਫ਼ਨਾਮੇ ਤੇ ਦਸਤਖ਼ਤ ਕਰੋ, ਬਾਕੀ ਵਕੀਲ ਸਾਹਿਬ ਸੰਭਾਲ ਲੈਣਗੇ ਅਤੇ ਕੱਲ ਸਹੀ ਟਾਇਮ ਤੇ ਕਚਹਿਰੀ ਵਿੱਚ ਆ ਜਾਣਾ, ਸਮੇਂ ਵਿੱਚ ਕੋਈ ਤਬਦੀਲੀ ਨਹੀਂ ਹੋਣੀ, ਇਸ ਕੇਸ ਨਾਲ ਸੰਬੰਧਤ ਸਾਰੇ ਅਸਲੀ ਦਸਤਾਵੇਜ਼ ਵੀ ਲੈਂਦੇ ਆਉਣਾ ਹੈ।

ਮੈਂ ਢਿੱਲੇ ਜਿਹੇ ਮੂੰਹ ਨਾਲ ਨਮਸਕਾਰ ਕੀਤੀ ਤੇ ਘਰ ਆ ਗਿਆ। ਘਰ ਵਾਲੀ ਨੇ ਵੀ ਮੇਰਾ ਮੂੰਹ ਜਰ੍ਹਾ ਲਟਕਿਆ ਦੇਖਿਆ, ਪਾਣੀ ਪਿਲਾ ਕੇ ਪੁੱਛਿਆ ਸੱਭ ਠੀਕ ਹੈ। ਉਪਰੋਂ ਉਪਰੋਂ ਦਿਲਾਸਾ ਮੈਂ ਵੀ ਦਿੱਲਾ ਦਿੱਤਾ ਕਿ ਹਾਂ ਸੱਭ ਠੀਕ ਹੈ, ਪਰੰਤੂ ਮੈਨੂੰ ਵਕੀਲ ਨੇ ਬਹੁਤ ਡਰਾ ਦਿੱਤਾ ਕਿ ਜੱਜ ਦੇ ਸਾਹਮਣੇ ਪੇਸ਼ ਹੋਣਾ, ਜਰ੍ਹਾ ਤਿਆਰੀ ਕਰਕੇ ਆਉਣਾ। ਸ਼੍ਰੀਮਤੀ ਜੋ ਕਿ ਪਾਠ ਕਰ ਰਹੀ ਸੀ, ਉਸਨੇ ਕਿਹਾ, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੁੰਦੀ, ਜਿਸ ਤਰ੍ਹਾਂ ਰੱਬ ਦੇ ਘਰ ਇਨਸਾਫ਼ ਹੁੰਦਾ ਹੈ, ਜੱਜ ਵੀ ਰੱਬ ਦੀ ਤਰ੍ਹਾਂ ਹਰ ਇੱਕ ਗੱਲ ਸੁਣਦੇ ਹਨ ਤਾਂ ਹੀ ਫੈਸਲਾ ਦਿੰਦੇ ਹਨ। ਬਹੁਤ ਥਕਾਵਟ ਹੋਣ ਕਰਕੇ, ਮੈਂ ਦਿਨ ਵਿੱਚ ਹੀ ਸੋ ਗਿਆ । ਸੁਪਣੇ ਦੇ ਵਿੱਚ ਜਮਦੂਤ (ਵਕੀਲ) ਆਇਆ ਤੇ ਮੈਨੂੰ ਕਿਹਾ ਕਿ ਚੱਲੋ ਸਮਾਂ ਹੋ ਗਿਆ ਹੈ। ਤੁਹਾਨੂੰ ਧਰਮਰਾਜ ਦੇ ਪਾਸ ਲੈ ਕੇ ਜਾਣਾ ਹੈ। ਉਥੇ ਤੁਹਾਡੇ ਕਰਮਾਂ ਦਾ ਲੇਖਾ ਜੋਖਾ ਹੋਵੇਗਾ। ਆਪਣਾ ਹਿਸਾਬ ਕਿਤਾਬ ਯਾਦ ਕਰ ਲਵੋਂ ਤੁਸੀ ਕੀ ਚੰਗੇ ਤੇ ਮੰਦੇ ਕਰਮ ਕੀਤੇ ਹਨ। ਵਕੀਲ ਦੀ ਤਰ੍ਹਾਂ ਉਸਨੇ ਵੀ ਬਹੁਤ ਡਰਾ ਦਿੱਤਾ ਕਿ ਰਸਤੇ ਵਿਚ ਗਰਮ ਪਾਣੀ ਦੀ ਨਦੀ ਹੈ। ਸੂਈ ਦੇ ਨੱਕ ਵਿੱਚ ਵੀ ਨਿਕਲਣਾ ਹੈ, ਭਿਆਨਕ ਜਾਨਵਰ ਤੇ ਰਾਖਸ਼ਸ਼ ਰਸਤੇ ਵਿੱਚ ਮਿਲਣਗੇ, ਬਾਕੀ ਹਿਸਾਬ-ਕਿਤਾਬ ਰੱਬ ਦੇ ਦਫ਼ਤਰ ਵਿਚ ਸਾਰਾ ਹੈ, ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਉਹ ਸੱਭ ਕੁਝ ਜਾਣਦਾ ਹੈ, ਝੂਠ ਬੋਲਨ ਦੀ ਕੋਈ ਲੋੜ ਨਹੀਂ। ਇਕ ਝੂਠ ਬੋਲਿਆ ਤਾਂ ਪਕੜੇ ਜਾ ਸਕਦੇ ਹੋ ਤੇ ਰੱਬ ਰੂਪੀ (ਜੱਜ) ਤੁਹਾਨੂੰ ਸਖ਼ਤ ਸਜਾ ਵੀ ਦੇ ਸਕਦਾ ਹੈ, ਤੇ ਛੱਡ ਵੀ ਸਕਦਾ ਹੈ। ਮੈਂ ਮਨ ਹੀ ਮਨ ਘਬਰਾ ਗਿਆ। ਪੁਰਾਣੇ ਸਾਰੇ ਪਾਠ ਪੂਜਾ ਕੀਤੇ, ਚਾਲੀਸੇ, ਆਰਤੀਆਂ ਅਰਦਾਸਾਂ ਯਾਦ ਕੀਤੀਆਂ ਤੇ ਟੁਟੇ ਜਿਹੇ ਮਨ ਨਾਲ ਉਸਦੇ ਨਾਲ ਚੱਲ ਪਿਆ। ਬਹੁਤ ਭੀੜ ਲੱਗੀ ਹੋਈ ਸੀ, ਕਾਲੇ ਕਪੜਿਆਂ ਵਾਲੇ ਜਮਦੂਤ, ਲੱਖਾਂ ਹੀ ਲੋਕ ਕਤਾਰਾਂ ਵਿੱਚ ਖੜੇ ਸਨ। ਮੇਰੀ ਵੀ ਆਵਾਜ਼ ਪੈ ਗਈ, ਹਾਜ਼ਰ ਹੋ। ਯਮਦੂਤ ਨੇ ਕਿਹਾ ਜਨਾਬ ਇਹ ਹੈ, ਉਥੇ ਬੈਠੇ ਸਰਕਾਰੀ ਸਹਾਇਕ ਨੇ ਸਾਰਾ ਕਿੱਸਾ ਖੋਲਿਆ ਤੇ ਪੁੱਛਿਆ ਕਿ ਇਹ ਕੰਮ ਤੁਸੀ ਚੰਗੇ ਕੀਤੇ, ਕੋਈ ਕਤਲ ਨਹੀਂ, ਕੋਈ ਡਾਕਾ - ਚੋਰੀ ਨਹੀਂ, ਜਾਣੇ-ਅਣਜਾਣੇ ਕੁਝ ਬੰਦਿਆ ਨਾਲ ਬੈਠ ਕੇ ਬੁਰੇ ਕੰਮ ਕੀਤੇ ਹਨ। ਕਲਜੁੱਗ ਦੇ ਵਿੱਚ ਇੰਨਾਂ ਸਾਫ਼ ਸੁਥਰਾ ਰਹਿਣ ਸਹਿਣ ਜਾਨਵਰ ਵੀ ਮਾਰ ਕੇ ਨਹੀਂ ਖਾਦੇ, ਸ਼ਰਾਬ ਤੀਕਰ ਨਹੀਂ ਪੀਤੀ । ਧਰਮ ਕਰਮ ਵੀ ਕਰਦਾ ਰਿਹਾ । ਕਲਯੁਗ ਦੇ ਵਿੱਚ ਥੋੜੀ ਬਹੁਤੀ ਹੇਰਾਫੇਰੀ ਕੀਤੀ ਜਾਂ ਮਨ ਵਿੱਚ ਆਈ, ਦੁਨੀਆਦਾਰੀ ਹੈ, ਇਨਸਾਨ ਹੈ ਕੋਈ ਦੇਵਤੇ ਨਹੀਂ। ਯਮਰਾਜ ਨੇ ਵੀ ਮੁਸਕੁਰਾਹਟ ਦਿਖਾਈ ਤੇ ਸਾਹਿਬ ਦੇ ਅੱਗੇ ਖੁੱਲਾ ਛੱਡ ਕੇ ਖੜ੍ਹਾ ਦਿੱਤਾ, ਫੈਸਲਾ ਦਾ ਇੰਤਜਾਰ ਕਰੋ। ਫੈਸਲਾ ਤਾਂ ਆਖਿਰਕਾਰ, ਪ੍ਰਮਾਤਮਾ ਨੇ ਸੁਨਾਣਾ ਸੀ। ਫੈਸਲਾ ਸੁਨਾਣਾ ਹੀ ਸੀ, ਕਿ ਸ਼੍ਰੀਮਤੀ ਜੀ ਨੇ ਕਿਹਾ ਉਠੋ, ਅੱਜ ਪੇਸ਼ੀ ਹੈ, ਪ੍ਰਮਾਤਮਾ ਦਾ ਨਾਂ ਲਵੋ ਤੇ ਜਾਓ, ਨਾਲੇ ਦਿਲ ਦੀ ਦਵਾਈ ਪਹਿਲਾਂ ਲੈ ਲੈਣ, ਕਮਜੋਰ ਜਿਹਾ ਤਾਂ ਤੁਹਾਡਾ ਦਿਲ ਹੈ, ਮੈਂ ਨਾਲ ਚਲਾਂ, ਪਰ ਬੈਂਕ ਦਾ ਕੰਮ ਹੈ, ਮੈਂ ਕੀ ਕਰਨਾ ਉਥੇ।

ਤਿਆਰ ਹੋ ਕੇ ਉੱਥੇ ਕਚਿਹਰੀ ਵਿੱਚ ਪਹੁੰਚਿਆ ਤੇ ਪਤਾ ਚੱਲਿਆ ਕਿ ਜੱਜ ਸਾਹਿਬ ਅੱਜ ਛੁੱਟੀ ਤੇ ਹਨ ਤੇ ਪੇਸ਼ੀ ਦੋ ਮਹੀਨੇ ਦੀ ਤਾਰੀਖ ਮਿਲ ਗਈ ਹੈ। ਅਗਲੀ ਪੇਸ਼ੀ ਤੇ ਫਿਰ ਹਾਜਰ ਹੋਣਾ। ਦੋ ਮਹੀਨੇ ਬਾਅਦ ਫਿਰ ਪਹੁੰਚਿਆ ਤੇ ਹਾਜ਼ਰੀ ਲਵਾਈ, ਮੇਰੇ ਵਕੀਲ ਦੇ ਕੰਨ ਵਿੱਚ ਹੋਲੀ ਜਿਹਾ ਕਿਹਾ, ਚੱਲੋ ਅੱਜ ਫਿਰ ਨਹੀਂ ਕੁੱਝ ਹੋਣਾਂ, ਦੂਸਰੀ ਧਿਰ ਦਾ ਵਕੀਲ ਛੁੱਟੀ ਤੇ ਹੈ, ਫਿਰ ਇੱਕ ਮਹੀਨੇ ਦੀ ਤਾਰੀਖ ਮਿਲ ਗਈ। ਅਗਲੀ ਪੇਸ਼ੀ ਤੋਂ ਪਹਿਲਾਂ ਮੇਰਾ ਤਬਾਦਲਾ ਹੋ ਗਿਆ, ਤਰੱਕੀ ਲੈ ਕੇ ਮੈਂ ਦੂਸਰੇ ਪ੍ਰਾਂਤ ਵਿੱਚ ਵੱਡਾ ਅਫ਼ਸਰ ਬਣਕੇ ਚਲਾ ਗਿਆ। ਅੱਜ ਤੀਕਰ ਉਹ ਕੇਸ ਚੱਲ ਰਿਹਾ ਹੈ, 10 ਸਾਲ ਹੋ ਗਏ, ਕੋਈ ਫੈਸਲਾ ਨਹੀਂ ਹੋਇਆ, ਕਿੰਨੇ ਜੱਜ ਤੇ ਕਿੰਨ ਅਫ਼ਸਰ ਬਦਲ ਗਏ, ਜਿਸ ਕਰਮਚਾਰੀ ਨਾਲ ਸੰਬੰਧਤ ਉਹ ਕੇਸ ਸੀ, ਉਹ ਵੀ ਸਵਰਗ ਸੁਧਾਰ ਗਿਆ ਸੀ।

# ਮੈਂ ਵਾਰੀ ਵਾਰੀ ਆਂ

ਘਰ ਦੇ ਸਾਹਮਣੇ ਵਾਲੇ ਟੋਭੇ ਦੇ ਉੱਤੋਂ ਦੀ ਲੰਘ ਕੇ ਹਵਾ ਜਦੋਂ ਆ ਕੇ ਮੇਰੇ ਚ ਟਕਰਾਉਂਦੀ ਤਾਂ ਮਹਿਸੂਸ ਹੁੰਦਾ ਜਿਉਂ ਚਿਰਾਂ ਪਿੱਛੋਂ ਰੱਬ ਕੁਦਰਤ ਦੇ ਠੰਢੇ ਮਿੱਠੇ ਸੁਨੇਹੇ ਘੱਲ ਰਿਹਾ ਹੋਵੇ ਅੱਜ ਦੀ ਧੁੱਪਾਂ ਅਤੇ ਵਿੱਚੇ ਵਿੱਚੇ ਉਡਦੀ ਮਿੱਟੀ ਨਵੀਂ ਜੀ ਪ੍ਰਤੀਤ ਹੋ ਰਹੀ ਸੀ।ਘਰ ਦੇ ਚਾਰੇ ਪਾਸੇ ਵੇਖਦੀ ਤਾਂ ਡਰਾਉਣੇ ਜਿਹੇ ਮਹਿਸੂਸ ਹੁੰਦੇ ਦਰੱਖਤ ਅੱਜ ਹੱਸਦੇ ਗਾਉਂਦੇ ਨਜ਼ਰ ਆ ਰਹੇ ਸੀ ਪੱਤਿਆ ਦੀ ਅਵਾਜ ਬੱਚਿਆਂ ਦੀ ਕਿਲਕਾਰੀਆਂ ਵਾਂਗ ਪ੍ਰਤੀਤ ਹੋ ਰਹੀ ਸੀ।ਕੱਲ੍ਹ ਤੱਕ ਏਦਾਂ ਦਾ ਕੁੱਝ ਨਹੀਂ ਸੀ ਕੱਲ੍ਹ ਤੋਂ ਪਹਿਲਾਂ ਸਭ ਕੁੱਝ ਝੂਠ ,ਗਲਤ ਅਤੇ ਮਾੜਾ ਹੀ ਨਜ਼ਰ ਆ ਰਿਹਾ ਸੀ । ਕੱਲ੍ਹ ਵਾਪਰੀ ਇੱਕ ਘਟਨਾ ਜਿਉਂ ਵੱਡਾ ਬਦਲਾਅ ਲੈ ਕੇ ਆਈ ਸੀ ।



ਗੁਰਜੀਤ ਕੌਰ ਬਡਾਲੀ
9814168716

ਗੱਲ ਸਿੱਖਣ ਦੀ ਸੀ ਤੇ ਜੀਹਨੇ ਇਹ ਜਾਂਚ ਸਿੱਖ ਲਈ ਫੇਰ ਸਭ ਵਹਿਮ ਭਰਮ ਦੂਰ ਹੋ ਜਾਂਦੇ ਹਨ ।ਜਿਵੇਂ ਅਸੀਂ ਅਕਸਰ ਕਿਤੇ ਨਾ ਕਿਤੇ ਜਾਂਦੇ ਰਹਿੰਦੇ ਹਾਂ ਕਿਸੇ ਮੰਦਰ ,ਗੁਰਦੁਆਰੇ, ਡੇਰੇ ਜਾਂ ਪੀਰਾਂ ਫਕੀਰਾਂ ਦੇ ਅਤੇ ਸਾਡੀਆਂ ਆਸਾਂ ਉਮੀਦਾਂ ਹੁੰਦੀਆ ਨੇ ਕਿ ਫ਼ਲ ਲੱਗ ਜਾਵੇ ਸਾਡੇ ਭਾਗਾਂ ਨੂੰ, ਕਰਮਾਂ ਨੂੰ ਕੋਈ ਵੀ ਅਸਥਾਨ ਹੋਵੇ ਅਸੀਂ ਬਹੁਤ ਕਾਹਲ ਚੁੱਕਦੇ ਹਾਂ ਸਾਡੇ ਅੰਦਰਲੇ ਸਬਰ, ਨਿਮਰਤਾ ਵਿੱਚ ਵਾਧਾ ਕਰਨ ਦੀ ਵਜਾਏ ਅਸੀਂ ਸਾਡੀ ਕਾਹਲ ,ਉਤਸੁਕਤਾ, ਪ੍ਰਸ਼ਨਾਵਲੀ ਅਤੇ ਸ਼ੱਕਾਂ ਨੂੰ ਜਨਮ ਦੇਣ ਲੱਗ ਜਾਂਦੇ ਹਾਂ ਅਤੇ ਮੈਂ ਕੱਲ ਦੇ ਦਿਨ ਇਹੀ ਇਕ ਅਨਮੋਲ ਖਜ਼ਾਨਾ ਲੱਭ ਲਿਆ ਸੀ ਕਿ ਸਬਰ ਬਹੁਤ ਵੱਡੀ ਚੀਜ਼ ਹੈ ਇਹ ਸਿਖਤ ਮੈਨੂੰ ਕੁਦਰਤ ਵਿੱਚੋਂ ਹੀ ਲੱਭੀ ।ਕੁਦਰਤ ਤੇ ਰੱਬ ਇਹ ਦੋਨੋਂ ਵਿਸ਼ੇ ਅਲੱਗ ਨਹੀਂ ਹੋ ਸਕਦੇ ।ਜੇ ਤੁਸੀ ਕੁਦਰਤ ਦੇ ਆਸ ਪਾਸ ਰਹਿੰਦੇ ਹੋ ਤਾਂ ਰੱਬ ਵੀ ਨੇੜੇ ਨੇੜੇ ਹੀ ਮਹਿਸੂਸ ਹੁੰਦਾ ਹੈ ਅੱਜ ਕੁਦਰਤ ਮੈਨੂੰ ਇਉਂ ਪ੍ਰਤੀਤ ਹੋ ਰਹੀ ਸੀ ਜਿਵੇਂ ਮੇਰੇ ਕੋਲ ਬਹਿ ਕੇ ਗੱਲਾਂ ਸੁਣ ਰਹੀ ਹੋਵੇ ਆਪਣੀ ਬੁੱਕਲ ਵਿਚੋਂ ਸ਼ਬਦ ਕੱਢ ਕੱਢ ਕੇ ਮੇਰੇ ਲਈ ਚਿਣ ਰਹੀ ਹੋਵੇ ।ਰੱਬ ਸਾਡੇ ਆਪਣੇ ਵਿਸ਼ਵਾਸ ਦਾ ਵਿਸ਼ਾ ਹੁੰਦਾ ਹੈ ।ਮੌਜੂਦਾ ਚੀਜ਼ਾਂ ਰਿਸ਼ਤਿਆ ਦੇ ਲਈ ਸ਼ੁਕਰਗੁਜ਼ਾਰ ਹੋ ਕੇ ਹੀ ਆਪਣੀਆਂ ਆਸਾਂ ਉਮੀਦਾ ਦੇ ਪੂਰ ਚੜਨ ਦੇ ਰਾਹ ਨੂੰ ਹੋਰ ਸੁਖਾਲਾ ਕੀਤਾ ਜਾ ਸਕਦੈ।ਕੁਦਰਤ ਵਿੱਚ ਲੁਕੀਆਂ ਪਈਆਂ ਇਹ ਗੱਲਾਂ ਸਾਨੂੰ ਖੁਦ ਲੱਭਣੀਆਂ ਪੈਂਦੀਆਂ ਹਨ ।ਆਪਣੇ ਕੰਮ-ਕਾਰ, ਕਿੱਤੇ ਨਾਲ ਪਿਆਰ ਪੈ ਜਾਣ ਤੇ ਹੀ ਸਭ ਸੁਖਾਲਾ ਜਿਹਾ ਮਹਿਸੂਸ ਹੁੰਦਾ ਹੈ ।ਇਹ ਭਾਰ ਸੋਚਾਂ-ਟੈਂਨਸ਼ਨਾ ਇਹ ਸਭ ਤਾਂ ਦਿਮਾਗ ਦੀ ਹੀ ਉਪਜ਼ ਹੁੰਦੀਆਂ ਹਨ ।ਜਦੋਂ ਅਸੀਂ ਇਹਨਾਂ ਗੱਲਾਂ ਨੂੰ ਆਪਣੇ ਤੇ ਹਾਵੀ ਹੋਣ ਦਿੰਦੇ ਹਾਂ ਤਾਂ ਫਿਰ ਇਹ ਵੱਧਦੇ ਵੱਧਦੇ ਅਸਲ ਦਾ ਰੂਪ ਧਾਰਨ ਕਰਨ ਲੱਗ ਪੈਂਦੀਆਂ ਹਨ ।ਸਾਡਾ ਦਿਮਾਗ ਉਸ ਰੱਬ ਦਾ ਵਾਸ ਹੈ ।ਇਹਨੂੰ ਸਾਫ ਸੁਥਰਾ ਰੱਖਦਿਆ ਕੁਦਰਤ ਨਾਲ ਸਾਂਝ ਬਣਾਉਂਦਿਆਂ ਹੀ ਜਿੰਦਗੀਆਂ ਸੰਵਰਦੀਆ ਹੁੰਦੀਆਂ ਨੇ ਤੇ ਇਸ ਸਭ ਨੂੰ ਸਮਾਂ ਤੇ ਚਾਹੀਦਾ ਹੀ ਹੁੰਦਾ ਹੈ ।ਕਦੇ ਕਦੇ ਪਲ ਦੋ ਪਲ ਇਕਾਂਤ ਵਿੱਚ ਬੈਠਦਿਆਂ ਆਪਣੇ ਮਨ ਨੂੰ ਫਰੋਲਦਿਆਂ ਸਭ ਕੁਝ ਲੱਭਿਆ ਜਾ ਸਕਦਾ ਹੈ ।ਇਹ ਹਾਸੇ ਖੁਸ਼ੀਆਂ ਵਿਸ਼ਵਾਸ ਸਭ ਅੰਦਰ ਹੀ ਹੁੰਦੇ ਹਨ ਇਹ ਬਾਹਰ ਦੇ ਵਿਸ਼ੇ ਨਹੀਂ ।ਮਹਿਸੂਸ ਕਰਨ ਤੇ ਪਤਾ ਲੱਗਦੈ ਹਰ ਚੀਜ਼ ਵਿੱਚ ਕਿੰਨਾ ਸੁਹੱਪਣ ਹੈ , ਬਣਾਉਣ ਵਾਲੇ ਨੇ ਕਿਦਾਂ ਰੰਗ ਭਰੇ ਹੋਣੇ ਨੇ, ਉਹ ਆਪ ਕਿੰਨਾ ਸੋਹਣਾ ਹੋਣਾ, ਜਿਹਨੇ ਇੰਨੀ ਸੋਹਣੀ ਧਰਤ ਬਣਾਈ , ਇਹ ਪੱਤੇ , ਫੁੱਲ, ਟਹਿਣੀਆਂ,ਪੱਥਰ, ਪਾਣੀ ,ਤਪਸ਼ ,ਮੀਂਹ ,ਬੱਦਲ ਸਭ ਅਚੰਭਿਤ ਜਿਹੇ ਕਰਦੇ ਰਹਿੰਦੇ ਨੇ ਤੇ ਦਿਲ ਵਿੱਚ ਆਉਂਦਾ ਰਹਿੰਦਾ ਹੈ ਕਿ" ਰੰਗ ਚੁਣ ਚੁਣ ਕਿ ਸਜਾਉਣ ਵਾਲਿਆ ਮੈਂ ਵਾਰੀ ਵਾਰੀ ਆਂ, ਤੇਰੇ ਤੋਂ ਕੁਦਰਤ ਬਣਾਉਣ ਵਾਲਿਆ ,ਮੈਂ ਵਾਰੀ ਵਾਰੀ ਆਂ, ਤੇਰੇ ਤੋਂ ਕੁਦਰਤ ਬਣਾਉਣ ਵਾਲਿਆ "

# No body have time to watch Tv advertisement
# No body have time to read Physical newspapers

It's social time .
Online news, advertisement,
promotion anytime anywhere .
Doesn't matter where are you .

PREETNAMA
ਪ੍ਰੀਤਨਾਮਾ
ਖਰਾ ਸੱਚ

Preetnama provide you your business promotion online worldwide on all social sites even TikTok .

# Advertisement with Preetnama .

**Promote your business with TalkShow**

**We gave social stage to show yourself and your business.**

Business Persons, Doctor, Advocates, VISA, Tour Travel, Actor, Singers, writers come Join or TalkShow and Advertisement with us on national & International based.

Search Just Preetnama

- Youtube
- Facebook
- Twitter
- Instagram
- LinkedIn
- TikTok

No need to go anywhere,
Just leave message on
WhatsApp or email us .
We will call you back.

**Contact us immediately**



Pritpal Kaur

www.preetnama.com
www.preetnews.com

Phone- +1 201-312-4180
Email- preetnamausa@gmail.com